
ਕਵਿਤਾ ਦੀ
ਜੂਨ-ਭੂਮੀ
ਵਿੱਚ ਉਤਰਦਿਆਂ
- ਸੁਖਿੰਦਰ



ਸੁਖਿੰਦਰ

‘ਕਵਿਤਾ ਦੀ ਯੁੱਧ-ਭੂਮੀ ਵਿੱਚ ਉਤਰਦਿਆਂ’ ਕਾਵਿ-ਸੰਗ੍ਰਹਿ ਵਿੱਚ ਸੁਖਿੰਦਰ ਬਦਲ ਰਹੇ ਕਵਿਤਾ ਦੇ ਰੁਝਾਨਾਂ ਬਾਰੇ ਚਰਚਾ ਛੇੜਦਾ ਹੈ. ਇਹ ਇੱਕ ਹਕੀਕਤ ਹੈ ਕਿ, ਸਾਡੇ ਸਮਿਆਂ ਵਿੱਚ, ਹੁਣ ਬਹੁਤ ਸਾਰੇ ਸਾਹਿਤਕਾਰ ਅਤੇ ਆਲੋਚਕ ਵੀ ਸਿਧਾਂਤਹੀਨ ਹੋ ਚੁੱਕੇ ਹਨ. ਜਿਸ ਕਾਰਨ ਅੱਜ ਦਾ ਪਾਠਕ ਵੀ ਵਿਚਾਰਧਾਰਕ ਕਵਿਤਾ ਤੋਂ ਦੂਰ ਹੋ ਰਿਹਾ ਹੈ. ਅੱਜ ਦੇ ਵਧੇਰੇ ਕਵੀ, ਮਹਿਜ਼, ਨਿੱਜਵਾਦ ਨਾਲ ਸਬੰਧਿਤ ਅਤੇ ਰੋਮਾਂਟਿਕ ਕਵਿਤਾ ਲਿਖ ਕੇ ਹੀ ਸੰਤੁਸ਼ਟੀ ਮਹਿਸੂਸ ਕਰ ਰਹੇ ਹਨ. ਪੰਜਾਬੀ ਸਾਹਿਤ ਦੇ ਵਧੇਰੇ ਆਲੋਚਕ ਵੀ ਹੁਣ ਨਿੱਜਵਾਦ ਅਤੇ ਰੋਮਾਂਸ ਤੱਕ ਸੀਮਿਤ ਹੋ ਚੁੱਕੇ ਹਨ. ਉਹ ਵੀ ਅਜਿਹੀ ਕਵਿਤਾ ਨੂੰ ਹੀ ਉਤਸ਼ਾਹਿਤ ਕਰਦੇ ਹਨ ਜੋ ਕਵਿਤਾ ਨਿੱਜਵਾਦ ਅਤੇ ਰੋਮਾਂਸ ਦੇ ਦਾਇਰਿਆਂ ਵਿੱਚ ਹੀ ਘੁੰਮਦੀ ਹੋਵੇ. ਪਿਛਲੇ, ਤਕਰੀਬਨ, 70 ਕੁ ਸਾਲਾਂ ਵਿੱਚ ਲਿਖੀ ਗਈ ਪੰਜਾਬੀ ਕਵਿਤਾ ਵੱਲ ਧਿਆਨ ਮਾਰੀਏ, ਤਾਂ, ਤਕਰੀਬਨ, ਹਰ 10 ਕੁ ਵਰ੍ਹੇ ਬਾਅਦ ਪੰਜਾਬੀ ਕਵਿਤਾ ਦਾ ਰੁਝਾਨ ਬਦਲ ਜਾਂਦਾ ਰਿਹਾ ਹੈ. ਪ੍ਰਗਤੀਵਾਦੀ-ਰੁਮਾਂਸਵਾਦੀ ਕਵਿਤਾ, ਪ੍ਰਯੋਗਸ਼ੀਲ ਕਵਿਤਾ, ਜੁਝਾਰਵਾਦੀ ਕਵਿਤਾ, ਆਧੁਨਿਕ ਕਵਿਤਾ, ਪਰਾ-ਆਧੁਨਿਕ ਕਵਿਤਾ, ਮੂਲ ਤੌਰ ਉੱਤੇ, ਪਿਛਲੇ 70 ਕੁ ਸਾਲ ਦੀ ਪੰਜਾਬੀ ਕਵਿਤਾ ਦੇ ਮੁੱਖ ਰੁਝਾਨ ਰਹੇ ਹਨ. ਪਰ, ਅਜੋਕੇ ਸਮਿਆਂ ਵਿੱਚ ਲਿਖੀ ਜਾ ਰਹੀ ਵਧੇਰੇ ਪੰਜਾਬੀ ਕਵਿਤਾ ਕਿਸੀ ਵੀ ਸੰਕਲਪ, ਸਿਧਾਂਤ, ਵਿਚਾਰਧਾਰਾ, ਨੂੰ ਪੇਸ਼ ਕਰਨ ਵਾਲੀ ਕਵਿਤਾ ਨਹੀਂ ਲੱਗਦੀ. ਮੌਜੂਦਾ ਦੌਰ ਵਿੱਚ ਲਿਖੀ ਜਾ ਰਹੀ ਵਧੇਰੇ ਪੰਜਾਬੀ ਕਵਿਤਾ ਨੂੰ 'ਵਾਹ, ਵਾਹ, ਵਾਹ, ਵਾਹ, ਵਾਹ, ਵਾਹ' ਰੁਝਾਨ ਵਾਲੀ ਕਵਿਤਾ ਕਿਹਾ ਜਾ ਸਕਦਾ ਹੈ. ਅਜੋਕੇ ਸਮਿਆਂ ਦਾ ਪੰਜਾਬੀ ਕਵੀ, ਆਲੋਚਕ ਅਤੇ ਪਾਠਕ, ਤਿੰਨੋਂ ਹੀ, ਇਸ ਰੁਝਾਨ ਨੂੰ ਮੰਨਣ ਵਾਲੇ ਹਨ. ਅਜੋਕੇ ਸਮਿਆਂ ਦੇ ਵਧੇਰੇ ਪੰਜਾਬੀ ਕਵੀਆਂ ਦੀ ਵੀ ਇਹੀ ਖਾਹਿਸ਼ ਹੁੰਦੀ ਹੈ ਕਿ ਪਾਠਕ/ਸਰੋਤੇ ਉਸਦੀ ਕਵਿਤਾ ਪੜ੍ਹਨ/ਸੁਣਨ ਤੋਂ ਬਾਅਦ, ਬਸ, ਵਾਹ, ਵਾਹ, ਵਾਹ, ਵਾਹ, ਵਾਹ, ਜ਼ਰੂਰ ਕਹਿ ਦੇਣ. ਭਾਵੇਂ, ਉਹ, ਕੁਝ ਦੇਰ ਬਾਅਦ, ਹੱਸਦਿਆਂ ਹੱਸਦਿਆਂ ਕਵੀ ਨੂੰ ਇਹ ਵੀ ਕਹਿ ਦੇਣ - 'ਯਾਰ! ਸੱਚ ਪੁੱਛੇਂ ਤਾਂ ਸਾਨੂੰ ਡੱਕਾ ਵੀ ਸਮਝ ਨਹੀਂ ਲੱਗੀ ਕਿ ਤੂੰ ਆਪਣੀਆਂ ਨਜ਼ਮਾਂ ਵਿੱਚ ਕੀ ਕਹਿਣ ਦੀ ਕੋਸ਼ਿਸ਼ ਕਰ ਰਿਹਾ ਸੈਂ?' ਜਿੱਥੋਂ ਤੱਕ ਵਧੇਰੇ ਪੰਜਾਬੀ ਸਾਹਿਤ ਦੇ ਆਲੋਚਕਾਂ ਦਾ ਸਬੰਧ ਹੈ, ਉਨ੍ਹਾਂ ਦਾ ਵੀ ਹਾਲ ਕੁਝ ਇਹੋ ਜਿਹਾ ਹੀ ਹੈ. ਉਹ ਵੀ, ਬਸ, ਇਹੀ ਦੇਖਦੇ ਹਨ ਕਿ ਜੇਕਰ ਕਵੀ ਆਲੋਚਕ ਦੇ ਧੜੇ/ਗਰੁੱਪ ਨਾਲ ਸਬੰਧਤ ਹੈ ਤਾਂ ਉਹ ਕਵੀ ਦੀ ਕਿਤਾਬ ਬਾਰੇ 8/10 ਪੰਨਿਆਂ ਦਾ ਨਿਬੰਧ ਲਿਖ ਦੇਣਗੇ. ਜਿਸ ਨਿਬੰਧ ਵਿੱਚ ਆਲੋਚਕ ਨੇ ਸਿਵਾਏ 'ਵਾਹ, ਵਾਹ, ਵਾਹ, ਵਾਹ, ਵਾਹ' ਤੋਂ ਹੋਰ ਕੁਝ ਨਹੀਂ ਕਿਹਾ ਹੁੰਦਾ. ਆਲੋਚਕ ਨੇ ਆਪਣਾ ਨਿਬੰਧ ਖਤਮ ਕਰਨ ਤੋਂ ਪਹਿਲਾਂ ਇਹ ਵੀ ਜ਼ਰੂਰ ਕਿਹਾ ਹੁੰਦਾ ਹੈ ਕਿ ਕਵੀ ਦੀ ਇਹ ਪੁਸਤਕ ਉਸਨੂੰ ਵਿਸ਼ਵ-ਪੱਧਰ ਦਾ ਕਵੀ ਸਥਾਪਿਤ ਕਰਨ ਵਿੱਚ ਪੂਰੀ ਤਰ੍ਹਾਂ ਕਾਮਯਾਬ ਹੈ. ਕਈ ਆਲੋਚਕ ਤਾਂ ਆਪਣੇ ਨਿਬੰਧ ਦੇ ਆਖਰੀ ਸ਼ਬਦਾਂ ਵਜੋਂ ਇਹ ਗੱਲ ਲਿਖਣੀ ਵੀ ਨਹੀਂ ਭੁੱਲਦੇ - ਮੈਂ ਇਹ ਗੱਲ ਵੀ ਪੂਰੇ ਯਕੀਨ ਨਾਲ ਕਹਿ ਸਕਦਾ ਹਾਂ ਇਹ ਕਾਵਿ-ਪੁਸਤਕ ਇੱਕ ਨਵਾਂ ਕਾਵਿ ਪੈਰਾਡਾਈਮ ਸਿਰਜਦੀ ਹੈ ਅਤੇ ਇਹ ਪੁਸਤਕ ਵੀਹਵੀਂ ਸਦੀ ਦੀ ਕਵਿਤਾ ਦੀ ਅਹਿਮ ਪੁਸਤਕ ਕਹੀ ਜਾ ਸਕਦੀ ਹੈ.

-ਪ੍ਰਕਾਸ਼ਕ

SAPTRISHI
PUBLICATION

ISBN
9 789374 070796
$ 20 ₹200.00

ਕਵਿਤਾ ਦੀ ਯੁੱਧ-ਭੂਮੀ ਵਿੱਚ ਉਤਰਦਿਆਂ

ਸੁਖਿੰਦਰ

ਕਵਿਤਾ ਦੀ ਯੁੱਧ-ਭੂਮੀ ਵਿੱਚ ਉਤਰਦਿਆਂ

(ਕਾਵਿ-ਸੰਗ੍ਰਹਿ)

ਸੁਖਿੰਦਰ ਰਚਿਤ ਪੁਸਤਕਾਂ :

ਵਿਗਿਆਨ :

- ਪੁਲਾੜ, ਸਮਾਂ ਤੇ ਪਦਾਰਥ (1972)
- ਕਾਸਮਿਕ ਕਿਰਨਾਂ ਤੇ ਵਿਸ਼ਵ (1973)
- ਵਿਸ਼ਵ ਚਰਚਾ (1975)

ਕਵਿਤਾ :

- ਸ਼ਹਿਰ, ਧੁੰਦ ਤੇ ਰੌਸ਼ਨੀਆਂ (1974)
- ਲੱਕੜ ਦੀਆਂ ਮੱਛੀਆਂ (1979)
- ਤਿੰਨ ਕੋਣ (ਤਿੰਨ ਕਵੀ) (1979)
- ਤੂਫ਼ਾਨ ਦੀਆਂ ਜੜ੍ਹਾਂ ਵਿੱਚ (1985)
- ਬੁੱਢੇ ਘੋੜਿਆਂ ਦੀ ਆਤਮ-ਕਥਾ (1991)
- ਸ਼ਕਿਜ਼ੋਫ਼ਰੇਨੀਆਂ (1993)
- ਇਹ ਖ਼ਤ ਕਿਸਨੂੰ ਲਿਖਾਂ (1998)
- ਕੁੱਤਿਆਂ ਬਾਰੇ ਕਵਿਤਾਵਾਂ (2006)
- ਪ੍ਰਦੂਸਿਤ ਹਵਾ ਨਾਲ ਸੰਵਾਦ (2006)
- ਗਲੋਬਲੀਕਰਨ (2008)
- ਸਮੋਸਾ ਪਾਲਿਟਿਕਸ (2012)
- ਕਵਿਤਾ ਦੀ ਤਲਾਸ਼ ਵਿੱਚ (2013)
- ਕਵਿਤਾ ਦੀ ਵਾਪਸੀ (2013) (ਸ਼ਾਹਮੁਖੀ)
- ਆਮ ਆਦਮੀ ਦਾ ਇਨਕਲਾਬ (2015)
- ਡਾਇਰੀ ਦੇ ਪੰਨੇ (2016)
- ਲਹੂ ਦਾ ਰੰਗ (ਦੋ ਕਵੀ) (2017)
- ਸ਼ਜ਼ਿਸ਼ੀ ਮੌਸਮ (2018)
- ਕਵਿਤਾ ਕੇ ਸਾਥ ਸਾਥ (ਹਿੰਦੀ) (2018)
- ਬਾਂਦਰ ਨਾਲ ਬਹਿਸ ਕੌਣ ਕਰੇ (2019)
- ਲੌਕਡਾਊਨ (2020)
- ਕਿਸਾਨ ਯੁੱਧ (2020) (ਦੋ ਕਵੀਆਂ ਨਾਲ ਸਾਂਝੀ)
- ਕ੍ਰਾਂਤੀ ਦੀ ਭਾਸ਼ਾ (2022)
- ਵਾਇਰਸ ਪੰਜਾਬ ਦੇ (2023)
- ਜੰਗਬਾਜ਼ਾਂ ਦੇ ਖਿਲਾਫ਼ (2024)
- ਗਿਰਗਟਾਂ ਦਾ ਮੌਸਮ (2025)

ਆਲੋਚਨਾ :

- ਕੈਨੇਡੀਅਨ ਪੰਜਾਬੀ ਸਾਹਿਤ (2010)
- ਕੈਨੇਡੀਅਨ ਪੰਜਾਬੀ ਸਾਹਿਤ (ਭਾਗ ਦੂਜਾ) (2011)
- ਕੈਨੇਡੀਅਨ ਪੰਜਾਬੀ ਸਾਹਿਤ (ਭਾਗ ਤੀਜਾ) (2013)
- ਕ੍ਰਾਂਤੀ ਦੀ ਕਵਿਤਾ (2017)

ਵਾਰਤਕ :

- ਸਿੱਧੀਆਂ ਸਪੱਸ਼ਟ ਗੱਲਾਂ (2010)
- ਮੇਰਾ ਪਾਕਿਸਤਾਨੀ ਸਫ਼ਰਨਾਮਾ (2015)
- ਮੇਰਾ ਪਾਕਿਸਤਾਨੀ ਸਫ਼ਰਨਾਮਾ (2016) (ਸ਼ਾਹਮੁਖੀ)
- ਗੱਲਾਂ ਪਾਕਿਸਤਾਨ ਦੀਆਂ (2019) (ਸ਼ਾਹਮੁਖੀ)
- ਗੱਲਾਂ ਪਾਕਿਸਤਾਨ ਦੀਆਂ (2019) (ਗੁਰਮੁਖੀ)

ਸੰਪਾਦਨਾ:

- ਮਕਤਲ (ਪ੍ਰਗਤੀਵਾਦੀ ਕਵਿਤਾ) (ਸਹਿ ਸੰਪਾਦਨਾ) (1982)
- ਬਘਿਆੜਾਂ ਦੇ ਵੱਸ (ਕੈਨੇਡੀਅਨ ਪੰਜਾਬੀ ਕਵਿਤਾ) (1986)
- ਮੇਰੀਆਂ ਝਾਂਜਰਾਂ ਦੀ ਛਨਛਨ (ਦਵਿੰਦਰ ਬਾਂਸਲ ਦੀ ਕੋਲਾਜ ਕਿਤਾਬ) (1999)
- ਅੰਦੋਲਨ, ਮੇਲਾ ਨਹੀਂ ਹੁੰਦਾ (52 ਕਵੀਆਂ ਦੀਆਂ ਕਵਿਤਾਵਾਂ) (2022)
- ਪੰਜਾਬੀ ਸਾਹਿਤਕ ਭ੍ਰਿਸ਼ਟਾਚਾਰ : ਖੁੱਲ੍ਹੇ ਭੇਤ (ਆਲੋਚਨਾ) (2022)
- ਸੁਖਿੰਦਰ ਦੀ ਕਾਵਿ-ਸੰਵੇਦਨਾ (ਆਲੋਚਨਾ) (2023)
- ਪੰਜਾਬੀ ਸਾਹਿਤ ਅਤੇ ਸਭਿਆਚਾਰ (ਨਿਬੰਧ) (ਸਹਿ-ਸੰਪਦਨਾ) (2023)
- ਪੰਜਾਬੀ ਬੋਲੀ ਅਤੇ ਵਿਰਸਾ (ਨਿਬੰਧ) (ਸਹਿ-ਸੰਪਾਦਨਾ) (2024)
- ਸਮਕਾਲੀ ਪੰਜਾਬੀ ਕਵਿਤਾ : ਸੀਮਾ ਅਤੇ ਸੰਭਾਵਨਾਵਾਂ (2025)
- ਮੈਂ ਕਿਉਂ ਲਿਖਦਾ ਹਾਂ (ਨਿਬੰਧ) (2026)

ਨਾਵਲ :

- ਅਲਾਰਮ ਕਲਾਕ (2003)
- ਕਰੋਨਾ ਕਾਫਲੇ (2021)
- ਹੜ੍ਹ (2025)

ਬੱਚਿਆਂ ਲਈ :

- ਅਨੀਤਾ ਆਂਟੀ ਅਤੇ ਬੱਚੇ (2004)

English :

- Children Are Not Hamburger Meat (Poetry) (2005)
- Alarm Clock (Novel) (2024)

ਕਵਿਤਾ ਦੀ ਯੁੱਧ-ਭੂਮੀ ਵਿੱਚ ਉਤਰਦਿਆਂ

(ਕਾਵਿ-ਸੰਗ੍ਰਹਿ)

ਸੁਖਿੰਦਰ

ਸਪਤਰਿਸ਼ੀ ਪਬਲੀਕੇਸ਼ਨ

Copyright © 2026 Sukhinder

Kavita Di Yudh-Bhoomi Vich Utardiyan

(Poetry)

Sukhinder
P.O. Box 59096
RPO Westwood Mall
Mississauga ON. L4T 4J1
Canada
Tel. (416) 858-7077
poet_sukhinder@hotmail.com

***ISBN :* 978-93-7407-079-6**

First Edition :
2026

Price :
$20 (In Canada & U.S.A.)
Rs. 200 (In India)

Published by :

Published by
Saptrishi Publication
Plot No. 25/6, Industrial Area, Phase-2,
Near Tribune Chowk, Chandigarh.
E-mail-: sapatrishi94@gmail.com
Visit us at : www.saptrishipublication.com
94638-36591, 77174-65715
All rights reserved. No part of this book may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the Publisher and Author
Printed at Saptrishi Printer

ਸਮਰਪਣ

ਦੇਸ-ਬਦੇਸ ਵਿੱਚ ਵੱਸਦੇ
ਸਮਕਾਲੀ ਪੰਜਾਬੀ ਕਵਿਤਾ ਦੇ
ਸੁਹਿਰਦ ਪਾਠਕਾਂ
ਅਤੇ
ਆਲੋਚਕਾਂ
ਨੂੰ

ਤਤਕਰਾ

■	ਭੂਮਿਕਾ ਵਰਗੇ ਕੁਝ ਸ਼ਬਦ	11
1.	ਕਵਿਤਾ ਦੀ ਯੁੱਧ-ਭੂਮੀ ਵਿੱਚ ਉਤਰਦਿਆਂ	13
2.	ਕਲੱਸਟਰ ਮਿਜ਼ਾਈਲਾਂ ਵਰਗੀਆਂ ਨਜ਼ਮਾਂ	17
3.	ਇੱਕ ਲੇਖਕ ਦਾ ਹਲਫ਼ਨਾਮਾ	20
4.	ਕਵਿਤਾ ਡਰ ਰਹੀ ਹੈ	22
5.	ਕਵਿਤਾ ਨੂੰ ਤਾੜੀਆਂ ਦੀ ਉਡੀਕ ਨਹੀਂ	25
6.	ਕਵਿਤਾ ਦਾ ਸਫ਼ਰ	27
7.	ਸ਼ਬਦਾਂ ਦੀ ਸ਼ਕਤੀ	29
8.	ਮੇਰੀਆਂ ਕਵਿਤਾਵਾਂ	31
9.	ਸਭਿਆਚਾਰ ਦੀਆਂ ਜੜ੍ਹਾਂ	32
10.	ਸਰਬੱਤ ਦਾ ਭਲਾ	35
11.	ਜ਼ਮੀਰ ਦੀ ਆਵਾਜ਼	37
12.	ਕਾਤਲਾਂ ਦੀ ਪਹਿਚਾਣ	40
13.	ਅਪਣਾਪਨ	42
14.	ਬਘਿਆੜਾਂ ਦੇ ਹਵਾਲੇ	44
15.	ਸ਼ਿਕਾਰੀ	47
16.	ਸਭਿਆਚਾਰ ਦਾ ਕਤਲ	50
17.	ਚੀਕਾਂ ਕਢਾ ਦਿਆਂਗੇ	52
18.	ਨੇਤਾ	56
19.	ਧਰਮੀ ਲੁਟੇਰਾ ਸਿੰਡੀਕੇਟ	58
20.	ਯੁੱਧ, ਨਸ਼ਿਆਂ ਵਿਰੁੱਧ	61
21.	ਕਾਲੀ ਦਾਲ	64
22.	ਹਾਲ ਮੁਰੀਦਾਂ ਦਾ	67

23. ਗੁਰੂ, ਤਲਵਾਰ, ਸ਼ਬਦ 69
24. ਚੜ੍ਹਦੀ ਕਲਾ 71
25. ਵਿਰਾਸਤੀ ਤਰੱਕੀ 73
26. ਚੌਧਰ ਦੀ ਭੁੱਖ 75
27. ਚੰਬਲ ਘਾਟੀ ਦੇ ਡਾਕੂ 78
28. ਬੇਬੇ 81
29. ਟੰਨ ਟਨਾ ਟਨ 82
30. ਗੈਂਗਸਟਰਾਂ ਦੀ ਸਮਾਨੰਤਰ ਸਲਤਨਤ 85
31. ਗੈਂਗਸਟਰ ਪੰਜਾਬ ਦੇ 87
32. ਪੰਜਾਬੀਆਂ ਦਾ ਸੁਭਾਅ 90
33. ਫਿਰੌਤੀ ਸਭਿਆਚਾਰ 93
34. ਚੁੱਪ ਰਹਿਣ ਦਾ ਵੇਲਾ 96
35. ਸਵਰਗ ਤੋਂ ਨਰਕ ਤੱਕ ਦਾ ਅਹਿਸਾਸ 99
36. ਕਬੱਡੀ ਖੇਡ ਦੇ ਰੱਬ 102
37. ਅਫਵਾਹ 105
38. ਕਬੱਡੀ ਟੂਰਨਾਮੈਂਟ 108
39. ਧਰਮ ਦਾ ਤੰਦੂਰ 110
40. ਧਾਰਮਿਕ ਗ੍ਰੰਥਾਂ ਦੀ ਸੰਭਾਲ ਦਾ ਮਸਲਾ 113
41. ਬੇਅਦਬੀ ਸ਼ਬਦ ਦੀ ਖੇਡ 116
42. ਬੁਖਲਾਹਟ 119
43. ਕਤਲ 121
44. ਇੱਕ ਕੁੜੀ ਦਾ ਕਤਲ 123
45. ਨਾਅਰਾ 125
46. ਅੱਗ ਲਗਾਊ ਮਹਿਕਮਾ 128
47. ਫਸਾਦਾਂ ਦੀ ਜੜ੍ਹ 131
48. ਮਾਹੌਲ ਨੂੰ ਅੱਗ ਲਗਾਉਣ ਵਾਲੇ 134
49. ਖੱਪਖਾਨਾ ਮਹਿਕਮਾ 136

50. ਆਪਣੇ ਲੋਕਾਂ ਦੀ ਸਰਕਾਰ 139
51. ਚੱਲੇ ਹੋਏ ਕਾਰਤੂਸ 141
52. ਪੁਤਲੀਆਂ ਦਾ ਤਮਾਸ਼ਾ 143
53. ਲਾਹਣਤਾਂ ਦੀ ਰਾਜਨੀਤੀ 145
54. ਚਿੱਟਾ ਰਾਜਨੀਤਿਕ ਪਾਰਟੀ 148
55. ਠੱਗ 151
56. ਫੁਕਰੀਆਂ ਦੀ ਟੋਲੀ 154
57. ਪਾਣੀ ਬੰਬ 156
58. ਫੇਕ ਐਨਕਾਊਂਟਰ ਕਲਚਰ 159
59. ਚਾਪਲੂਸ ਸਮਿਆਂ ਦੀ ਕਥਾ 161
60. ਜੁੰਡਲੀ 164
61. ਸਾਡੇ ਸਮਿਆਂ ਦੇ ਕਵੀ 167
62. ਸੱਚੇ ਪਾਤਸ਼ਾਹ ਦੀ ਮਿਹਰ 170
63. ਗਾਉਂਦਾ ਕਵੀ ਦਰਬਾਰ 172
64. ਸਾਹਿਤ ਅਕੈਡਮੀਆਂ 174
65. ਵਾਹ ਜੀ ਵਾਹ 177
66. ਜਾਨਵਰਾਂ ਦੀ ਆਜ਼ਾਦੀ 180
67. ਗਾਵਾਂ, ਬਾਂਦਰਾਂ, ਕੁੱਤਿਆਂ, ਦਾ ਦੇਸ 183
68. ਆਸਤੀਨ ਦੇ ਸੱਪ 185
69. ਧਮਾਕਾ 188
70. ਕਥਾ ਇੱਕ ਇਸ਼ਕ ਦੀ 192
71. ਸਾਡਾ ਗਵਾਂਢੀ ਦੇਸ਼ 196
72. ਸ਼ਰਮ ਦੀ ਲੋਈ 199
73. ਧੁਖਦੀ ਅੱਗ ਅਜੇ ਭਾਂਬੜ ਬਣੇਗੀ 202
74. ਵਿਸ਼ਵ-ਯੁੱਧ ਵੱਲ ਵਧ ਰਹੇ ਕਦਮ 204
75. ਚਿੜੀਆਂ ਦਾ ਮਰਨ ਗੰਵਾਰਾਂ ਦਾ ਹਾਸਾ 206
76. ਅਨਪੜ੍ਹ, ਉਜੱਡ, ਬਲੌਗਰ 208

77. ਜੰਗ ਦੀਆਂ ਧਰਾਤਲਾਂ 212
78. ਮੌਤ ਦੇ ਵਿਉਪਾਰੀ 214
79. ਵਿਚਾਰ ਆਪੋ ਆਪਣੇ 217
80. ਸਮੂਹਕ ਆਵਾਜ਼ ਦੀ ਤਪ੍ਤ 220
81. ਤੇਲ ਪੀਣਾ ਦੈਂਤ 222
82. ਵਿਗੜਿਆ ਹੋਇਆ ਬੱਚਾ 224
83. ਸਾਰੀ ਧਰਤੀ ਇੱਕ ਪਿੰਡ 226
84. ਆਦਮ-ਬੋਅ, ਆਦਮ-ਬੋਅ, ਕਰਦੇ ਹਤਿਆਰੇ 228
85. ਬਾਂਦਰ ਦੇ ਹੱਥ ਮਾਚਿਸ ਦੀ ਤੀਲੀ 230
86. ਇੱਕ ਵੀਅਤਨਾਮ ਹੋਰ 232
87. ਧਮਕੀਆਂ 234
88. ਖੋਤਾ ਰਾਜਸਿੰਘਾਸਨ ਉੱਤੇ 236
89. ਗਧਾ ਧਰਮੀ ਅਦਾਲਤ 238
90. ਰਾਜਨੀਤਿਕ ਆਸਤੀਨਾਂ ਦੇ ਸੱਪ 241
91. ਧਰਮੀ ਨਫ਼ਰਤ ਦੀ ਅੱਗ ਦੇ ਭਾਂਬੜ 243
92. ਖਾਕੀ ਨਿੱਕਰਾਂ ਦਾ ਮੌਸਮ 245
93. ਕਿੱਲੇ ਉੱਤੇ ਬੱਝਿਆ ਬਾਂਦਰ 247
94. ਕਾਤਲ ਆਉਣਗੇ 250
95. ਫੱਫੇਕੁਟਣੀ 253
96. ਚੁਬਾਰੇ ਦੀਆਂ ਗਸ਼ਤੀਆਂ 255
97. ਉਜੱਡ 257
98. ਔਰੰਗਜ਼ੇਬ ਮੁੜ ਤਖਤ ਉੱਤੇ 259
99. ਦੁਰਦਸ਼ਾ 261
100. ਸੌਂ ਗਏ, ਸਭ 264
101. ਗੰਗਾ ਰਾਮ 266
102. ਧਰਮੀ ਤਵਾਇਫਾਂ 268
103. ਊਲ-ਜਲੂਲ ਕਵਿਤਾ 271

104. ਸਤਲੁਜ 274
105. ਨੈਤਿਕਤਾ 276
106. ਕਵਿਤਾ ਬੋਲਦੀ ਹੈ 279
107. ਇਹ ਸਭ ਆਪਣੇ ਹੀ ਬੰਦੇ ਨੇ 283
108. ਸਾਹਿਤ ਸਭਾ ਦਾ ਐਲਾਨਨਾਮਾ 285
109. ਬੌਣੇ ਲੋਕਾਂ ਦੀ ਸਭਾ 287
110. ਬਰੈਂਪਟਨ ਨੂੰ ਮੋਗਾ ਹੀ ਸਮਝਦੇ ਹਾਂ 290
111. ਗਿਰਝਾਂ ਦਾ ਮੌਸਮ 293
112. ਗਿਰਝਾਂ ਦਾ ਮੇਲਾ 296

ਭੂਮਿਕਾ ਵਰਗੇ ਕੁਝ ਸ਼ਬਦ

ਪਿਛਲੇ, ਤਕਰੀਬਨ, 70 ਕੁ ਸਾਲਾਂ ਵਿੱਚ ਲਿਖੀ ਗਈ ਪੰਜਾਬੀ ਕਵਿਤਾ ਵੱਲ ਧਿਆਨ ਮਾਰੀਏ, ਤਾਂ, ਤਕਰੀਬਨ, ਹਰ 10 ਕੁ ਵਰ੍ਹੇ ਬਾਅਦ ਪੰਜਾਬੀ ਕਵਿਤਾ ਦਾ ਰੁਝਾਨ ਬਦਲ ਜਾਂਦਾ ਰਿਹਾ ਹੈ.

ਪ੍ਰਗਤੀਵਾਦੀ-ਰੁਮਾਂਸਵਾਦੀ ਕਵਿਤਾ, ਪ੍ਰਯੋਗਸ਼ੀਲ ਕਵਿਤਾ, ਜੁਝਾਰਵਾਦੀ ਕਵਿਤਾ, ਆਧੁਨਿਕ ਕਵਿਤਾ, ਪਰਾ-ਆਧੁਨਿਕ ਕਵਿਤਾ, ਮੂਲ ਤੌਰ ਉੱਤੇ, ਪਿਛਲੇ 70 ਕੁ ਸਾਲ ਦੀ ਪੰਜਾਬੀ ਕਵਿਤਾ ਦੇ ਮੁੱਖ ਰੁਝਾਨ ਰਹੇ ਹਨ.

ਪਰ, ਅਜੋਕੇ ਸਮਿਆਂ ਵਿੱਚ ਲਿਖੀ ਜਾ ਰਹੀ ਵਧੇਰੇ ਪੰਜਾਬੀ ਕਵਿਤਾ ਕਿਸੀ ਵੀ ਸੰਕਲਪ, ਸਿਧਾਂਤ, ਵਿਚਾਰਧਾਰਾ, ਨੂੰ ਪੇਸ਼ ਕਰਨ ਵਾਲੀ ਕਵਿਤਾ ਨਹੀਂ ਲੱਗਦੀ. ਵਧੇਰੇ ਪੰਜਾਬੀ ਕਵੀ ਸਿਧਾਂਤਹੀਣ ਕਵਿਤਾ ਹੀ ਲਿਖ ਰਹੇ ਹਨ.

ਮੌਜੂਦਾ ਦੌਰ ਵਿੱਚ ਲਿਖੀ ਜਾ ਰਹੀ ਵਧੇਰੇ ਪੰਜਾਬੀ ਕਵਿਤਾ ਨੂੰ 'ਵਾਹ, ਵਾਹ, ਵਾਹ, ਵਾਹ, ਵਾਹ, ਵਾਹ' ਰੁਝਾਨ ਵਾਲੀ ਕਵਿਤਾ ਕਿਹਾ ਜਾ ਸਕਦਾ ਹੈ.

ਅਜੋਕੇ ਸਮਿਆਂ ਦਾ ਪੰਜਾਬੀ ਕਵੀ, ਆਲੋਚਕ ਅਤੇ ਪਾਠਕ, ਤਿੰਨੋਂ ਹੀ, ਇਸ ਰੁਝਾਨ ਨੂੰ ਮੰਨਣ ਵਾਲੇ ਹਨ.

ਅਜੋਕੇ ਸਮਿਆਂ ਦੇ ਵਧੇਰੇ ਪੰਜਾਬੀ ਕਵੀਆਂ ਦੀ ਵੀ ਇਹੀ ਖਾਹਿਸ਼ ਹੁੰਦੀ ਹੈ ਕਿ ਪਾਠਕ/ਸਰੋਤੇ ਉਸਦੀ ਕਵਿਤਾ ਪੜ੍ਹਨ/ਸੁਨਣ ਤੋਂ ਬਾਅਦ, ਬਸ, ਵਾਹ, ਵਾਹ, ਵਾਹ, ਵਾਹ, ਵਾਹ, ਜ਼ਰੂਰ ਕਹਿ ਦੇਣ.

ਭਾਵੇਂ, ਉਹ, ਕੁਝ ਦੇਰ ਬਾਅਦ, ਹੱਸਦਿਆਂ ਹੱਸਦਿਆਂ, ਕਵੀ ਨੂੰ ਇਹ ਵੀ ਕਹਿ ਦੇਣ – 'ਯਾਰ! ਸੱਚ ਪੁੱਛੇਂ ਤਾਂ ਸਾਨੂੰ ਡੱਕਾ ਵੀ ਸਮਝ ਨਹੀਂ ਲੱਗੀ ਕਿ ਤੂੰ ਆਪਣੀਆਂ ਨਜ਼ਮਾਂ ਵਿੱਚ ਕੀ ਕਹਿਣ ਦੀ ਕੋਸ਼ਿਸ਼ ਕਰ ਰਿਹਾ ਸੈਂ?'

ਜਿੱਥੋਂ ਤੱਕ ਵਧੇਰੇ ਪੰਜਾਬੀ ਸਾਹਿਤ ਦੇ ਆਲੋਚਕਾਂ ਦਾ ਸਬੰਧ ਹੈ, ਉਨ੍ਹਾਂ ਦਾ ਵੀ ਹਾਲ ਕੁਝ ਇਹੋ ਜਿਹਾ ਹੀ ਹੈ.

ਉਹ ਵੀ, ਬਸ, ਇਹੀ ਦੇਖਦੇ ਹਨ ਕਿ ਜੇਕਰ ਕਵੀ ਆਲੋਚਕ ਦੇ ਧੜੇ/ਗਰੁੱਪ ਨਾਲ ਸਬੰਧਤ ਹੈ ਤਾਂ ਉਹ ਕਵੀ ਦੀ ਕਿਤਾਬ ਬਾਰੇ 8/10 ਪੰਨਿਆਂ ਦਾ ਨਿਬੰਧ ਲਿਖ ਦੇਣਗੇ. ਜਿਸ ਨਿਬੰਧ ਵਿੱਚ ਆਲੋਚਕ ਨੇ ਸਿਵਾਏ 'ਵਾਹ, ਵਾਹ, ਵਾਹ, ਵਾਹ, ਵਾਹ' ਤੋਂ ਹੋਰ ਕੁਝ ਨਹੀਂ ਕਿਹਾ ਹੁੰਦਾ. ਆਲੋਚਕ ਨੇ ਆਪਣਾ ਨਿਬੰਧ ਖਤਮ ਕਰਨ ਤੋਂ ਪਹਿਲਾਂ ਇਹ ਵੀ ਜ਼ਰੂਰ ਕਿਹਾ ਹੁੰਦਾ ਹੈ ਕਿ ਕਵੀ ਦੀ ਇਹ ਪੁਸਤਕ ਉਸਨੂੰ ਵਿਸ਼ਵ-ਪੱਧਰ ਦਾ ਕਵੀ ਸਥਾਪਿਤ ਕਰਨ ਵਿੱਚ ਪੂਰੀ ਤਰ੍ਹਾਂ ਕਾਮਯਾਬ ਹੈ. ਮੈਂ ਇਹ ਗੱਲ ਵੀ ਪੂਰੇ ਯਕੀਨ ਨਾਲ ਕਹਿ ਸਕਦਾ ਹਾਂ ਕਿ ਇਹ ਕਾਵਿ ਪੁਸਤਕ ਵੀਹਵੀਂ ਸਦੀ ਦੀ ਅਹਿਮ ਕਵਿਤਾ ਦੀ ਪੁਸਤਕ ਕਹੀ ਜਾ ਸਕਦੀ ਹੈ.

-ਸੁਖਿੰਦਰ

ਅਕਤੂਬਰ 12, 2026
ਸੰਪਾਦਕ : ਸੰਵਾਦ, ਮਾਲਟਨ, ਕੈਨੇਡਾ

ਕਵਿਤਾ ਦੀ ਯੁੱਧ-ਭੂਮੀ ਵਿੱਚ ਉਤਰਦਿਆਂ

ਸਾਡੇ ਸਮਿਆਂ ਵਿੱਚ
ਕਵਿਤਾ ਲਿਖਣਾ
ਯੁੱਧ-ਭੂਮੀ ਵਿੱਚ
ਉਤਰਨਾ ਹੀ ਹੈ-

ਜ਼ਿੰਦਗੀ ਦੇ ਹਰ ਖੇਤਰ ਵਿੱਚ ਹੀ
ਮਾਸ ਖਾਣੀਆਂ, ਗਿਰਝਾਂ ਦੇ ਝੁੰਡ
ਉੱਡ ਰਹੇ ਹਨ

ਰਾਜਨੀਤੀ, ਹੁਣ
ਭ੍ਰਿਸ਼ਟ, ਲਹੂ-ਪੀਣੇ, ਖੂੰਖਾਰ, ਗੈਂਗਸਟਰ ਗੋ੍ਹਾਂ ਦਾ
ਧੰਦਾ ਬਣ ਕੇ ਰਹਿ ਗਈ ਹੈ

ਵਿਉਪਾਰਕ ਅਦਾਰੇ, ਹੁਣ
ਯੁਵਕਾਂ ਨੂੰ, ਰੁਜ਼ਗਾਰ ਦੇਣ ਦੇ ਨਾਮ ਉੱਤੇ
ਉਨ੍ਹਾਂ ਦੀ, ਮਾਨਸਿਕ, ਸਰੀਰਕ, ਆਰਥਿਕ
ਲੁੱਟ ਕਰਨ ਦੇ ਅੱਡੇ
ਬਣ ਚੁੱਕੇ ਹਨ

ਧਾਰਮਿਕ ਸੰਸਥਾਵਾਂ, ਹੁਣ
ਧਾਰਮਿਕ ਮੱਠਾਂ ਦੀਆਂ, ਗੋਲਕਾਂ ਲੁੱਟਣ ਵਾਲੇ
ਚੰਬਲ ਘਾਟੀ ਦੇ, ਡਾਕੂਆਂ ਦੇ
ਰੈਣ-ਬਸੇਰੇ ਬਣ ਚੁੱਕੇ ਹਨ

ਵਿੱਦਿਅਕ ਅਦਾਰੇ, ਹੁਣ
ਗਿਆਨ, ਵਿਗਿਆਨ, ਭਾਸ਼ਾ, ਦੇ ਨਾਮ ਉੱਤੇ

ਖੋਖਲੇ, ਨੈਤਿਕ, ਭਾਸ਼ਨ ਦੇਣ ਵਾਲੇ
ਬਲਾਤਕਾਰੀ, ਬਾਬਿਆਂ ਦੀਆਂ
ਗੁਫ਼ਾਵਾਂ ਬਣ ਚੁੱਕੇ ਹਨ
ਸਾਹਿਤਕ ਅਦਾਰੇ, ਹੁਣ
ਇਨਾਮਾਂ, ਸਨਮਾਨਾਂ, ਐਵਾਰਡਾਂ, ਸਿਰੋਪਿਆਂ, ਲਈ
ਪੂਛਾਂ ਹਿਲਾਂਦੇ, ਮੂੰਹੋਂ 'ਚੋਂ ਲਾਲਾਂ ਸੁੱਟਦੇ
ਲੇਖਕਾਂ, ਬੁੱਧੀਜੀਵੀਆਂ, ਆਲੋਚਕਾਂ, ਲਈ
ਮਹਿਜ਼, ਆਪਣੇ, ਧੜੇਬੰਦਕ, ਅੰਧਭਗਤ, ਚਮਚਾਗੀਰ
ਮੈਂ ਮੈਂ ਮੈਂ ਮੈਂ ਮੈਂ ਕਰਨ ਵਾਲੇ, ਮੇਮਣੇ
ਤਿਆਰ ਕਰਨ ਦੇ
ਸਿਖਲਾਈ ਕੇਂਦਰ ਬਣ ਚੁੱਕੇ ਹਨ

ਵਿਸ਼ਵ-ਵਿਦਿਆਲੇ, ਹੁਣ
ਨਕਲੀ ਡਿਗਰੀਆਂ ਛਾਪ ਛਾਪ ਵੰਡਣ ਵਾਲੇ
ਛਾਪੇਖਾਨੇ ਬਣ ਚੁੱਕੇ ਹਨ
ਜਿੱਥੇ, ਖੋਜ-ਪੱਤਰ ਲਿਖਣ ਦੇ ਪਰਦੇ ਹੇਠ
ਰੈੱਡ ਲਾਈਟ ਏਰੀਏ ਵਾਂਗ
ਜਿਸਮ-ਫਰੋਸ਼ੀ ਦੇ ਸੌਦੇ ਹੁੰਦੇ ਹਨ

ਸਾਹਿਤ ਸਭਾਵਾਂ, ਹੁਣ
ਗ਼ੈਰ-ਸਾਹਿਤਕ ਲੋਕਾਂ ਲਈ, ਖ਼ੈਦੋ-ਫਰੋਖਤ ਕਰ
ਪ੍ਰਧਾਨਗੀ ਮੰਡਲਾਂ ਦੀਆਂ ਕੁਰਸੀਆਂ ਉੱਤੇ ਬੈਠ
ਹੰਕਾਰ ਦੇ ਭਰੇ, ਸਾਹਿਤਕ ਅਹੁਦੇਦਾਰਾਂ ਵੱਲੋਂ
ਨਿੱਤ, ਜੀ ਹਜ਼ੂਰੀ ਕਰਨ ਵਾਲੇ, ਸ਼ਬਦ
ਉਚਾਰਨ ਦੀਆਂ, ਮਹਿਜ਼
ਨੌਟੰਕੀ ਰੰਗ-ਸ਼ਾਲਾਵਾਂ ਬਣ ਚੁੱਕੀਆਂ ਹਨ

ਆਲੋਚਕ, ਹੁਣ
ਸਾਹਿਤਕ ਲਿਖਤਾਂ ਦੀ ਪਰਖ-ਪੜਚੋਲ ਕਰਨ ਵੇਲੇ
ਬਸ, ਇਹੀ ਵੇਖਦੇ ਹਨ, ਕੋਈ ਲੇਖਕ
ਮੇਰਾ ਜੀ ਹਜ਼ੂਰੀਆ ਹੈ
ਮੇਰੀ ਸੇਵਾ ਲਈ
ਵਿਸਕੀ ਦੀ ਬੋਤਲ, ਤੰਦੂਰੀ ਮੁਰਗਾ, ਡਾਲਰਾਂ ਦੀ ਥੈਲੀ
ਮੇਰੇ ਕੌਫੀ ਟੇਬਲ ਉੱਤੇ ਪਰੋਸ ਗਿਆ ਹੈ

ਪੁਲਿਸ ਥਾਣਿਆਂ ਵਿਚ, ਹੁਣ
ਪੁਲਿਸ ਅਫਸਰਾਂ ਦੀਆਂ ਕੁਰਸੀਆਂ ਉੱਤੇ
ਗੈਂਗਸਟਰ, ਡਰੱਗ ਸਮੱਗਲਰ, ਬਲਾਤਕਾਰੀ, ਹੀ
ਸਸ਼ੋਬਤ ਹਨ, ਉਹੀ ਫੈਸਲੇ ਕਰਦੇ ਹਨ
ਕਿਸੀ, ਕਾਤਲ, ਬਲਾਤਕਾਰੀ, ਡਰੱਗ ਸਮੱਗਲਰ, ਗੈਂਗਸਟਰ, ਨੂੰ
ਮੁੜ, ਸਮਾਜ ਵਿੱਚ, ਕੋਈ
ਘਟਨਾ ਵਰਤਾਉਣ ਲਈ
ਕਦੋਂ, ਭੇਜਣਾ ਹੈ

ਵਿਸ਼ਵ ਸਾਹਿਤਕ ਸੰਮੇਲਨਾਂ ਦੇ ਨਾਮ ਉੱਤੇ, ਹੁਣ
ਮਹਿਜ਼, ਬਦੇਸ਼ੀ ਧਰਤੀਆਂ ਦੇ ਸੈਰ-ਸਪਾਟੇ ਲਈ
ਵੀਜ਼ੇ ਵਿਕਦੇ ਹਨ, ਡਾਲਰਾਂ, ਪੌਂਡਾਂ, ਦੇ
ਅਦਾਨ-ਪ੍ਰਦਾਨ ਹੁੰਦੇ ਹਨ

ਸਾਹਿਤਕ, ਸਮਾਜਿਕ, ਸਭਿਆਚਾਰਕ, ਰਾਜਨੀਤਿਕ, ਖੰਭਿਆਂ ਉੱਤੇ, ਹੁਣ
ਉੱਲੂ, ਇਸ ਤਰ੍ਹਾਂ, ਕਾਬਿਜ ਹੋ ਚੁੱਕੇ ਹਨ
ਹਰ ਤਰਫ਼, ਬਸ, ਇਸ
ਗੀਤ ਦੇ ਬੋਲ ਹੀ
ਗੂੰਜ ਰਹੇ ਸੁਣਾਈ ਦਿੰਦੇ ਹਨ:
'ਹਰ ਬ੍ਰਿਖ ਦੀ, ਹਰ ਸ਼ਾਖ 'ਤੇ

ਉੱਲੂ ਬੈਠਾ ਹੈ, ਹੁਣ
ਇਸ, ਖੂਬਸੂਰਤ ਬਾਗ਼ ਦਾ
ਕੀ ਬਣੇਗਾ'

ਕਵਿਤਾ ਦੀ ਯੁੱਧ-ਭੂਮੀ ਵਿੱਚ ਉਤਰਦਿਆਂ
ਹੁਣ, ਤੁਹਾਨੂੰ, ਪਲ ਪਲ
ਇਸ ਗੱਲ ਵੱਲੋਂ, ਸੁਚੇਤ ਰਹਿਣਾ ਪੈਂਦਾ ਹੈ

ਇਸ, ਭਿਆਨਕ ਮਾਹੌਲ ਵਿੱਚ
ਤੁਹਾਡੇ ਵੱਲ, ਕਿਸੇ ਵੀ ਦਿਸ਼ਾ ਤੋਂ
ਕੋਈ, ਜ਼ਹਿਰ ਭਰਿਆ
ਤੀਰ ਆ ਸਕਦਾ ਹੈ
ਜੋ, ਤੁਹਾਨੂੰ, ਪਲਾਂ ਵਿੱਚ ਹੀ
ਮਿੱਟੀ ਦਾ ਢੇਰ ਬਣਾ ਸਕਦਾ ਹੈ
■

(ਮਾਲਟਨ, ਜਨਵਰੀ 31, 2026)

ਕਲੱਸਟਰ ਮਿਜ਼ਾਈਲਾਂ ਵਰਗੀਆਂ ਨਜ਼ਮਾਂ

ਕਵਿਤਾ ਦੀ ਯੁੱਧ-ਭੂਮੀ ਵਿੱਚ ਉਤਰਦਿਆਂ
ਮੇਰੀਆਂ ਨਜ਼ਮਾਂ, ਕਲੱਸਟਰ ਮਿਜ਼ਾਈਲਾਂ ਵਾਂਗ
ਇੱਕੋ ਹੀ ਸਮੇਂ ਵਿੱਚ, ਬਹੁ-ਦਿਸ਼ਾਵੀ ਬਣ
ਪ੍ਰਦੂਸ਼ਿਤ ਮਾਹੌਲ ਦੇ, ਅਨੇਕਾਂ ਵਰਤਾਰਿਆਂ ਉੱਤੇ
ਗੁਰੀਲਾ ਵਿਸਫੋਟ ਕਰਦੀਆਂ ਹਨ

ਕਮਜ਼ੋਰ ਦਿਲ, ਕਵਿਤਾ ਦੇ ਪਾਠਕ
ਇਸੀ ਕਾਰਨ ਹੀ, ਮੇਰੀਆਂ ਨਜ਼ਮਾਂ ਤੋਂ
ਇੱਕ ਫਾਸਲਾ ਬਣਾ ਕੇ ਚੱਲਦੇ ਹਨ-
ਉਨ੍ਹਾਂ ਨੂੰ ਡਰ ਹੁੰਦਾ ਹੈ, ਇਹ
ਨਜ਼ਮਾਂ, ਉਨ੍ਹਾਂ ਦੇ, ਦਿਮਾਗਾਂ ਵਿੱਚ ਵੜ
ਉਨ੍ਹਾਂ ਦੇ, ਦਿਮਾਗ਼ਾਂ ਨੂੰ
ਚੀਥੜਾ ਚੀਥੜਾ ਨ ਕਰ ਦੇਣ

ਮੇਰੀਆਂ ਨਜ਼ਮਾਂ ਦਾ ਪਹਿਲਾ ਨਿਸ਼ਾਨਾ
ਭ੍ਰਿਸ਼ਟ ਧਾਰਮਿਕ ਮਹੰਤ ਹੁੰਦੇ ਹਨ
ਜੋ, ਧਰਮੀ ਮੱਠਾਂ ਦੀਆਂ ਗੋਲਕਾਂ ਨੂੰ
ਚੰਬਲ ਘਾਟੀ ਦੇ ਡਾਕੂਆਂ ਵਾਂਗ ਲੁੱਟਦੇ ਹਨ

ਮੇਰੀਆਂ ਨਜ਼ਮਾਂ ਦਾ ਦੂਜਾ ਨਿਸ਼ਾਨਾ
ਲੁਟੇਰੇ ਰਾਜਨੀਤੀਵਾਨ ਹੁੰਦੇ ਹਨ
ਜੋ, ਮਜਦੂਰਾਂ, ਕਿਸਾਨਾਂ, ਦੱਬੇ-ਕੁਚਲੇ, ਲੋਕਾਂ ਦੀ ਭਲਾਈ ਲਈ ਫੰਡ
ਆਪਣੀਆਂ, ਜੇਹਬਾਂ ਵਿੱਚ ਪਾ ਅਮੀਰ ਬਣਦੇ ਹਨ

ਮੇਰੀਆਂ ਨਜ਼ਮਾਂ ਦਾ ਤੀਜਾ ਨਿਸ਼ਾਨਾ
ਬੇਈਮਾਨ ਪੁਲਿਸ ਅਫਸਰ ਹੁੰਦੇ ਹਨ
ਜੋ, ਡਰੱਗ ਸਮੱਗਲਰਾਂ ਨਾਲ ਹਿੱਸੇਦਾਰੀ ਕਰਕੇ
ਦੇਸ਼ ਵਿੱਚ, ਨਸ਼ਿਆਂ ਦਾ ਛੇਵਾਂ ਦਰਿਆ ਵਗਾਂਦੇ ਹਨ

ਮੇਰੀਆਂ ਨਜ਼ਮਾਂ ਦਾ ਚੌਥਾ ਨਿਸ਼ਾਨਾ
ਬਲਾਤਕਾਰੀ ਅਧਿਆਪਕ ਹੁੰਦੇ ਹਨ
ਜੋ, ਵਿਸ਼ਵ-ਵਿਦਿਆਲਿਆਂ ਦੇ ਵਿਦਿਆਰਥੀਆਂ ਦੀ ਮੱਦਦ
ਕਰਨ ਦੇ ਪਰਦੇ ਹੇਠ
ਮਜਬੂਰ ਵਿਦਿਅਰਥੀਆਂ ਦੇ, ਬਲਾਤਕਾਰ ਕਰਦੇ ਹਨ

ਮੇਰੀਆਂ ਨਜ਼ਮਾਂ ਦਾ ਪੰਜਵਾਂ ਨਿਸ਼ਾਨਾ
ਮਰੀਆਂ ਜ਼ਮੀਰਾਂ ਵਾਲੇ ਸਾਹਿਤਕਾਰ/ਬੁੱਧੀਜੀਵੀ ਹੁੰਦੇ ਹਨ
ਜੋ, ਸਿਰੋਪਿਆਂ, ਸਨਮਾਨਾਂ, ਐਵਾਰਡਾਂ, ਖਾਤਿਰ
ਹਕੂਮਤੀ ਅਹਿਲਕਾਰਾਂ ਸਾਹਮਣੇ, ਨਿੱਤ, ਆਪਣੀਆਂ, ਪੂਛਾਂ ਹਿਲਾਂਦੇ ਹਨ

ਮੇਰੀਆਂ ਨਜ਼ਮਾਂ ਦਾ ਛੇਵਾਂ ਨਿਸ਼ਾਨਾ
ਅੰਧਭਗਤ ਲੋਕ ਹੁੰਦੇ ਹਨ
ਜੋ, ਕਾਤਲ, ਗੈਂਗਸਟਰ, ਰਾਜਨੀਤਿਕ, ਗੁਹਾਂ ਦੇ ਇਸ਼ਾਰਿਆਂ ਉੱਤੇ
ਧਰਮ, ਜ਼ਾਤ-ਪਾਤ, ਨਸਲ, ਦੇ ਨਾਮ ਉੱਤੇ ਫਿਰਕੂ ਦੰਗੇ-ਫਸਾਦ ਕਰਦੇ ਹਨ

ਮੇਰੀਆਂ ਨਜ਼ਮਾਂ ਦਾ ਸੱਤਵਾਂ ਨਿਸ਼ਾਨਾ
ਬੌਧਿਕ ਕੰਗਾਲ, ਆਲੋਚਕ, ਸੰਪਾਦਕ, ਬੁੱਧੀਜੀਵੀ, ਪੱਤਰਕਾਰ, ਹੁੰਦੇ ਹਨ
ਜੋ, ਮਹਿਜ਼, ਵਿਸਕੀ ਦੀ ਬੋਤਲ ਪਿੱਛੇ
ਲੱਚਰ, ਗੈਂਗਸਟਰ, ਹਿੰਸਕ, ਗਾਇਕੀ ਨੂੰ ਉਤਸਾਹਿਤ ਕਰਦੇ ਹਨ

ਮੇਰੀਆਂ ਨਜ਼ਮਾਂ ਦਾ ਅੱਠਵਾਂ ਨਿਸ਼ਾਨਾ
ਹਰਾਮਖੋਰ ਵਿਉਪਾਰੀ ਹੁੰਦੇ ਹਨ

ਜੋ, ਆਪਣੇ, ਮੁਨਾਫਿਆਂ ਖਾਤਿਰ
ਨਦੀਆਂ, ਦਰਿਆਵਾਂ, ਝੀਲਾਂ, ਦਾ ਪਾਣੀ ਪ੍ਰਦੂਸ਼ਿਤ ਕਰਦੇ ਹਨ

ਕਵਿਤਾ ਦੀ ਯੁੱਧ-ਭੂਮੀ ਵਿੱਚ ਉਤਰਦਿਆਂ
ਆਪਣੇ, ਨਿਸ਼ਾਨਿਆਂ ਵੱਲ, ਕਲੱਸਟਰ ਮਿਜ਼ਾਈਲਾਂ ਵਰਗੀਆਂ
ਆਪਣੀਆਂ, ਨਜ਼ਮਾਂ ਸੇਧਤ ਕਰਦਿਆਂ
ਮੈਂ-
-ਬੇਖ਼ੌਫ਼
-ਬੇਝਿਜਕ
-ਬੇਲਿਹਾਜ਼
-ਬੇਮੋਹਾ
ਹੋ, ਵਿਚਰਦਾ ਹਾਂ

ਸਾਡੇ ਸਮਿਆਂ ਵਿੱਚ
ਕਵਿਤਾ ਲਿਖਣੀ, ਕਿਸੀ ਵੀ ਤਰ੍ਹਾਂ
ਯੁੱਧ-ਭੂਮੀ ਵਿੱਚ ਉਤਰਨ ਤੋਂ
ਘੱਟ ਨਹੀਂ ਹੈ-

ਜਾਗਦੀਆਂ ਜ਼ਮੀਰਾਂ ਵਾਲੇ ਕਵੀ
ਸਮਾਜ ਦੀਆਂ, ਦੁਸ਼ਮਣ ਤਾਕਤਾਂ ਦੇ
ਹਰ ਵੇਲੇ ਹੀ, ਨਿਸ਼ਾਨੇ ਉੱਤੇ ਹੁੰਦੇ ਹਨ

ਜਾਗਦੀਆਂ ਜ਼ਮੀਰਾਂ ਵਾਲੇ ਕਵੀ
ਪਲ ਪਲ, ਮੌਤ ਨਾਲ
ਖਹਿ ਕੇ ਲੰਘਦੇ ਹਨ
■

(ਮਾਲਟਨ, ਮਾਰਚ 10, 2026)

ਇੱਕ ਲੇਖਕ ਦਾ ਹਲਫ਼ਨਾਮਾ

ਮੈਂ, ਕਿਉਂ ਲਿਖਦਾ ਹਾਂ
ਮੈਂ, ਕੀ ਲਿਖਦਾ ਹਾਂ
ਮੈਂ, ਕਿਸ ਲਈ ਲਿਖਦਾ ਹਾਂ

ਇੱਕ, ਲੇਖਕ, ਜਦੋਂ
ਇਨ੍ਹਾਂ ਗੱਲਾਂ ਦਾ ਜਵਾਬ
ਦੇ ਰਿਹਾ ਹੁੰਦਾ ਹੈ
ਤਾਂ, ਉਹ, ਆਪਣਾ
ਹਲਫ਼ਨਾਮਾ ਦਰਜ
ਕਰ ਰਿਹਾ ਹੁੰਦਾ ਹੈ

ਉਹ, ਆਪਣੀ
ਪਸੰਦ, ਨਾਪਸੰਦ
ਵਿਸ਼ਿਆਂ ਦੀ ਜਾਣਕਾਰੀ ਵੀ
ਸਾਂਝੀ ਕਰ ਰਿਹਾ
ਹੁੰਦਾ ਹੈ

ਉਹ, ਆਪਣੀ, ਵਿਚਾਰਧਾਰਕ
ਸਾਂਝ ਦਾ ਪ੍ਰਗਟਾਵਾ ਵੀ
ਕਰ ਰਿਹਾ ਹੁੰਦਾ ਹੈ

ਉਹ, ਇਸ ਗੱਲ ਦਾ
ਭੇਤ ਵੀ ਖੋਲ੍ਹ ਰਿਹਾ ਹੁੰਦਾ ਹੈ–
ਉਹ, ਹਿਟਲਰਵਾਦੀ, ਲੋਕ–ਵਿਰੋਧੀ, ਹੈ

ਜਾਂ, ਉਹ, ਲੋਕ-ਪੱਖੀ ਹੈ
ਉਹ, ਹਕੂਮਤ ਦਾ ਦਰਬਾਰੀ ਹੈ
ਜਾਂ, ਉਹ, ਵਿਦਰੋਹੀ ਹੈ
ਉਹ, ਜੰਗਬਾਜ਼ ਹੈ
ਜਾਂ, ਉਹ, ਅਮਨ ਪੁਜਾਰੀ ਹੈ
ਉਹ, ਜ਼ਾਲਮ, ਵਹਿਸ਼ੀ, ਹੰਕਾਰੀ, ਹੈ
ਜਾਂ, ਉਹ, ਸਾਂਝੀਵਾਲਤਾ ਦਾ ਹਿਮਾਇਤੀ ਹੈ
ਉਹ, ਔਰਤ ਨੂੰ ਪੈਰ ਦੀ ਜੁੱਤੀ ਸਮਝਦਾ ਹੈ
ਜਾਂ, ਉਹ, ਔਰਤ ਨੂੰ ਮਾਂ, ਭੈਣ, ਧੀ, ਮਹਿਬੂਬਾ, ਸਮਝਦਾ ਹੈ
ਉਹ, ਖ਼ੂਨ ਚੂਸਣ ਵਾਲਾ ਹਤਿਆਰਾ ਹੈ
ਜਾਂ, ਉਹ, ਗਰੀਬਾਂ, ਦੱਬੇ-ਕੁਚਲੇ ਲੋਕਾਂ, ਦਾ ਸਾਥੀ ਹੈ
ਉਹ, ਧਰਮੀ, ਕੱਟੜਵਾਦੀ, ਜਨੂੰਨੀ, ਦਹਿਸ਼ਤਗਰਦ, ਹੈ
ਜਾਂ, ਉਹ, ਦਇਆਵਾਨ, ਰਹਿਮਦਿਲ, ਮੱਦਦਗਾਰ, ਹੈ
■

(ਮਾਲਟਨ, ਦਸੰਬਰ 2, 2025)

ਕਵਿਤਾ ਡਰ ਰਹੀ ਹੈ

ਮਿੱਤਰ ਆਖਦੇ ਹਨ :
ਕਵਿਤਾ ਮਰ ਰਹੀ ਹੈ

ਮੈਂ ਆਖਦਾ ਹਾਂ :
ਕਵਿਤਾ ਡਰ ਰਹੀ ਹੈ

ਕਵੀ, ਹੁਣ, ਇਹ ਆਖਣ ਦਾ
ਹੌਸਲਾ ਨਹੀਂ ਰੱਖਦੇ :
'ਰਾਜੇ ਸ਼ੀਂਹ, ਮੁਕੱਦਮ ਕੁੱਤੇ'

ਕਵੀ, ਚਾਹ ਦੇ ਖੋਖੇ 'ਚ ਬੈਠਾ
ਆਪਣੀ, ਮਹਿਬੂਬਾ ਦਾ
ਇੰਤਜ਼ਾਰ ਕਰ ਰਿਹਾ ਹੈ–

ਉਹ, ਆਵੇ, ਤਾਂ, ਕਵੀ
ਉਸ ਨਾਲ ਬੈਠ ਕੇ
ਚਾਹ ਦਾ ਇੱਕ ਕੱਪ ਪੀਣ ਦੀ
ਆਪਣੀ, ਵਰ੍ਹਿਆਂ ਦੀ ਰੀਝ
ਪੂਰੀ ਕਰ ਸਕੇ

ਆਲੋਚਕ ਦੇ ਚਿਹਰੇ ਉੱਤੇ ਵੀ ਰੌਣਕ ਹੈ
ਉਹ ਵੀ ਸੋਚ ਰਿਹਾ ਹੈ
ਕਵੀ ਦੀ ਮਹਿਬੂਬਾ ਆਵੇਗੀ
ਕਵੀ ਨਾਲ, ਕੁਝ
ਭਾਵੁਕਤਾ ਭਰੇ, ਸ਼ਬਦ ਬੋਲੇਗੀ

ਭਾਵੁਕਤਾ ਵਸ ਹੋਏ
ਕਵੀ ਦੀਆਂ ਅੱਖਾਂ ਵਿੱਚੋਂ ਵੀ
ਹੰਝੂ ਟੱਪਕਣਗੇ

ਕਵੀ, ਭਾਵੁਕਤਾ
ਹੰਝੂਆਂ ਵਿੱਚ ਡੁੱਬਿਆ
ਕਵਿਤਾ ਲਿਖੇਗਾ

ਆਲੋਚਕ, ਇਹ ਸਭ ਕੁਝ ਦੇਖ
'ਕਲਾ ਪ੍ਰੀਸ਼ਦ' ਵੱਲੋਂ ਆਯੋਜਿਤ ਕੀਤੇ ਗਏ
'ਕਵਿਤਾ ਸਮਾਰੋਹ' ਲਈ, ਇੱਕ
ਆਲੋਚਨਾਤਮਿਕ ਨਿਬੰਧ ਲਿਖੇਗਾ
ਜਿਸਦਾ ਸਿਰਲੇਖ ਹੋਵੇਗਾ :
'ਮਹਿਬੂਬਾ ਲਈ ਚਾਹ ਦਾ ਕੱਪ ਅਤੇ ਕਵੀ ਦੇ ਹੰਝੂ'

ਨ ਕਵੀ ਨੂੰ ਹੀ ਕੋਈ ਚਿੰਤਾ ਹੈ
ਨ ਹੀ ਕਵਿਤਾ ਦੇ ਆਲੋਚਕ ਨੂੰ ਹੀ–

ਤੀਜਾ ਵਿਸ਼ਵ ਯੁੱਧ
ਮਾਨਵਤਾ ਦੇ ਦਰਵਾਜ਼ੇ ਉੱਤੇ
ਬਾਰ, ਬਾਰ, ਦਸਤਕ ਦੇ ਰਿਹਾ ਹੈ

ਹਕੂਮਤਾਂ ਦੇ ਅਹਿਲਕਾਰ
ਦਿਨਾਂ ਵਿੱਚ ਹੀ
ਅਰਬਪਤੀ ਬਣ ਰਹੇ ਹਨ

ਧਰਮੀ ਮੱਠਾਂ ਦੇ ਘੜੰਮ ਚੌਧਰੀ
ਧਰਮੀ ਮੱਠਾਂ ਦੀਆਂ ਗੋਲਕਾਂ ਦੀ ਮਾਇਆ ਨਾਲ
ਆਪਣੇ, ਸੱਤ ਸਿਤਾਰਾ ਹੋਟਲਾਂ ਦਾ
ਧੰਦਾ ਚਲਾ ਰਹੇ ਹਨ

ਵੱਡੇ ਪੁਲਿਸ ਅਫਸਰਾਂ ਦੀ
ਮਿਲੀਭੁਗਤ ਨਾਲ ਹੀ, ਦੇਸ਼ ਵਿੱਚ
ਨਸ਼ਿਆਂ ਦੀ ਸਮਗਲਿੰਗ ਦਾ ਧੰਦਾ ਚੱਲ ਰਿਹਾ ਹੈ

ਦੋ ਗੁੰਡਾ ਸਲਤਨਤਾਂ
ਅਮਰੀਕਾ ਅਤੇ ਇਜ਼ਰਾਈਲ
ਆਪਣੀ, ਚੌਧਰ ਕਾਇਮ ਕਰਨ ਲਈ
ਮਨੁੱਖਤਾ ਨੂੰ, ਤਬਾਹੀ ਵੱਲ
ਲਿਜਾ ਰਹੀਆਂ ਹਨ

ਰਾਜਸਿੰਘਾਸਨ ਉੱਤੇ ਬੈਠਾ, ਇੱਕ ਮੁਖੌਟਾਧਾਰੀ
ਆਪਣੇ ਆਪ ਨੂੰ, ਰਾਮ ਦਾ ਅਵਤਾਰ ਸਮਝਣ ਵਾਲਾ
ਹਿਟਲਰਵਾਦੀ ਤਾਕਤਾਂ ਦੇ ਮੁਖੀ ਨਾਲ ਬਗਲਗੀਰ ਹੋ ਕੇ
ਦਾਅਵਾ ਕਰਦਾ ਹੈ, ਫਲਸਤੀਨ ਦੀ ਧਰਤੀ ਉੱਤੇ
ਹਵਾਈ ਜਹਾਜ਼ਾਂ ਨਾਲ ਬੰਬਾਰੀ ਕਰਕੇ, ਹਜ਼ਾਰਾਂ ਹੀ
ਬੇਗੁਨਾਹ, ਬੱਚਿਆਂ, ਬੁੱਢਿਆਂ, ਜਵਾਨਾਂ, ਦਾ
ਕਤਲ ਕਰਨ ਵਾਲਾ ਦੇਸ਼ ਹੀ
ਉਸ ਦੀ ਪਿਤਾਭੂਮੀ ਹੈ

ਮਿੱਤਰ, ਜਦੋਂ, ਆਖਦੇ ਹਨ :
ਕਵਿਤਾ ਮਰ ਰਹੀ ਹੈ
ਮੈਂ, ਉਦੋਂ, ਆਖਦਾ ਹਾਂ :
ਕਵਿਤਾ ਮਰ ਨਹੀਂ ਰਹੀ
ਕਵਿਤਾ ਡਰ ਰਹੀ ਹੈ
■

(ਮਾਲਟਨ, ਮਾਰਚ 21, 2026)

ਕਵਿਤਾ ਨੂੰ ਤਾੜੀਆਂ ਦੀ ਉਡੀਕ ਨਹੀਂ

ਕਵਿਤਾ ਨੂੰ, ਮਦਹੋਸ਼ ਹੋਏ
ਅੰਧਭਗਤਾਂ ਦੀਆਂ
ਤਾੜੀਆਂ ਦੀ ਉਡੀਕ ਨਹੀਂ–

ਸਾਡੇ ਸਮਿਆਂ ਵਿੱਚ, ਕਵਿਤਾ ਨੂੰ
ਸੁਪਰ ਸੋਨਕ ਮਿਜ਼ਾਈਲਾਂ ਵਾਂਗ
ਸਰੋਤਿਆਂ ਦੇ ਦਿਮਾਗ਼ਾਂ ਵਿੱਚ ਪਲ ਰਹੇ
ਅੰਧਵਿਸ਼ਵਾਸ, ਜਹਾਲਤ, ਅੰਧਭਗਤੀ, ਹੰਕਾਰ, ਦੇ ਪਹਾੜਾਂ ਨੂੰ
ਚੀਥੜਾ–ਚੀਥੜਾ ਕਰਨਾ ਹੈ
ਸਮੁੱਚੀ ਮਾਨਵਤਾ ਨੂੰ
ਜੰਗ ਦੀ ਅੱਗ ਦੀਆਂ ਲਪਟਾਂ ਵੱਲ
ਧੱਕਣ ਵਾਲੇ, ਜੰਗ ਦੇ ਵਿਉਪਾਰੀਆਂ ਦੀਆਂ
ਬੇਰਹਿਮ, ਅੰਤਰੀਵ ਇਛਾਵਾਂ ਦੇ
ਅਰਥ ਸਮਝਾਉਣੇ ਹਨ

ਅਮਨ–
–ਕਿਸੇ ਇੱਕ ਦੇਸ਼
–ਕਿਸੇ ਇੱਕ ਸ਼ਹਿਰ
–ਕਿਸੇ ਇੱਕ ਪਿੰਡ
–ਕਿਸੇ ਇੱਕ ਮੁਹੱਲੇ
–ਕਿਸੇ ਇੱਕ ਕੌਮ
–ਕਿਸੇ ਇੱਕ ਸਭਿਆਚਾਰ
ਦੀ ਲੋੜ ਨਹੀਂ

ਅਮਨ–

–ਧਰਤੀ ਦੇ ਹਰ ਪਸ਼ੂ, ਪੰਛੀ, ਪੌਦੇ, ਮਨੁੱਖ, ਦੀ ਲੋੜ ਹੈ
–ਦਰਿਆਵਾਂ, ਝੀਲਾਂ, ਨਦੀਆਂ, ਦੀ ਲੋੜ ਹੈ

ਬੇਰਹਿਮ ਸਮਿਆਂ ਵਿੱਚ, ਕਵਿਤਾ
ਹਰ ਮਨੁੱਖ ਦੀ, ਰੀੜ੍ਹ ਦੀ ਹੱਡੀ ਵਿੱਚ
ਝੁਨਝੁਨੀ ਜਗਾਵੇ, ਹਰ ਮਨੁੱਖ ਦੀ
ਚੇਤਨਾ ਦੇ, ਬੰਦ ਦਰਵਾਜ਼ੇ ਖੋਲ੍ਹੇ

ਧਰਤੀ, ਹਰ ਜੀਵ, ਜੰਤੂ, ਪੌਦੇ, ਮਨੁੱਖ, ਲਈ ਹੈ
ਧਰਤੀ, ਮਹਿਜ਼, ਚੰਦ ਕੁ, ਹੰਕਾਰ ਦੇ ਭਰੇ
ਜੰਗਬਾਜ਼ਾਂ ਦੀ ਜਾਇਦਾਦ ਨਹੀਂ–
ਲਾਲ, ਪੀਲੇ, ਚਿੱਟੇ, ਕਾਲੇ, ਭੂਰੇ
ਹਰ ਰੰਗ ਦੇ ਮਨੁੱਖ, ਹਰ ਸਭਿਆਚਾਰ ਦੇ
ਵਧਣ–ਫੁੱਲਣ ਲਈ ਹੈ, ਇਹ ਧਰਤੀ

ਇਸ ਧਰਤੀ ਉੱਤੇ, ਅਮਨ
ਤਾਂ ਹੀ ਆਵੇਗਾ, ਜਦੋਂ ਲੋਕਾਂ ਨੂੰ
ਇਸ ਗੱਲ ਦਾ ਅਹਿਸਾਸ
ਹੋਣਾ ਸ਼ੁਰੂ ਹੋ ਜਾਵੇਗਾ–

ਲੋਕਾਂ ਦਾ ਕੰਮ, ਮਹਿਜ਼
ਅੰਧਭਗਤਾਂ ਵਾਂਗ
ਤਾੜੀਆਂ ਮਾਰਨਾ ਹੀ ਨਹੀਂ

ਬਲਕਿ, ਜੰਗਬਾਜ਼ਾਂ ਵਿਰੁੱਧ
ਚੇਤਨਾ ਜਗਾਉਣਾ ਵੀ ਹੈ
ਜੰਗਬਾਜ਼ਾਂ ਵਿਰੁੱਧ, ਆਪਣੀ
ਆਵਾਜ਼ ਬੁਲੰਦ ਕਰਨਾ ਵੀ ਹੈ
ਜੰਗਬਾਜ਼ਾਂ ਵਿਰੁੱਧ, ਅਮਨ ਦਾ
ਪਰਚਮ ਲਹਿਰਾਉਣਾ ਵੀ ਹੈ

■ (ਮਾਲਟਨ, ਮਾਰਚ 22, 2026)

ਕਵਿਤਾ ਦਾ ਸਫ਼ਰ

ਜ਼ਿੰਦਗੀ ਦੇ ਸਫ਼ਰ ਉੱਤੇ, ਸਿਰਫ
ਸਾਡੇ, ਪੈਰ ਹੀ ਨਹੀਂ ਤੁਰਦੇ
ਸਾਡਾ, ਮਨ-ਮਸਤਕ ਵੀ
ਸਾਡੇ, ਨਾਲ ਤੁਰਦਾ ਹੈ

ਬਿੱਖੜੇ ਪੈਂਡਿਆਂ ਦੀਆਂ ਠੋਕਰਾਂ
ਸਿਰਫ, ਪੈਰਾਂ ਨੂੰ ਹੀ ਲਹੂ-ਲੁਹਾਨ ਨਹੀਂ ਕਰਦੀਆਂ
ਸਾਡਾ, ਮਨ-ਮਸਤਕ ਵੀ
ਠੋਕਰਾਂ ਸੰਗ ਟਕਰਾ ਕੇ, ਲਹੂ-ਲੁਹਾਨ ਹੁੰਦਾ ਹੈ

ਸਿਰਫ, ਸਥਿਤੀਆਂ ਤੇ ਹਾਲਾਤ ਹੀ
ਰਾਹਾਂ 'ਚ ਰੋੜੇ ਬਣਕੇ, ਪੈਰਾਂ 'ਚ ਨਹੀਂ ਵੱਜਦੇ
ਬੰਦਿਆਂ ਦੇ ਬੋਲੇ ਜ਼ਹਿਰੀ ਬੋਲ ਵੀ
ਮਨ-ਮਸਤਕ 'ਚ, ਛਿਲਤਰਾਂ ਵਾਂਗ ਖੁੱਭਦੇ ਹਨ

ਧਰਤੀ ਦੇ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ ਉੱਠੀਆਂ,
ਮਨੁੱਖੀ ਦਰਦ ਦੀਆਂ ਚੀਕਾਂ
ਸਾਡੇ, ਮਨ-ਮਸਤਕ ਨੂੰ ਵਲ੍ਹੂੰਧਰਦੀਆਂ
ਮਨੁੱਖੀ, ਆਹਟਾਂ, ਵਿਰਲਾਪ, ਭਾਵਨਾਵਾਂ
ਸਾਡੇ, ਮਨ-ਮਸਤਕ ਵਿੱਚ ਮੋਹ-ਮਮਤਾ ਜਗਾਂਦੇ

ਧਰਤੀ ਦੇ ਜਿਸ ਕੋਨੇ 'ਚ ਜੰਗ ਦੀ ਅੱਗ ਦੇ ਭਾਂਬੜ ਬਲ ਰਹੇ ਹੁੰਦੇ
ਅਸੀਂ, ਇੱਛਾ ਕਰਦੇ ਉੱਥੇ ਵੀ ਅਮਨ ਹੋਵੇ

ਜੰਗਾਂ ਨਾਲ ਬੰਜਰ ਕੀਤੇ ਜਾ ਰਹੇ ਧਰਤ ਦੇ ਟੁੱਕੜਿਆਂ ਉੱਤੇ ਵੀ
ਗੁਲਾਬ ਮਹਿਕਣ, ਪੰਛੀਆਂ ਦੇ ਚਹਿਕਣ ਦੀ ਆਵਾਜ਼ ਆਵੇ

ਵੀਰਾਨ ਹੋ ਗਈਆਂ ਬਸਤੀਆਂ ਵਿੱਚ ਵੀ, ਬੱਚੇ ਹੱਸਣ, ਖੇਡਣ
ਉੱਥੇ ਵੀ, ਲੋਕ, ਭੰਗੜਾ, ਗਿੱਧਾ, ਝੂੰਮਰ, ਡਿਸਕੋ, ਨਾਚ ਨੱਚਣ
ਉੱਥੇ ਵੀ, ਬਹਾਰ ਦੀ ਰੁੱਤ ਵਾਂਗ, ਫਸਲਾਂ ਖੇਤਾਂ ਵਿੱਚ ਲਹਿਰਾਉਣ
ਉੱਥੇ ਵੀ, ਕਿਸਾਨ, ਮਜ਼ਦੂਰ, ਹੱਸਣ, ਵੰਗਾਂ ਛਨਕਣ,
ਦੁਪੱਟੇ ਹਵਾ 'ਚ ਉੱਡਣ

ਕਵਿਤਾ ਦਾ ਸਫ਼ਰ, ਉਹ, ਸਭ, ਦੇਖਦਾ, ਸੁਣਦਾ, ਕਹਿੰਦਾ, ਹੈ
ਜਿਸ ਨੂੰ, ਅਸੀਂ, ਜ਼ਿੰਦਗੀ ਆਖਦੇ ਹਾਂ
■

(ਮਾਲਟਨ, ਅਪ੍ਰੈਲ 18, 2026)

ਸ਼ਬਦਾਂ ਦੀ ਸ਼ਕਤੀ

ਆਪਣੀ, ਗੱਲ ਕਹਿਣ ਲਈ
ਮੈਂ, ਸ਼ਬਦਾਂ ਦੀ ਵਰਤੋਂ ਕਰਦਾ ਹਾਂ–

ਸੰਗੀਤ ਦੀ ਡੰਗੋਰੀ ਦਾ ਸਹਾਰਾ ਲੈ ਕੇ
ਆਵਾਜ਼ ਦਾ ਜਾਦੂ ਚਲਾ ਕੇ
ਕਵਿਤਾ ਦੇ ਸਰੋਤੇ ਨੂੰ
ਮਦਮਸਤ ਨਹੀਂ ਕਰਦਾ
ਤਾੜੀਆਂ ਦੀ ਗੜਗੜਾਹਟ ਪੈਦਾ ਕਰਨ ਲਈ
ਕੋਈ, ਭਰਮ ਪੈਦਾ ਨਹੀਂ ਕਰਦਾ

ਸ਼ਬਦਾਂ ਦੀ ਸ਼ਕਤੀ ਜਾਣਦਾ
ਸਿਰਫ, ਕੁਝ, ਸੁਆਲ ਪੁੱਛਦਾ ਹਾਂ
ਮਨ–ਮਸਤਕ ਵਿੱਚ, ਜੋ
ਵਿਸਫੋਟ ਪੈਦਾ ਕਰ ਸਕਣ
ਰੀੜ੍ਹ ਦੀ ਹੱਡੀ ਵਿੱਚ, ਜੋ
ਝੁਣਝੁਣੀ ਪੈਦਾ ਕਰ ਸਕਣ

ਮੈਂ, ਤੁਹਾਨੂੰ, ਪੁੱਛਦਾ ਹਾਂ:
–ਤੁਸੀਂ, ਕਾਤਲਾਂ, ਬਲਾਤਕਾਰੀਆਂ, ਡਰੱਗ ਗੈਂਗਸਟਰ ਮਾਫੀਆ, ਨੂੰ
ਸੂਰਮੇ ਕਿਉਂ ਕਹਿੰਦੇ ਹੋ
–ਤੁਸੀਂ, ਧਾਰਮਿਕ ਮੱਠਾਂ ਉੱਤੇ ਬੈਠੀਆਂ ਗਿਰਝਾਂ ਨੂੰ
ਰਹਿਨੁਮਾ ਕਿਉਂ ਕਹਿੰਦੇ ਹੋ

–ਤੁਸੀਂ, ਬਲਾਤਕਾਰੀ ਅਧਿਆਪਕਾਂ ਨੂੰ
ਬੁੱਧੀਜੀਵੀ ਕਿਉਂ ਕਹਿੰਦੇ ਹੋ
–ਤੁਸੀਂ, ਵਿਦਿਆਰਥੀਆਂ ਦੇ ਵਜ਼ੀਫੇ ਹੜੱਪ ਜਾਣ ਵਾਲੇ
ਰਾਜਨੀਤੀਵਾਨਾਂ ਨੂੰ
ਨੇਤਾ ਕਿਉਂ ਕਹਿੰਦੇ ਹੋ
–ਤੁਸੀਂ, ਦਰਿਆਵਾਂ ਨੂੰ ਪ੍ਰਦੂਸ਼ਿਤ ਕਰਨ ਵਾਲੇ ਵਿਉਪਾਰੀਆਂ ਨੂੰ
ਦਾਨੀ ਕਿਉਂ ਕਹਿੰਦੇ ਹੋ
–ਤੁਸੀਂ, ਗੈਂਗਸਟਰ ਕਲਚਰ ਨੂੰ ਪ੍ਰਮੋਟ ਕਰਨ ਵਾਲੇ ਗਾਇਕਾਂ ਨੂੰ
ਲੈਜੰਡਰੀ ਗਾਇਕ ਕਿਉਂ ਕਹਿੰਦੇ ਹੋ
–ਤੁਸੀਂ, ਦੇਸ਼ ਨੂੰ ਵੇਚ ਜਾਣ ਵਾਲੇ ਬਹੁਰੂਪੀਏ ਨੂੰ
ਵਿਸ਼ਵ ਗੁਰੂ ਕਿਉਂ ਕਹਿੰਦੇ ਹੋ
–ਤੁਸੀਂ, ਸਾਹਿਤ ਵਿੱਚ ਲੱਚਰਤਾ ਫੈਲਾਉਣ ਵਾਲੇ ਲੇਖਕਾਂ ਨੂੰ
ਮਹਾਨ ਸਾਹਿਤਕਾਰ ਕਿਉਂ ਕਹਿੰਦੇ ਹੋ
–ਤੁਸੀਂ, ਝੂਠੇ ਮਾਨ–ਸਨਮਾਨ, ਸਿਰੋਪਾਓ, ਐਵਾਰਡ, ਲੈਣ ਵਾਲਿਆਂ ਨੂੰ
ਸਾਹਿਤਕ ਘੜੰਮ ਚੌਧਰੀ ਕਿਉਂ ਕਹਿੰਦੇ ਹੋ

ਸ਼ਬਦਾਂ ਦੀ ਸ਼ਕਤੀ ਨੂੰ ਪਹਿਚਾਣੋ–
ਸ਼ਬਦਾਂ ਨੂੰ ਡੰਗੋਰੀਆਂ ਤੋਂ ਮੁਕਤ ਕਰਕੇ
ਆਪਣੀ, ਤੋਰ ਤੁਰਨ ਦਿਓ

ਸ਼ਬਦਾਂ ਨੂੰ, ਆਪਣੇ, ਅਰਥ ਸਿਰਜਣ ਦਿਓ
ਸ਼ਬਦਾਂ ਨੂੰ, ਆਪਣੀ, ਆਜ਼ਾਦੀ ਮਾਨਣ ਦਿਓ
ਸ਼ਬਦਾਂ ਨੂੰ, ਆਪਣੀ, ਸ਼ਕਤੀ ਪ੍ਰਗਟ ਕਰਨ ਦਿਓ
■

(ਮਾਲਟਨ, ਅਪ੍ਰੈਲ 23, 2026)

ਮੇਰੀਆਂ ਕਵਿਤਾਵਾਂ

ਮੇਰੀਆਂ ਕਵਿਤਾਵਾਂ ਤਲਖ ਹਕੀਕਤਾਂ
ਬਿਆਨ ਕਰਦੀਆਂ ਹਨ
ਤਲਖ ਹਕੀਕਤਾਂ ਦਾ ਜ਼ਿਕਰ
ਤਲਖ ਸ਼ਬਦ ਹੀ ਕਰ ਸਕਦੇ ਹਨ
ਤਲਖ ਸ਼ਬਦ, ਹਮੇਸ਼ਾ
ਕੁਸੈਲਾ ਅਨੁਭਵ ਹੀ ਦਿੰਦੇ ਹਨ
ਤਲਖ ਸ਼ਬਦ ਹੀ, ਤੁਹਾਡੇ
ਮਨ-ਮਸਤਕ ਵਿੱਚ ਰੜਕਦੇ ਹਨ
ਤਲਖ ਸ਼ਬਦ ਹੀ, ਤੁਹਾਡੀ
ਰੀੜ੍ਹ ਦੀ ਹੱਡੀ ਵਿੱਚ ਝੁਨਝੁਨੀ ਛੇੜਦੇ ਹਨ
ਤਲਖ ਸ਼ਬਦ ਹੀ, ਤੁਹਾਨੂੰ
ਦੇਰ ਤੱਕ ਯਾਦ ਰਹਿੰਦੇ ਹਨ
ਤਲਖ ਸ਼ਬਦ ਪੜ੍ਹ ਕੇ ਹੀ, ਤੁਸੀਂ
ਦੇਰ ਤੱਕ ਸੌਂ ਨਹੀਂ ਸਕਦੇ
ਤਲਖ ਸ਼ਬਦ ਹੀ, ਤੁਹਾਡੀ
ਚੇਤਨਾ ਵਿੱਚ ਭੂਚਾਲ ਲਿਆਉਂਦੇ ਹਨ
ਤਲਖ ਸ਼ਬਦ ਹੀ, ਤੁਹਾਡੀ
ਸੋਚ ਦੇ ਖੜੋਤੇ ਪਾਣੀਆਂ ਵਿੱਚ ਲਹਿਰਾਂ ਪੈਦਾ ਕਰਦੇ ਹਨ
ਤਲਖ ਸ਼ਬਦ ਹੀ ਭ੍ਰਿਸ਼ਟ ਲੋਕਾਂ ਦੇ ਸੀਨਿਆਂ ਵਿੱਚ
ਤਿੱਖੇ ਤੀਰਾਂ ਵਾਂਗ ਖੁੱਭਦੇ ਹਨ
ਤਲਖ ਸ਼ਬਦ ਹੀ, ਮੁਰਦਾ ਹੋ ਚੁੱਕੀਆਂ ਰੂਹਾਂ ਵਿੱਚ
ਕ੍ਰਾਂਤੀ ਦੇ ਬੀਜ ਬੀਜਦੇ ਹਨ
ਤਲਖ ਸ਼ਬਦ ਹੀ ਬਦਬੂਦਾਰ ਸਥਿਤੀਆਂ ਵਿੱਚ, ਤੁਹਾਨੂੰ
ਇਨਕਲਾਬੀ ਤਬਦੀਲੀਆਂ ਲਿਆਉਣ ਲਈ ਉਕਸਾਂਦੇ ਹਨ
■

(ਮਾਲਟਨ, ਅਪ੍ਰੈਲ 26, 2026)

ਸਭਿਆਚਾਰ ਦੀਆਂ ਜੜ੍ਹਾਂ

ਸਾਡੇ, ਸਭਿਆਚਾਰ ਦੀਆਂ ਜੜ੍ਹਾਂ
ਇਨ੍ਹਾਂ, ਜੈਕਾਰਿਆਂ ਵਿੱਚ ਹੀ
ਸਮੋਈਆਂ ਹੋਈਆਂ ਹਨ:
-ਸਰਬੱਤ ਦਾ ਭਲਾ
-ਏਕ ਨੂਰ ਤੇ ਸਭੁ ਜਗੁ ਉਪਜਿਆ
-ਏਕ ਪਿਤਾ ਏਕਸ ਕੇ ਹਮ ਬਾਰਿਕ
-ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ
-ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ

ਜਿਸ ਪਲ ਵੀ, ਅਸੀਂ
ਇਨ੍ਹਾਂ, ਜੈਕਾਰਿਆਂ ਨੂੰ ਵਿਸਾਰਿਆ
ਜਿਸ ਪਲ ਵੀ, ਅਸੀਂ
ਇਸ, ਗਿਆਨ ਵੱਲੋਂ ਅੱਖ ਮੀਟੀ
ਜਿਸ ਪਲ ਵੀ, ਅਸੀਂ
ਧਰਤੀ, ਹਵਾ, ਪਾਣੀ, ਦੇ
ਦੁਸ਼ਮਣ ਬਣ ਗਏ
ਜਿਸ ਪਲ ਵੀ, ਅਸੀਂ
ਲੋਕਾਈ ਦੇ, ਹਮਦਰਦ ਬਨਣ ਦੀ ਥਾਂ
ਲੋਕਾਈ ਨੂੰ, ਲਹੂ-ਲੁਹਾਨ ਕਰਨ ਤੁਰ ਪਏ
ਅਸੀਂ, ਮਾਨਵ ਜਾਤ ਦੇ ਹੀ
ਦੁਸ਼ਮਣ ਬਣ ਜਾਣੈ

ਸਭਿਆਚਾਰ ਦੀਆਂ ਜੜ੍ਹਾਂ
ਸਭਿਆਚਾਰ ਦੀਆਂ ਨੀਂਹਾਂ

ਉਸਰਨ ਵਿੱਚ, ਸਦੀਆਂ ਦਾ ਸਮਾਂ
ਲੱਗ ਜਾਂਦਾ ਹੈ

ਪਰ, ਅਜੋਕੇ ਸਮਿਆਂ ਦਾ, ਪੂੰਜੀਵਾਦ
ਮਨੁੱਖ ਨੂੰ, ਇੱਕ ਹੀ ਗੱਲ ਸਿਖਾਉਂਦਾ ਹੈ:
ਤੂੰ, ਸਿਰਫ ਤੇ ਸਿਰਫ
ਆਪਣੇ, ਬਾਰੇ ਹੀ ਸੋਚਣਾ ਹੈ
ਤੂੰ, ਸਰਬੱਤ ਦੇ ਭਲੇ ਤੋਂ
ਕੀ ਲੈਣਾ ਹੈ–
ਤੂੰ, ਧਰਤੀ, ਹਵਾ, ਪਾਣੀ, ਦੀ
ਸ਼ੁੱਧਤਾ ਤੋਂ ਕੀ ਲੈਣਾ ਹੈ–
ਤੂੰ, ਜੇਕਰ, ਸੱਤਾ ਦੀ ਤਾਕਤ ਭੋਗਣੀ ਹੈ, ਤਾਂ
ਏਕ ਨੂਰ ਤੋਂ ਉਪਜੇ ਸਾਰੇ ਜੱਗ ਦੇ ਫਲਸਫੇ ਤੋਂ ਕੀ ਲੈਣਾ ਹੈ–
ਤੂੰ, ਜੇਕਰ, ਇਸ ਧਰਤੀ 'ਤੇ ਰਾਜ ਕਰਨਾ ਹੈ, ਤਾਂ
ਔਰਤ ਨੂੰ, ਆਪਣੇ, ਪੈਰ ਦੀ ਜੁੱਤੀ ਬਣਾ ਕੇ ਰੱਖ

ਇਸ ਧਰਤੀ ਉੱਤੇ
ਮਨੁੱਖ ਦੀ ਹੋਂਦ
ਇਸ ਗੱਲ ਦਾ ਫੈਸਲਾ
ਕਰਨ ਨਾਲ ਹੀ ਜੁੜੀ ਹੋਈ ਹੈ–
ਉਸਨੇ, ਮਨੁੱਖੀ ਕਦਰਾਂ–ਕੀਮਤਾਂ ਵਾਲੇ
ਆਪਣੇ, ਸਭਿਆਚਾਰ ਦੀਆਂ ਜੜ੍ਹਾਂ ਨੂੰ
ਪੂੰਜੀਵਾਦ ਦੇ ਮਾਰੂ ਝੱਖੜਾਂ ਤੋਂ ਬਚਾਈ ਰੱਖਣਾ ਹੈ
ਜਾਂ, ਮਹਿਜ਼, ਆਪਣੀ, ਐਸ਼–ਪ੍ਰਸਤੀ, ਖੁਦਗਰਜ਼ੀ, ਖਾਤਿਰ
ਆਪਣੀਆਂ, ਮਨੁੱਖਵਾਦੀ, ਸਭਿਆਚਾਰਕ ਜੜ੍ਹਾਂ ਨੂੰ
ਤਹਿਸ–ਨਹਿਸ ਹੋ ਜਾਣ ਦੇਣਾ ਹੈ

ਹੁਣ, ਮਨੁੱਖ ਲਈ
ਸੋਚਣ ਦਾ ਵੇਲਾ ਹੈ
ਹੁਣ, ਮਨੁੱਖ ਲਈ
ਕੁੰਬਕਰਨੀ, ਨੀਂਦ 'ਚੋਂ
ਜਾਗਣ ਦਾ ਵੇਲਾ ਹੈ
■

(ਮਾਲਟਨ, ਸਤੰਬਰ 21, 2025)

ਸਰਬੱਤ ਦਾ ਭਲਾ

ਜਿਨ੍ਹਾਂ, ਲੋਕਾਂ ਦਾ
ਦਾਲ-ਫੁਲਕਾ ਨਫ਼ਰਤ ਭਰੇ
ਭਾਸ਼ਨਾਂ ਨਾਲ ਹੀ ਚੱਲਦਾ ਹੈ
ਉਨ੍ਹਾਂ ਨੇ, ਸਰਬੱਤ ਦਾ ਭਲਾ
ਜਿਹੇ, ਬੋਲਬਾਲਿਆਂ ਤੋਂ
ਕੀ ਲੈਣਾ ਹੈ-

ਨਫ਼ਰਤ ਭਰੇ, ਭਾਸ਼ਨ ਦੇਣ ਦੇ ਮਾਹਿਰ
ਤਾਂ, ਹਰ ਪਲ, ਇਸ ਤਾਕ ਵਿੱਚ ਹੀ ਰਹਿੰਦੇ ਹਨ
ਸਮਾਜਿਕ, ਸਭਿਆਚਾਰਕ, ਰਾਜਨੀਤਿਕ, ਧਾਰਮਿਕ
ਕਿਸੀ ਵੀ, ਮਸਲੇ ਨੂੰ ਬਹਾਨਾ ਬਣਾ ਕੇ
ਭਾਈਚਾਰਿਆਂ ਦੇ, ਇਕੱਠ ਵਿੱਚ
ਨਫ਼ਰਤ ਦੀ ਤੀਲੀ ਨਾਲ, ਅੱਗ ਮਚਾਈਏ
ਫਿਰ, ਚਿਹਰਿਆਂ ਉੱਤੇ, ਸਾਊ ਲੋਕਾਂ ਵਾਲੇ
ਮੁਖੌਟੇ ਸਜਾ ਕੇ, ਡੱਬੂ ਵਾਂਗੂ, ਮੌਕਾਪ੍ਰਸਤੀ ਦੀ
ਕਿਸੀ, ਕੰਧ ਉੱਤੇ ਚੜ੍ਹ ਕੇ ਬਹਿ ਜਾਈਏ

ਮਕਾਰ, ਰਾਜਨੀਤੀ, ਹਮੇਸ਼ਾ
ਅਜਿਹੇ, ਅੱਗ ਲਗਾਊ, ਭਾਸ਼ਨ ਦੇਣ ਵਾਲੇ
ਨਫ਼ਰਤ ਦੀ, ਅੱਗ ਦੇ, ਭਾਂਬੜ ਬਾਲਣ ਵਾਲੇ
ਡੱਬੂ ਲੱਭ ਹੀ ਲੈਂਦੀ ਹੈ-
ਇਨ੍ਹਾਂ, ਡੱਬੂਆਂ ਦੇ ਗਲਾਂ ਵਿੱਚ
ਪਾਲਤੂ ਹੋਣ ਦਾ, ਪਟਾ ਪਾ ਕੇ
ਇਨ੍ਹਾਂ ਨੂੰ, ਹਿਜ਼ ਮਾਸਟਰਜ਼ ਵਾਇਸ ਦੀ

ਸਿੱਖਿਆ ਦੇ ਕੇ, ਨਫ਼ਰਤ ਭਰੇ ਬੋਲਾਂ ਨਾਲ
ਭੌਂਕਣਾ ਸਿਖਾ ਹੀ ਦਿੰਦੀ ਹੈ

ਸਰਬੱਤ ਦਾ ਭਲਾ ਦਾ ਬੋਲਬਾਲਾ
ਹਮੇਸ਼ਾ, ਉਨ੍ਹਾਂ ਦੀ ਸੋਚ ਵਿੱਚ ਵਸਦਾ
ਜੋ, ਲੋਕ-ਪੱਖੀ ਸੋਚ
ਉੱਤੇ ਪਹਿਰਾ ਦਿੰਦੇ
ਫਿਰਕੂ ਨਫ਼ਰਤ ਭਰੇ ਬੋਲ
ਜਿਨ੍ਹਾਂ, ਅੱਗ ਲਗਾਊ ਭਾਸ਼ਨਕਾਰਾਂ ਦੀ
ਜ਼ੁਬਾਨ 'ਚੋਂ ਨਿਕਲਦੇ
ਉਹ, ਡੱਬੂ, ਹਿਟਲਰ ਦੀ ਹੀ
ਔਲਾਦ ਕਹਿਲਾਂਦੇ

ਸਰਬੱਤ ਦਾ ਭਲਾ ਦਾ ਜੈਕਾਰਾ ਹੀ
ਕੌਮਾਂ, ਸਭਿਆਚਾਰਾਂ, ਦੇਸ਼ਾਂ, ਦਾ
ਚੜ੍ਹਦੀ ਕਲਾ ਵਾਲਾ, ਭਵਿੱਖ
ਨਿਰਧਾਰਿਤ ਕਰਦਾ ਹੈ

ਜਦੋਂ ਕਿ, ਫਿਰਕੂ, ਨਫ਼ਰਤ ਭਰੀ, ਸੋਚ ਵਾਲੇ
ਹਿਟਲਰਾਂ ਦੀ, ਧਰਤੀ ਦੇ
ਕੋਨੇ ਕੋਨੇ ਉੱਤੇ, ਹਮੇਸ਼ਾ
ਥੂਹ ਥੂਹ ਹੀ ਹੁੰਦੀ ਹੈ
■

(ਮਾਲਟਨ, ਸਤੰਬਰ 20, 2025)

ਜ਼ਮੀਰ ਦੀ ਆਵਾਜ਼

ਜ਼ਮੀਰ ਦੀ ਆਵਾਜ਼ ਜਾਗੀ, ਤਾਂ
ਭਗਤ ਸਿੰਘ, ਬੀ.ਕੇ. ਦੱਤ, ਨੇ
ਅੰਗ੍ਰੇਜ਼ਾਂ ਦੇ, ਬੋਲੇ ਕੰਨਾਂ ਤੱਕ
ਕਾਲੇ ਕਾਨੂੰਨਾਂ ਖਿਲਾਫ਼, ਆਪਣੀ
ਆਵਾਜ਼ ਪਹੁੰਚਾਉਣ ਲਈ
ਦਿੱਲੀ ਅਸੈਂਬਲੀ ਵਿੱਚ
ਬੰਬ ਧਮਾਕਾ ਕਰ ਦਿੱਤਾ

ਜ਼ਮੀਰ ਦੀ ਆਵਾਜ਼ ਜਾਗੀ, ਤਾਂ
ਹੋ-ਚੀ-ਮਿੰਨ ਨੇ, ਵਿਸ਼ਵ ਦੀ ਸੁਪਰਪਾਵਰ
ਅਮਰੀਕਾ ਵਿਰੁੱਧ, ਯੁੱਧ ਦਾ ਪਰਚਮ ਲਹਿਰਾ ਕੇ
ਦੋ ਹਿੱਸਿਆਂ ਵਿੱਚ ਵੰਡੇ, ਆਪਣੇ ਦੇਸ਼
ਵੀਅਤਨਾਮ ਨੂੰ ਆਜਾਦ ਕਰਵਾ ਕੇ
ਦੁਨੀਆ ਦੇ ਨਕਸ਼ੇ ਉੱਤੇ
ਇੱਕ, ਸ਼ਕਤੀਸ਼ਾਲੀ ਦੇਸ਼ ਵਜੋਂ ਲੈ ਆਂਦਾ

ਜ਼ਮੀਰ ਦੀ ਆਵਾਜ਼ ਜਾਗੀ, ਤਾਂ
ਸਟਾਲਿਨ ਨੇ, ਆਪਣੇ ਦੇਸ਼, ਸੋਵੀਅਤ ਯੂਨੀਅਨ ਦੇ
ਬਹਾਦਰ ਲੋਕਾਂ ਨੂੰ ਲਾਮਬੰਦ ਕਰ
ਸਟਾਲਿਨਗਰਾਦ ਵਿੱਚ, ਹਿਟਲਰ ਅਤੇ
ਉਸ ਦੀਆਂ, ਨਾਜ਼ੀ ਫੌਜਾਂ ਨੂੰ ਹਰਾ ਕੇ
ਵਿਸ਼ਵ ਯੁੱਧ-2 ਵਿੱਚ
ਜਿੱਤ ਦਾ ਝੰਡਾ ਲਹਿਰਾ ਦਿੱਤਾ
ਜ਼ਮੀਰ ਦੀ ਆਵਾਜ਼ ਜਾਗੀ, ਤਾਂ

ਸ਼ਾਇਰ, ਐਲਨ ਗਿਨਜ਼ਬਰਗ ਨੇ
ਹਜ਼ਾਰਾਂ ਹੀ, ਲੋਕਾਂ ਦੀ ਭੀੜ ਸਾਹਮਣੇ
ਆਪਣੇ ਹੀ ਦੇਸ਼, ਅਮਰੀਕਾ ਦੇ
ਹੁਕਮਰਾਨਾਂ ਨੂੰ ਕਹਿ ਦਿੱਤਾ:
'ਅਮਰੀਕਾ, ਆਪਣੇ
ਐਟਮ ਬੰਬ ਨੂੰ
ਆਪਣੇ ਹੀ, ਢੂਹੇ 'ਚ
ਲੈ ਲਵੋ'

ਜ਼ਮੀਰ ਦੀ ਆਵਾਜ਼ ਜਾਗੀ, ਤਾਂ
ਵਿਸ਼ਵ ਪ੍ਰਸਿੱਧ ਲੇਖਕ, ਯਾਂ ਪਾਲ ਸਾਰਤਰ ਨੇ
ਵਿਸ਼ਵ ਦਾ ਸਭ ਤੋਂ ਵੱਡਾ, ਸਾਹਿਤਕ ਪੁਰਸਕਾਰ
'ਨੋਬਲ ਪਰਾਈਜ਼' ਠੁਕਰਾ ਦਿੱਤਾ
ਕਿਉਂਕਿ, ਉਹ, ਹੁਕਮਰਾਨਾਂ ਦੀਆਂ
ਮਾਰੂ ਨੀਤੀਆਂ ਦਾ, ਕਦੀ ਵੀ
ਸਮਰਥੱਕ ਨਹੀਂ ਸੀ ਬਨਣਾ ਚਾਹੁੰਦਾ

ਜ਼ਮੀਰ ਦੀ ਆਵਾਜ਼ ਜਾਗੀ, ਤਾਂ
ਮਾਰਟਿਨ ਲੂਥਰ ਕਿੰਗ ਜੂਨੀਅਰ ਨੇ
ਲੱਖਾਂ ਲੋਕਾਂ ਨੂੰ ਲਾਮਬੰਦ ਕਰ
ਅਮਰੀਕਾ ਵਿੱਚ, ਕਾਲੇ ਰੰਗ ਦੇ ਲੋਕਾਂ ਉੱਤੇ ਹੁੰਦੇ
ਅਣ-ਮਨੁੱਖੀ, ਤਸ਼ੱਦਦ ਖਿਲਾਫ਼
ਆਵਾਜ਼ ਬੁਲੰਦ ਕਰਨ ਲਈ
ਮਨੁੱਖੀ ਹੱਕਾਂ ਦੀ ਲਹਿਰ ਚਲਾ ਦਿੱਤੀ
ਪਰ, ਅਫ਼ਸੋਸ ਹੈ ਕਿ
ਹਰ ਕਿਸੀ ਦੀ, ਇਸ ਤਰ੍ਹਾਂ
ਜ਼ਮੀਰ ਨਹੀਂ ਜਾਗਦੀ-

ਮਰੀਆਂ ਹੋਈਆਂ ਜ਼ਮੀਰਾਂ ਵਾਲੇ ਲੋਕ
ਤਾਂ, ਮਹਿਜ਼, ਦੋ ਦੋ ਗਜ਼ ਕੱਪੜੇ ਦੀਆਂ ਲੀਰਾਂ
'ਸਿਰੋਪਾਓ' ਲੈਣ ਖਾਤਿਰ, ਆਪਣੇ
ਹੁਕਮਰਾਨਾਂ ਦੇ ਪੈਰਾਂ ਵਿੱਚ
ਪਾਲਤੂ, ਕੁੱਤਿਆਂ, ਬਿੱਲੀਆਂ, ਵਾਂਗ
ਵਿਛ ਵਿਛ ਜਾਂਦੇ ਹਨ

ਜਾਗਦੀ ਜ਼ਮੀਰ ਵਾਲੇ ਲੋਕ
ਤਾਂ, ਸਰੀਰਕ ਤੌਰ ਉੱਤੇ, ਮਰ ਕੇ ਵੀ
ਕਦੀ, ਨਹੀਂ ਮਰਦੇ
ਪਰ, ਮਰੀ ਹੋਈ ਜ਼ਮੀਰ ਵਾਲੇ ਲੋਕ
ਤਾਂ, ਸਰੀਰਕ ਤੌਰ ਉੱਤੇ, ਜਿਉਂਦੇ ਵੀ
ਮਰਿਆਂ ਵਰਗੇ ਹੀ ਹੁੰਦੇ ਹਨ
■

(ਮਾਲਟਨ, ਅਕਤੂਬਰ 2, 2025)

ਕਾਤਲਾਂ ਦੀ ਪਹਿਚਾਣ

ਉਹ, ਤਾਂ, ਕਿਸੀ ਵੀ ਭੇਸ ਵਿੱਚ
ਆ ਸਕਦੇ ਹਨ–

ਮੰਦਰਾਂ, ਮਸਜਿਦਾਂ, ਗਿਰਜਿਆਂ, ਗੁਰਦੁਆਰਿਆਂ, ਦੇ
ਘੜੰਮ ਚੌਧਰੀ ਬਣ ਕੇ
ਪੰਡਤਾਂ, ਮੌਲਵੀਆਂ, ਪਾਦਰੀਆਂ, ਭਾਈਆਂ, ਦੇ ਰੂਪ ਵਿੱਚ
ਦਰਸ਼ਨੀ ਚਿਹਰੇ ਬਣਾ, ਚਿਹਰਿਆਂ ਉੱਤੇ
ਰੇਸ਼ਮੀ ਮੁਸਕਰਾਹਟਾਂ ਦੇ ਮੁਖੌਟੇ ਪਹਿਨ
ਬਗਲ ਵਿੱਚ ਤ੍ਰਿਸ਼ੂਲ, ਗੰਡਾਸੇ, ਖੰਜਰ, ਕਿਰਪਾਨਾਂ, ਛੁਪਾ
ਮਿੱਠੇ ਮਿੱਠੇ ਸ਼ਬਦ ਮੂੰਹੋਂ ਬੋਲ ਕੇ
ਕਾਲਪਨਿਕ ਕਥਾਵਾਂ ਦਾ ਪਾਠ ਕਰਕੇ
ਉਹ, ਤੁਹਾਡੇ, ਹਮਦਰਦ ਹੋਣ ਦਾ
ਤੁਹਾਡੇ, ਮਨਾਂ 'ਚ, ਮਸਤਕਾਂ 'ਚ
ਭਰਮ ਸਿਰਜ ਸਕਦੇ ਹਨ

ਉਹ, ਤਾਂ, ਕਿਸੀ ਵੀ ਭੇਸ ਵਿੱਚ
ਆ ਕੇ, ਤੁਹਾਡੇ, ਮਨ–ਮੰਦਰ ਦੇ
ਦਰਵਾਜ਼ੇ ਖੋਲ੍ਹ ਸਕਦੇ ਹਨ

ਤੁਹਾਡੇ, ਮਨ–ਮੰਦਰ 'ਚ
ਦਾਖਲ ਹੋ ਕੇ, ਮਹਾਂ
ਉੱਥਲ–ਪੁਥੱਲ ਕਰ ਸਕਦੇ ਹਨ

ਤੁਹਾਡੀ, ਸੋਚ ਦੇ
ਅੰਦਰੂਨੀ, ਤਹਿਖਾਨਿਆਂ 'ਚ
ਆਪਣੀ, ਨਫ਼ਰਤ ਦੇ
ਬੀਜ ਬੀਜ ਸਕਦੇ ਹਨ

ਤੁਹਾਡੀ, ਰੂਹ ਦੀ
ਜਰਖੇਜ਼, ਭੂਮੀ 'ਚ
ਚੁੱਪ-ਚੁਪੀਤੇ-
ਧਰਮੀ, ਨਫ਼ਰਤ ਦੀ
ਕੈਂਸਰ ਦੇ, ਜਰਮਾਂ ਦੀ
ਖੇਤੀ ਕਰ ਸਕਦੇ ਹਨ

ਉਹ, ਤਾਂ
ਕਿਸੀ ਵੀ ਭੇਸ 'ਚ
ਤੁਹਾਡਾ, ਚੁੱਪ-ਚੁਪੀਤੇ
ਕਤਲ ਕਰ ਸਕਦੇ ਹਨ
■

(ਮਾਲਟਨ, ਅਕਤੂਬਰ 3, 2025)

ਅਪਣਾਪਨ

ਜਦੋਂ, ਉਨ੍ਹਾਂ ਵਿੱਚ
ਸਾਂਝੀਵਾਲਤਾ ਦੀ ਭਾਵਨਾ ਮੁੱਕ ਗਈ–
ਤਾਂ, ਉਹ, ਹਰ ਪਾਸੇ
ਖ਼ੂਨੀ, ਗੈਂਗਸਟਰ ਗੋ੍ਹਾਂ ਦੇ ਝੁੰਡ
ਬਣਾ ਬਣਾ ਕੇ
ਦਨਦਨਾਂਦੇ ਦਿਖਣ ਲੱਗੇ

ਜਦੋਂ, ਉਨ੍ਹਾਂ ਵਿੱਚ
ਅਪਣੇਪਨ ਦੀ ਭਾਵਨਾ ਮੁੱਕ ਗਈ–
ਤਾਂ, ਉਹ, ਜਹਾਜ਼ ਭਰ ਭਰ
ਧਰਤੀ ਦੇ ਉਸ ਹਿੱਸੇ ਤੋਂ
ਧਰਤੀ ਦੇ ਹੋਰਨਾਂ ਹਿੱਸਿਆਂ ਵੱਲ
ਉਡਾਨਾਂ ਭਰਨ ਲੱਗੇ

ਜਦੋਂ, ਉਨ੍ਹਾਂ ਵਿੱਚ
ਮਿਹਨਤਾਂ ਕਰਕੇ, ਆਪਣੇ, ਖੇਤਾਂ ਵਿੱਚ
ਲਹਿਲਹਾਉਂਦੀਆਂ, ਫਸਲਾਂ ਨੂੰ ਦੇਖ
ਨੱਚਣਾ, ਗਾਉਣਾ, ਹੱਸਣਾ, ਭੁੱਲ ਗਿਆ–
ਤਾਂ, ਉਹ, ਕਰੈਕ, ਕੁਕੇਨ, ਫੈਂਟਾਨਿਲ, ਜਿਹੇ
ਨਸ਼ਿਆਂ ਵਿੱਚ ਗਲਤਾਨ ਹੋ
ਸੜਕਾਂ, ਖੇਤਾਂ, ਚੌਰਸਤਿਆਂ, ਵਿੱਚ
ਨਸ਼ੱਈ ਹੋ ਹੋ, ਡਿੱਗੇ ਮਿਲਣ ਲੱਗੇ
ਜਦੋਂ, ਉਨ੍ਹਾਂ ਵਿੱਚ
ਲੋਕ–ਭਲਾਈ ਦੇ ਉਦੇਸ਼ ਨਾਲ ਰਾਜਨੀਤੀ ਕਰਨ ਦੀ ਥਾਂ

ਭ੍ਰਿਸ਼ਟ-ਰਾਜਨੀਤੀ ਕਰਕੇ ਰਾਜਨੀਤਿਕ ਸਿੰਘਾਸਨ
ਹਥਿਆਉਣ ਦੀ ਲਾਲਸਾ ਜਾਗ ਪਈ-
ਤਾਂ, ਉਹ, ਵਿਰੋਧੀ ਵਿਚਾਰਾਂ ਵਾਲੇ ਲੋਕਾਂ ਨੂੰ
ਆਪਣੇ, ਭਾੜੇ ਦੇ ਕਾਤਲ-ਗ੍ਰੋਹਾਂ ਦੀਆਂ
ਗੋਲੀਆਂ ਦਾ ਨਿਸ਼ਾਨਾ
ਬਨਵਾਉਣ ਲੱਗੇ
ਜਦੋਂ, ਉਨ੍ਹਾਂ ਵਿੱਚ
ਲੋਕ-ਪਿਆਰ ਦੀ ਭਾਵਨਾ ਦੀ ਥਾਂ
ਖੁਦਗਰਜ਼ੀ, ਮੌਕਾਪ੍ਰਸਤੀ, ਚਾਪਲੂਸੀ, ਲਈ ਮੋਹ ਜਾਗ ਪਿਆ-
ਤਾਂ, ਉਹ, ਲੋਕਾਂ ਦੇ ਦੁੱਖਾਂ, ਦਰਦਾਂ, ਹੱਕਾਂ, ਦੀ ਗੱਲ ਕਰਨ ਵਾਲੇ
ਹਰ, ਲੇਖਕ, ਬੁੱਧੀਜੀਵੀ, ਪੱਤਰਕਾਰ, ਕਲਾਕਾਰ, ਰਾਜਨੀਤੀਵਾਨ, ਨੂੰ
ਜੇਲ੍ਹਾਂ ਦੀਆਂ ਕਾਲਕੋਠਰੀਆਂ ਵਿੱਚ ਡੱਕਣ ਲੱਗੇ

ਮਨੁੱਖ ਦਾ, ਹਰ ਪਲ
ਮਨੁੱਖ ਬਣੇ ਰਹਿਣਾ
ਬਹੁਤ ਜ਼ਰੂਰੀ ਹੈ-
-ਸਾਂਝੀਵਾਲਤਾ
-ਅਪਣਾਪਨ
-ਮਿਹਨਤ
-ਲੋਕ-ਭਲਾਈ
-ਲੋਕ-ਪਿਆਰ
ਮਨੁੱਖ ਅੰਦਰ
ਤਾਂ ਹੀ, ਜਾਗਦੇ ਰਹਿਣਗੇ
■

(ਮਾਲਟਨ, ਅਕਤੂਬਰ 5, 2025)

ਬਘਿਆੜਾਂ ਦੇ ਹਵਾਲੇ

ਹਕੂਮਤਾਂ, ਅਕਸਰ
ਆਪਣੀਆਂ, ਖ਼ਤਰਨਾਕ
ਇਛਾਵਾਂ ਨੂੰ ਪੂਰਾ ਕਰਨ ਲਈ
ਆਪਣੇ ਹੀ, ਲੋਕਾਂ ਨੂੰ
ਬਘਿਆੜਾਂ ਦੇ ਹਵਾਲੇ
ਕਰ ਦਿੰਦੀਆਂ ਹਨ–

ਹਕੂਮਤਾਂ ਦੇ ਪਾਲਤੂ–
ਧਰਮੀ ਮੱਠਾਂ ਦੇ, ਮਹੰਤ
ਗੱਲ ਗੱਲ ਉੱਤੇ, ਮਾਨਵੀ ਹੱਕਾਂ ਦੀ
ਆਜ਼ਾਦੀ ਨੂੰ, ਆਪਣੀ
ਦਹਿਸ਼ਤ ਦੇ ਖ਼ੂਨੀ ਪੰਜਿਆਂ ਹੇਠ
ਦਰੜੀ ਰੱਖਣ ਲਈ, ਕਿਸੇ
ਅਗਿਆਤ ਰੱਬ ਦਾ ਖ਼ੌਫ਼, ਉਨ੍ਹਾਂ ਦੇ
ਮਨਾਂ ਵਿੱਚ ਜਗਾਈ ਰੱਖਦੇ ਹਨ

ਹਕੂਮਤਾਂ ਦੇ ਪਾਲਤੂ–
ਵੱਡੇ ਵੱਡੇ ਸਰਮਾਏਦਾਰ
ਮਨੁੱਖੀ ਜ਼ਿੰਦਗੀ ਵਿੱਚ, ਹਰ ਦਿਨ
ਕੰਮ ਆਉਣ ਵਾਲੀਆਂ, ਚੀਜ਼ਾਂ ਦੇ
ਆਪਣੇ, ਵੱਡੇ ਵੱਡੇ, ਗੋਦਾਮਾਂ ਵਿੱਚ
ਜ਼ਖੀਰੇ ਬਣਾ ਅਤੇ ਮੰਡੀ ਵਿੱਚ
ਉਨ੍ਹਾਂ, ਚੀਜ਼ਾਂ ਦੀਆਂ, ਕੀਮਤਾਂ ਨੂੰ
ਅਸਮਾਨੀਂ ਚੜ੍ਹਾ, ਆਮ ਲੋਕਾਂ ਦੀ

ਜ਼ਿੰਦਗੀ, ਅਤਿ-ਮੁਸ਼ਕਲਾਂ ਭਰੀ
ਤਰਸਯੋਗ, ਬਣਾ ਦਿੰਦੇ ਹਨ

ਹਕੂਮਤਾਂ ਦੇ ਪਾਲਤੂ-
ਦੇਸ਼ ਦੀਆਂ ਫੈਕਟਰੀਆਂ, ਕਾਰਖਾਨਿਆਂ, ਦੇ ਮਾਲਕਾਂ ਨੂੰ
ਖ਼ਤਰਨਾਕ, ਜਰਮਾਂ ਨਾਲ ਭਰਪੂਰ, ਕੂੜਾ-ਕਰਕਟ
ਨਦੀਆਂ, ਨਾਲਿਆਂ, ਦਰਿਆਵਾਂ, ਝੀਲਾਂ, ਵਿੱਚ
ਸੁੱਟਣ ਦੀ ਖੁੱਲ੍ਹ ਦੇ ਕੇ
ਲੋਕਾਂ ਨੂੰ ਕੈਂਸਰ, ਟੀ.ਬੀ., ਵਰਗੀਆਂ
ਬੀਮਾਰੀਆਂ ਦੀ ਭੱਠੀ ਵਿੱਚ
ਝੋਂਕ ਦਿੰਦੇ ਹਨ

ਹਕੂਮਤਾਂ ਦੇ ਪਾਲਤੂ-
ਖਾਣ-ਪੀਣ, ਵਾਲੀਆਂ ਚੀਜ਼ਾਂ
ਬਨਾਉਣ ਵਾਲਿਆਂ ਨੂੰ, ਹਰ ਤਰ੍ਹਾਂ ਦੀ
ਮਿਲਾਵਟ ਕਰਨ ਦੀ, ਖੁੱਲ੍ਹ ਦੇ ਕੇ
ਲੋਕਾਂ ਦੀ ਸਿਹਤ ਨਾਲ
ਗਦਾਰੀ ਭਰਿਆ ਵਰਤਾਓ ਕਰਕੇ
ਆਪਣੀਆਂ, ਬੈਂਕ ਤਜੌਰੀਆਂ ਭਰਨ ਦਾ
ਜੁਰਮ ਕਰਦੇ ਹਨ

ਹਕੂਮਤ ਦੇ ਪਾਲਤੂ-
ਗੈਂਗਸਟਰ ਗੋ੍ਹਾਂ ਨੂੰ ਪਾਲ
ਬੇਕਸੂਰ, ਲੋਕਾਂ ਦੇ ਘਰਾਂ, ਵਿਉਪਾਰਕ ਅਦਾਰਿਆਂ, ਉੱਤੇ
ਨਿੱਤ, ਗੋਲੀਆਂ ਦੀ ਬਰਖਾ ਕਰਦੇ ਹਨ
ਮਾਸੂਮ ਲੋਕਾਂ ਦੀਆਂ, ਛਾਤੀਆਂ ਵਿੱਚ
ਛੁਰੇ ਖੋਭਦੇ ਹਨ, ਹਕੂਮਤ ਦੇ ਜੁਲਮਾਂ ਵਿਰੁੱਧ
ਆਵਾਜ਼ ਉਠਾਉਣ ਵਾਲੇ, ਹਰ ਸਖਸ਼ ਦੀ

ਜ਼ੁਬਾਨ ਬੰਦ ਕਰਨ ਲਈ
ਉਸਦਾ, ਜਿਉਣਾ ਹਰਾਮ ਕਰ ਦਿੰਦੇ ਹਨ

ਹਕੂਮਤਾਂ ਦੇ ਪਾਲਤੂ–
ਪੁਲਿਸ ਵਿਭਾਗ, ਖੁਫੀਆ ਏਜੰਸੀਆਂ
ਲੇਖਕਾਂ, ਬੁੱਧੀਜੀਵੀਆਂ, ਪੱਤਰਕਾਰਾਂ, ਕਲਾਕਾਰਾਂ, ਰਾਜਨੀਤੀਵਾਨਾਂ, ਨੂੰ
ਹਕੂਮਤ ਦੇ ਚਾਪਲੂਸ ਬਨਾਉਣ ਲਈ
ਝੂਠੇ ਮੁਕੱਦਮੇ ਬਣਾ, ਜੇਹਲਾਂ ਵਿੱਚ ਡੱਕ
ਉਨ੍ਹਾਂ ਦੀ, ਅਮਨ ਅਤੇ ਖੁਸ਼ਹਾਲੀ ਵਾਲੀ, ਜ਼ਿੰਦਗੀ ਨੂੰ
ਨਰਕ ਬਣਾ ਦਿੰਦੇ ਹਨ

ਹਕੂਮਤਾਂ, ਅਕਸਰ
ਆਪਣੀਆਂ, ਖ਼ਤਰਨਾਕ ਇਛਾਵਾਂ ਨੂੰ
ਪੂਰਾ ਕਰਨ ਲਈ–
ਆਪਣੇ ਹੀ, ਦੇਸ ਵਾਸੀਆਂ ਨੂੰ
ਬਘਿਆੜਾਂ ਦੇ ਹਵਾਲੇ
ਕਰ ਦਿੰਦੀਆਂ ਹਨ
■

(ਮਾਲਟਨ, ਅਕਤੂਬਰ 7, 2025)

ਸ਼ਿਕਾਰੀ

ਸ਼ਿਕਾਰੀ, ਪੰਛੀਆਂ ਨੂੰ
ਆਪਣੇ, ਜਾਲ ਵਿੱਚ, ਫਸਾਉਣ ਲਈ
ਤਰ੍ਹਾਂ ਤਰ੍ਹਾਂ ਦੇ, ਜਾਲ
ਵਿਛਾਉਂਦਾ ਹੈ–

ਸ਼ਿਕਾਰੀ–
ਥੁੜਾਂ ਦੇ ਮਾਰੇ, ਵਿਹਲੇ, ਬੇਰੁਜ਼ਗਾਰ, ਵਿਗੜੇ ਹੋਏ, ਪੰਛੀਆਂ ਨੂੰ
ਨਸ਼ਿਆਂ ਦੀ ਆਦਤ ਪਾਉਣ ਲਈ
ਦੇਵੀ ਮਾਤਾ ਦੇ ਮੰਦਰ ਦੇ ਪ੍ਰਸ਼ਾਦਿ ਵਾਂਗ
ਚਰਸ, ਅਫੀਮ, ਕਰੈਕ, ਕੁਕੇਨ, ਦੀਆਂ ਭਰੀਆਂ
ਚਿਲਮਾਂ 'ਚੋਂ, ਬਿਨਾ ਕਿਸੀ ਕੀਮਤ ਦੇ
ਜੀਅ ਭਰਕੇ, ਸੂਟੇ ਲਗਾਉਣ
ਪੂਰੀ ਤਰ੍ਹਾਂ, ਨਸ਼ੇ ਵਿੱਚ ਧੁੱਤ ਹੋ
ਸੜਕਾਂ, ਚੌਰਸਤਿਆਂ, ਬਾਜ਼ਾਰਾਂ, ਖੇਤਾਂ, 'ਚ
ਬੇਸੁਰਤ ਹੋ, ਡਿੱਗੇ ਹੋਣ ਤੋਂ ਬਾਅਦ
ਉਨ੍ਹਾਂ ਦੀਆਂ, ਮਜਬੂਰੀਆਂ ਦਾ ਲਾਭ ਉਠਾ
ਉਨ੍ਹਾਂ ਤੋਂ, ਹਰ ਕਿਸਮ ਦੇ, ਨਸ਼ੇ ਦੀ
ਸਮਗਲਿੰਗ ਦਾ ਧੰਦਾ ਕਰਵਾਉਣ ਦੀ
ਪੂਰੀ ਤਰ੍ਹਾਂ, ਖੁੱਲ੍ਹ ਲੈਂਦਾ ਹੈ

ਸ਼ਿਕਾਰੀ–
ਘਰਾਂ ਦੇ, ਸਾਹ ਘੁੱਟਵੇਂ, ਮਾਹੌਲ ਤੋਂ ਤੰਗ ਆ ਕੇ
ਘਰਾਂ ਨੂੰ ਛੱਡ, ਸੜਕਾਂ ਉੱਤੇ ਆ ਚੁੱਕੀਆਂ, ਬੇਸਹਾਰਾ
ਕੋਈ ਪਨਾਹ ਢੂੰਡ ਰਹੀਆਂ, ਅੱਲ੍ਹੜ ਮੁਟਿਆਰਾਂ ਨੂੰ

ਰੋਟੀ ਦਾ ਗੋਲ ਟੁੱਕੜਾ ਦਿਖਾ, ਸਿਰ ਛੁਪਾਉਣ ਲਈ
ਛੱਤ ਦੇ, ਸ਼ਹਿਰ ਦੇ ਰੈੱਡ ਲਾਈਟ ਇਲਾਕਿਆਂ 'ਚ
ਉਨ੍ਹਾਂ ਦੇ, ਵਿਕਾਊ, ਜਿਸਮਾਂ ਦੀ ਨੁਮਾਇਸ਼ ਲਗਾ
ਪੰਜ ਤਾਰਾ, ਹੋਟਲਾਂ ਦੇ ਨਰਮ ਗੱਦਿਆਂ ਉੱਤੇ
ਭੁੱਖੇ, ਬਘਿਆੜਾਂ ਅੱਗੇ, ਸੁੱਟੇ ਜਾਣ ਦੀ
ਪੂਰੀ ਤਰ੍ਹਾਂ, ਖੁੱਲ੍ਹ ਲੈਂਦਾ ਹੈ

ਸ਼ਿਕਾਰੀ–
ਖੇਤਾਂ, ਜ਼ਮੀਨਾਂ, ਘਰਾਂ, ਨੂੰ ਗਹਿਣੇ ਧਰ, ਬੈਂਕਾਂ ਤੋਂ, ਕਰਜ਼ੇ ਲੈ
ਬਦੇਸ਼ੀ ਧਰਤੀਆਂ ਉੱਤੇ, ਵਿਦਿਆਰਥੀ ਬਣ ਆਏ, ਜੁਆਕਾਂ ਕੋਲ
ਕਾਲਜਾਂ, ਯੂਨੀਵਰਸਿਟੀਆਂ, ਦੀਆਂ ਫੀਸਾਂ ਨ ਦੇ ਸਕਣ
ਘਰਾਂ ਦਾ ਗੁਜ਼ਾਰਾ ਕਰ ਸਕਣ ਲਈ, ਜੇਹਬਾਂ 'ਚ ਡਾਲਰ
ਨ ਹੋ ਸਕਣ ਦੀਆਂ ਮਜਬੂਰੀਆਂ ਨੂੰ ਭਾਂਪ
ਉਨ੍ਹਾਂ ਦੇ, ਦਿਮਾਗਾਂ 'ਚ ਧਰਮੀ–ਅਪਰਾਧਕ ਦਹਿਸ਼ਤਗਰਦੀ ਦੀ
ਜ਼ਹਿਰ ਦੇ ਕੀਟਾਣੂਆਂ ਦਾ ਛਿੜਕਾਅ ਕਰ
ਉਨ੍ਹਾਂ ਦੇ, ਹੱਥਾਂ 'ਚ ਏਕੇ–47 ਮਸ਼ੀਨ ਗੰਨਾਂ ਫੜਾ
ਉਨ੍ਹਾਂ ਤੋਂ, ਆਪਣੀ, ਮਰਜ਼ੀ ਦੇ ਕਤਲ ਕਰਵਾਉਣ
ਵਿਉਪਾਰੀਆਂ, ਅਦਾਕਾਰਾਂ, ਮੀਡੀਆ ਕਰਮੀਆਂ, ਤੋਂ
ਭਾਰੀ, ਫਿਰੌਤੀਆਂ ਵਸੂਲਣ ਲਈ, ਧਮਕੀਆਂ ਦੇਣ ਵਜੋਂ
ਉਨ੍ਹਾਂ ਦੇ ਘਰਾਂ, ਵਿਉਪਾਰਕ ਅਦਾਰਿਆਂ, ਅੱਗੇ
ਧੁੰਆਂਧਾਰ, ਗੋਲੀਬਾਰੀ ਕਰਵਾਉਣ ਦੀ
ਪੂਰੀ ਤਰ੍ਹਾਂ, ਖੁੱਲ੍ਹ ਲੈਂਦਾ ਹੈ

ਸ਼ਿਕਾਰੀ–
ਆਪਣੀਆਂ, ਅੰਤਰੀਵ ਇਛਾਵਾਂ ਦੀ ਪੂਰਤੀ ਲਈ
ਤਰ੍ਹਾਂ ਤਰ੍ਹਾਂ ਦੇ, ਜਾਲ ਵਿਛਾ
ਮੁਹਰਿਆਂ ਵਾਂਗ, ਵਰਤੇ ਜਾਣ ਵਾਲੇ
ਪੰਛੀ ਫਸਾਉਣ ਲਈ

ਤਰਨਤਾਰਨ, ਜਲੰਧਰ, ਫਰੀਦਕੋਟ, ਗੁਰਦਾਸਪੁਰ, ਮਾਲਟਨ, ਬਰੈਂਪਟਨ
ਸਰੀ, ਕੈਲਗਰੀ, ਅਡਮਿੰਟਨ, ਨਿਊਯਾਰਕ, ਸਾਨਫਰਾਂਸਿਸਕੋ, ਲੰਡਨ,
ਜਿਹਾ
ਚਾਹੇ, ਕੋਈ ਵੀ ਸ਼ਹਿਰ ਕਿਉਂ ਨ ਹੋਵੇ
ਆਪਣਾ, ਸਾਜ਼ਿਸ਼ੀ
ਜੁਗਾੜ ਲਗਾਉਂਦਾ ਹੈ

ਉਸ ਨੂੰ, ਇਸ ਨਾਲ
ਕੋਈ, ਫ਼ਰਕ ਨਹੀਂ ਪੈਂਦਾ
ਉਹ, ਧਰਤੀ ਦੇ ਕਿਸ ਹਿੱਸੇ ਵਿੱਚ
ਸ਼ਤਰੰਜ ਦੀ ਖੇਡ
ਖੇਡ ਰਿਹਾ ਹੈ

ਸ਼ਿਕਾਰੀ ਜਾਣਦਾ ਹੈ–
ਕਿਸ ਤਰ੍ਹਾਂ ਦੇ, ਪੰਛੀ ਫਸਾਉਣ ਲਈ
ਕਿਸ ਟਿਕਾਣੇ 'ਤੇ, ਕਿਸ ਤਰ੍ਹਾਂ ਦਾ
ਚੋਗਾ ਸੁੱਟਣਾ ਹੈ

ਸ਼ਿਕਾਰੀ ਜਾਣਦਾ ਹੈ–
ਪੰਛੀ ਦੀਆਂ, ਕਿਸ ਤਰ੍ਹਾਂ ਦੀਆਂ
ਮਜਬੂਰੀਆਂ ਦੀ, ਮਾਨਸਿਕਤਾ ਨੂੰ
ਜਾਨਣਾ, ਸਮਝਣਾ, ਉਤਸਾਹਿਤ
ਕਰਨਾ ਹੈ

ਉਨ੍ਹਾਂ ਨੂੰ, ਆਪਣੇ
ਹਿੱਤਾਂ ਲਈ, ਕਿੰਝ
ਵਰਤਣਾ ਹੈ
■

(ਮਾਲਟਨ, ਅਕਤੂਬਰ 21, 2025)

ਸਭਿਆਚਾਰ ਦਾ ਕਤਲ

ਸਭ ਤੋਂ ਪਹਿਲਾਂ, ਕਾਤਲਾਂ ਨੇ
ਸਭਿਆਚਾਰ ਦੀ ਨੀਂਹ, ਸਾਂਝੀਵਾਲਤਾ ਦੀ ਭਾਵਨਾ, ਨੂੰ
ਕਮਜ਼ੋਰ ਕਰਨ ਲਈ, ਲੋਕ-ਮਾਨਸਿਕਤਾ ਵਿੱਚ
ਜਾਤ-ਪਾਤ, ਊਚ-ਨੀਚ, ਧਾਰਮਿਕ ਕੱਟੜਤਾ, ਦੇ
ਕੁਰਬਲ-ਕੁਰਬਲ ਕਰਦੇ, ਕੀਟਾਣੂਆਂ ਦੇ ਬੀਜ ਬੀਜੇ

ਫਿਰ, ਕਾਤਲਾਂ ਨੇ
ਨੌਜਵਾਨਾਂ ਦੀ ਮਾਨਸਿਕਤਾ ਨੂੰ ਗੰਧਲਾ ਕਰਨ ਲਈ
ਉਨ੍ਹਾਂ ਨੂੰ, ਨਸ਼ੇੜੀ ਬਨਾਉਣ ਲਈ
ਕਰੈਕ, ਕੁਕੇਨ, ਅਫੀਮ, ਫੈਂਟਾਨਿਲ, ਚਰਸ, ਭੰਗ
ਪ੍ਰਸ਼ਾਦਿ ਵਾਂਗ, ਮੁਫਤ ਵੰਡ
ਪਹਿਲਾਂ ਹੀ ਵਿਗੜੇ ਹੋਏ, ਅਮੀਰ ਘਰਾਂ ਦੇ
ਕਾਕੇ/ਕਾਕੀਆਂ ਨੂੰ ਹੋਰ ਚੰਭਲਾਉਣ
ਸੈਕਸੂਅਲ, ਬੀਮਾਰੀਆਂ 'ਚ ਉਲਝਾਉਣ ਲਈ
ਉਨ੍ਹਾਂ ਨੂੰ, ਸੁਗਾਤ ਵਜੋਂ ਦੇਣ ਲਈ
ਉਨ੍ਹਾਂ ਦੀਆਂ, ਲੱਤਾਂ, ਬਾਹਾਂ, 'ਚ
ਚਿੱਟੇ ਨਸ਼ੇ ਦੇ, ਇੰਜੈਕਸ਼ਨ ਲਗਾਏ

ਨਸ਼ੇੜੀ ਬਣ ਚੁੱਕੀ ਮੁੰਡੀਰ ਨੂੰ, ਕਾਤਲਾਂ ਨੇ
ਫਿਰੌਤੀ ਗੈਂਗਸਟਰ ਸਭਿਆਚਾਰ ਦੇ ਰਾਹ ਤੋਰਨ ਲਈ
ਹੱਥਾਂ 'ਚ, ਬੰਦੂਕਾਂ, ਪਿਸਤੌਲਾਂ, ਮਸ਼ੀਨ ਗੰਨਾਂ, ਫੜਾ
ਲੁਧਿਆਣਾ, ਜਲੰਧਰ, ਬਰੈਂਪਟਨ, ਸਰੀ, ਲੰਡਨ, ਨਿਊਯਾਰਕ, ਦੇ
ਘਰਾਂ, ਵਿਉਪਾਰਕ ਅਦਾਰਿਆਂ, ਸ਼ੌਪਿੰਗ ਪਲਾਜ਼ਿਆਂ, 'ਚ
ਲੁੱਟਾਂ-ਖੋਹਾਂ, ਡਾਕੇ, ਕਤਲ, ਕਰਨ ਦੇ ਰਾਹ ਤੋਰਨ ਲਈ

ਮੰਦ-ਬੁੱਧੀ ਬਣ ਚੁੱਕੇ ਯੋਧਿਆਂ ਨੂੰ
ਰਾਤੋ-ਰਾਤ , ਅਮੀਰ ਬਨਣ ਦੇ
ਸਬਜ਼ ਬਾਗ ਦਿਖਾਏ

ਲਾਲਚੀ, ਭ੍ਰਿਸ਼ਟ, ਮਤਲਬਪ੍ਰਸਤ, ਗਾਇਕਾਂ ਸਾਹਮਣੇ, ਕਾਤਲਾਂ ਨੇ
ਜ਼ੁਬਾਨ ਦੀ, ਸੂਖਮਤਾ, ਨੈਤਿਕਤਾ, ਭਾਈਚਾਰਕਤਾ, ਖਤਮ ਕਰਨ ਲਈ
ਗੈਂਗਸਟਰ ਸੱਭਿਆਚਾਰ ਦੀ ਸ਼ਬਦਾਵਲੀ, ਵਿਚਾਰਧਾਰਾ, ਦਾ
ਪਾਸਾਰ ਕਰਨ ਦੀ ਜ਼ਿੰਮੇਵਾਰੀ ਸੌਂਪ
ਡਾਲਰਾਂ, ਰੁਪੱਈਆਂ, ਪੌਂਡਾਂ, ਦਾ ਮੀਂਹ ਬਰਸਾਇਆ
ਗੈਂਗਸਟਰ ਗਾਇਕਾਂ ਨੇ, ਯੂਟਿਊਬ ਚੈਨਲਾਂ ਰਾਹੀਂ
ਨੌਜਵਾਨੀ ਦੀ ਸੋਚ ਵਿੱਚ, ਗੈਂਗਸਟਰ ਗਾਇਕੀ ਦੀ
ਲੱਚਰਤਾ, ਨਸ਼ੇੜੀਪੁਣਾ, ਹਥਿਆਰਾਂ ਨਾਲ ਪਿਆਰ
ਧਾਰਮਿਕ ਕੱਟੜਤਾ ਦਾ ਮੋਹ ਜਗਾਇਆ

ਸਭਿਆਚਾਰ ਦੇ ਕਾਤਲਾਂ ਨੇ
ਇੰਝ, ਹੌਲੀ ਹੌਲੀ
ਸਭਿਆਚਾਰ ਦਾ ਕਤਲ ਕਰ ਕੇ
ਰੰਗਲੇ ਪੰਜਾਬ ਨੂੰ
ਕੰਗਲਾ ਪੰਜਾਬ ਬਣਾਇਆ

ਸਭਿਆਚਾਰ ਦੇ ਕਾਤਲਾਂ ਨੇ
ਬੌਧਿਕ ਕੰਗਾਲ ਲੋਕਾਂ ਦੀ ਭੀੜ ਸਿਰਜ
ਨਸ਼ੇ ਦਾ ਛੇਵਾਂ ਦਰਿਆ ਵਗਾਇਆ

ਸੱਤਾ ਦੀਆਂ ਕੁਰਸੀਆਂ ਦੇ ਭੁੱਖੇ
ਭ੍ਰਿਸ਼ਟ, ਰਾਜਨੀਤੀਵਾਨਾਂ ਨੇ, ਇੰਝ
ਸਭਿਆਚਾਰ ਦਾ ਕਤਲ ਕਰਵਾਇਆ

■ (ਮਾਲਟਨ, ਫਰਵਰੀ 25, 2026)

ਚੀਕਾਂ ਕਢਾ ਦਿਆਂਗੇ

ਪੰਜਾਬੀ ਸਭਿਆਚਾਰ ਵਿੱਚ
ਅੱਜ ਕੱਲ੍ਹ, ਇੱਕ ਸ਼ਬਦ
ਹਰ ਕਿਸੀ ਦੀ
ਜ਼ੁਬਾਨ ਉੱਤੇ ਹੈ–

ਇੱਕ ਡਰੱਗ ਸਮੱਗਲਰ
ਜ਼ਮਾਨਤ ਉੱਤੇ, ਜੇਲ੍ਹ ਵਿੱਚੋਂ
ਰਿਹਾ ਹੋ ਕੇ ਆਉਂਦਾ ਹੈ
ਉਹ, ਜੇਲ੍ਹ ਦੇ ਦਰਵਾਜ਼ੇ 'ਚੋਂ
ਬਾਹਰ ਕਦਮ ਰੱਖਦਿਆਂ ਹੀ
ਆਪਣੇ, ਪੱਟਾਂ ਉੱਤੇ ਥਾਪੀ ਮਾਰ
ਬਦਮਾਸ਼ਾਂ ਵਾਂਗ ਪਾਲੀਆਂ, ਆਪਣੀਆਂ
ਕੁੰਡਲੀਆਂ ਮੁੱਛਾਂ ਨੂੰ ਮਰੋੜਦਿਆਂ
ਲਲਕਾਰਾ ਮਾਰਦਾ ਹੈ:
ਚੀਕਾਂ ਕਢਾ ਦਿਆਂਗੇ

ਇੱਕ ਧਾਰਮਿਕ ਸੰਸਥਾ ਦਾ ਮੁਖੀ
ਜੋ, ਆਪ ਹੀ, ਐਲਾਨ ਕਰਦਾ ਹੈ
ਸਾਡੀ ਧਾਰਮਿਕ ਸੰਸਥਾ ਵਿੱਚ, ਨਿੱਤ
ਅਨੇਕਾਂ ਹੀ, ਲੱਖਾਂ ਰੁਪਏ ਦੇ, ਘਪਲੇ ਹੁੰਦੇ ਹਨ
ਇੱਕ, ਪ੍ਰੈੱਸ ਕਾਨਫਰੰਸ ਵਿੱਚ
ਇੱਕ ਪੱਤਰਕਾਰ ਵੱਲੋਂ, ਘਪਲਿਆਂ ਬਾਰੇ
ਸੁਆਲ ਪੁੱਛੇ ਜਾਣ ਕਾਰਨ, ਕ੍ਰੋਧ ਵਿੱਚ ਆ

ਲਲਕਾਰਾ ਮਾਰਦਾ ਹੈ:
ਚੀਕਾਂ ਕਢਾ ਦਿਆਂਗੇ

ਇੱਕ ਰਾਜਨੀਤੀਵਾਨ
ਜੋ, ਦੇਸ਼ ਵਿੱਚ ਨਸ਼ਿਆਂ ਨੂੰ ਰੋਕਣ ਲਈ
ਨਸ਼ਿਆਂ ਵਿਰੁੱਧ ਜੰਗ ਛੇੜਣ ਦਾ
ਐਲਾਨ ਕਰਦਾ ਹੈ, ਪਰ ਹਕੂਮਤ ਦੇ
ਪੁਲਿਸ ਵਿਭਾਗ ਵੱਲੋਂ ਹੀ
ਨਸ਼ਿਆਂ ਦੀ ਕੀਤੀ ਜਾ ਰਹੀ
ਸਮੱਗਲਿੰਗ ਬਾਰੇ ਸੁਆਲ ਪੁੱਛੇ ਜਾਣ 'ਤੇ
ਭੜਕਾਹਟ ਵਿੱਚ ਆ
ਲਲਕਾਰਾ ਮਾਰਦਾ ਹੈ:
ਚੀਕਾਂ ਕਢਾ ਦਿਆਂਗੇ

ਇੱਕ ਅਧਿਆਪਕ
ਜੋ, ਵਿਸ਼ਵ-ਵਿੱਦਿਆਲੇ ਵਿੱਚ, ਨਿੱਤ
ਆਪਣੇ, ਵਿਦਿਆਰਥੀਆਂ ਨੂੰ
ਨੈਤਿਕਤਾ ਬਾਰੇ, ਲੰਬੇ-ਲੰਬੇ
ਭਾਸ਼ਨ ਦਿੰਦਾ ਹੈ, ਪਰ ਜਦੋਂ
ਉਸ ਦੇ ਹੀ ਵਿਭਾਗ ਵਿੱਚ
ਅਧਿਆਪਕਾਂ ਵੱਲੋਂ, ਵਿਦਿਆਰਥੀਆਂ ਦੇ
ਕੀਤੇ ਜਾ ਰਹੇ ਬਲਾਤਕਾਰਾਂ ਬਾਰੇ
ਸ਼ਹਿਰ ਵਿੱਚ, ਚਰਚਾ ਤੁਰ ਪੈਂਦੀ ਹੈ
ਹਵਾ ਵਿੱਚ, ਵਿਦਰੋਹੀ, ਮੁੱਕਾ ਤਾਣਦਿਆਂ
ਲਲਕਾਰਾ ਮਾਰਦਾ ਹੈ:
ਚੀਕਾਂ ਕਢਾ ਦਿਆਂਗੇ

ਇੱਕ ਸਾਹਿਤਕਾਰ
ਜੋ, ਆਪਣੀਆਂ, ਲਿਖਤਾਂ ਵਿੱਚ
ਜਾਤ-ਪਾਤ ਦੇ ਵਿਤਕਰੇ ਬਾਰੇ
ਬਹੁਤ ਹੀ, ਸਖ਼ਤ ਸ਼ਬਦਾਂ ਵਿੱਚ
ਲਿਖਦਾ ਹੈ, ਪਰ
ਆਪਣੇ ਹੀ, ਪ੍ਰਵਾਰ ਵਿੱਚ
ਜਾਤ-ਪਾਤ ਦੇ ਮਸਲੇ ਨੂੰ ਲੈ ਕੇ
ਆਪਣੀ ਹੀ, ਧੀ ਦੇ ਸ਼ਰੇਆਮ
ਕੀਤੇ ਗਏ ਕਤਲ ਬਾਰੇ, ਜਦੋਂ
ਲੋਕ-ਕਚਹਿਰੀ ਵਿੱਚ, ਉਸ ਨੂੰ
ਲਾਹਨਤਾਂ ਮਿਲਦੀਆਂ ਹਨ
ਆਪਣੀ, ਚਿੱਟੀ ਪੱਗ ਉੱਤੇ
ਖ਼ੂਨ ਦੇ ਪਏ ਦਾਗ਼ ਨੂੰ ਦੇਖ
ਬੇਸ਼ਰਮ, ਇਨਕਲਾਬੀਆਂ ਵਾਂਗ
ਲਲਕਾਰਾ ਮਾਰਦਾ ਹੈ:
ਚੀਕਾਂ ਕਢਾ ਦਿਆਂਗੇ

ਇੱਕ ਅੰਤਰ-ਰਾਸ਼ਟਰੀ ਵਿਦਿਆਰਥੀ
ਜੋ, ਰਾਤੋ-ਰਾਤ, ਅਮੀਰ ਬਨਣ ਦੀ ਖਾਹਿਸ਼ ਪਾਲ
ਫਿਰੌਤੀ ਗੈਂਗਸਟਰ ਬਣ, ਲੋਕਾਂ ਦੇ ਘਰਾਂ ਉੱਤੇ
ਮਸ਼ੀਨ ਗੰਨ ਨਾਲ, ਗੋਲੀਆਂ ਦੀ ਬੁਛਾੜ ਕਰਨ ਕਾਰਨ
ਕੈਨੇਡਾ ਦੀ ਪੁਲਿਸ ਵੱਲੋਂ, ਗ੍ਰਿਫ਼ਤਾਰ ਕੀਤੇ ਜਾਣ ਬਾਅਦ
ਇਮੀਗ੍ਰੇਸ਼ਨ ਵਿਭਾਗ ਵੱਲੋਂ, ਕੈਨੇਡਾ ਤੋਂ
ਡਿਪੋਰਟ ਕੀਤੇ ਜਾਣ ਦੇ ਹੁਕਮ ਦਾ
ਸਾਹਮਣਾ ਕਰ ਰਿਹਾ, ਅਦਾਲਤ ਵਿੱਚ
ਜੱਜ ਨੂੰ, ਗੁੱਸੇ ਭਰੀਆਂ ਅੱਖਾਂ ਨਾਲ ਦੇਖ
ਲਲਕਾਰਾ ਮਾਰਦਾ ਹੈ:

ਚੀਕਾਂ ਕਢਾ ਦਿਆਂਗੇ

ਇੱਕ ਟਰੱਕ ਡਰਾਈਵਰ
ਜੋ, ਡੌਂਕੀ ਮਾਰ, ਗ਼ੈਰ-ਕਾਨੂੰਨੀ ਢੰਗ ਨਾਲ
ਅਮਰੀਕਾ ਪਹੁੰਚ ਗਿਆ ਸੀ
ਚੰਗੀ ਤਰ੍ਹਾਂ, ਅੰਗ੍ਰੇਜ਼ੀ ਨ ਪੜ੍ਹ, ਲਿਖ, ਸਮਝ, ਸਕਣ ਕਾਰਨ
ਸੜਕਾਂ ਦੇ ਨਿਯਮਾਂ ਵਿੱਚ ਉਲਝਿਆ
ਸੜਕ ਦੇ ਕਿਨਾਰੇ ਖੜ੍ਹੀ, ਇੱਕ, ਬੱਸ ਵਿੱਚ
ਆਪਣਾ, ਟਰੱਕ ਮਾਰ ਕੇ, ਅਨੇਕਾਂ
ਸਵਾਰੀਆਂ ਨੂੰ ਮੌਤ ਦੇ ਘਾਟ ਉਤਾਰ ਦਿੰਦਾ ਹੈ
ਅਮਰੀਕਾ ਦੀ ਪੁਲਿਸ, ਜਦੋਂ
ਹੱਥਕੜੀਆਂ ਵਿੱਚ ਜਕੜ
ਜੇਲ੍ਹ ਵਿੱਚ ਬੰਦ ਕਰਦੀ ਹੈ
ਅਮਰੀਕਾ ਦੀ, ਹਕੂਮਤ ਨੂੰ ਜ਼ਾਲਮ ਕਹਿੰਦਿਆਂ
ਲਲਕਾਰਾ ਮਾਰਦਾ ਹੈ:
ਚੀਕਾਂ ਕਢਾ ਦਿਆਂਗੇ

ਸਭਿਆਚਾਰ, ਜਦੋਂ
ਗੈਂਗਸਟਰ ਗਾਇਕਾਂ ਦੀ ਗਾਇਕੀ ਦਾ
ਆਨੰਦ ਮਾਨਣ ਲੱਗ ਪਵੇ, ਤਾਂ
ਲੋਕਾਂ ਦੀ ਮਾਨਸਿਕਤਾ ਵੀ
ਗੈਂਗਸਟਰ ਨੈਤਿਕਤਾ ਦੀ
ਜ਼ੁਬਾਨ ਹੀ ਬੋਲਣ ਲੱਗ ਜਾਂਦੀ ਹੈ:
-ਚੀਕਾਂ ਕਢਾ ਦਿਆਂਗੇ
-ਚੀਕਾਂ ਕਢਾ ਦਿਆਂਗੇ
-ਚੀਕਾਂ ਕਢਾ ਦਿਆਂਗੇ
■

(ਮਾਲਟਨ, 24 ਫਰਵਰੀ, 2026)

ਨੇਤਾ

ਨੇਤਾ, ਆਪਣੇ
ਚਿਹਰੇ ਉੱਤੇ ਲੱਗੀ, ਆਪਣੀ
ਮੁਖੌਟਾਧਾਰੀ, ਲੰਬੀ, ਦਾਹੜੀ ਦੀ
ਨੁਮਾਇਸ਼ ਕਰ ਰਿਹਾ ਸੀ–

ਕੁੱਤੇ ਦੀ ਪੂਛ ਵਰਗੀ, ਆਪਣੀ
ਲੰਬੀ, ਦਾਹੜੀ ਨੂੰ ਪਲੋਸ ਕੇ, ਜਿਉਂ ਹੀ
ਨੇਤਾ ਨੇ, ਹਿਟਲਰਵਾਦੀ ਨੀਤੀਆਂ ਨਾਲ ਭਰਿਆ
ਆਪਣਾ, ਭਾਸ਼ਨ ਆਰੰਭ ਕੀਤਾ
ਉਸਨੇ, ਆਪਣੀ, ਲੰਬੀ, ਦਾਹੜੀ ਨੂੰ
ਇੱਕ, ਜ਼ੋਰਦਾਰ ਝਟਕਾ ਦੇਣ ਵਾਂਗ ਹਿਲਾਇਆ
ਕਿਸੇ, ਜਾਦੂਮਈ ਕ੍ਰਿਸ਼ਮੇ ਦੇ ਵਾਪਰਨ ਵਾਂਗ
ਅਗਲੇ ਹੀ ਪਲ
ਉਸ ਦੀ, ਨੁਮਾਇਸ਼ੀ ਦਾਹੜੀ 'ਚੋਂ
ਇੱਕ, ਮਰਿਆ ਹੋਇਆ ਚੂਹਾ
ਮੇਜ਼ ਉੱਤੇ ਡਿੱਗ ਪਿਆ

ਭੀੜ ਵਿੱਚੋਂ, ਇੱਕ
ਸਰੋਤਾ ਚੀਖ ਉੱਠਿਆ –
ਹਿਟਲਰਵਾਦੀ, ਫਾਸ਼ੀਵਾਦੀ, ਪਿਛਾਖੜੀ, ਨੀਤੀਆਂ ਦਾ ਦੇਸ਼ ਇਜ਼ਰਾਈਲ
ਫਲਸਤੀਨ ਦੇ, ਹਜ਼ਾਰਾਂ ਹੀ, ਬੇਗੁਨਾਹ
ਲੋਕਾਂ ਦੇ ਕਤਲ ਦਾ ਦੋਸ਼ੀ ਹੈ–

ਇਹ ਸੁਣ–
ਨੇਤਾ ਨੇ, ਫੁਰਤੀ ਨਾਲ
ਮੇਜ਼ ਉੱਤੇ ਡਿੱਗਿਆ ਹੋਇਆ
ਮਰਿਆ ਚੂਹਾ ਚੁੱਕਿਆ
ਸਰੋਤੇ ਵੱਲ, ਬੜੀ ਨੀਝ ਲਗਾ ਕੇ ਦੇਖਿਆ
ਮਰੇ ਹੋਏ ਚੂਹੇ ਨੂੰ, ਧਰਮੀ ਇਤਿਹਾਸ ਦੀ
ਕਿਸੀ, ਪਵਿੱਤਰ ਕਿਤਾਬ ਵਾਂਗ
ਹਵਾ ਵਿੱਚ ਉਛਾਲਿਆ
ਫਿਰ, ਉਸ ਨੇ
ਆਪਣੀਆਂ, ਦੋਹਾਂ ਲੱਤਾਂ ਦੇ ਸਹਾਰੇ
ਧਰਤੀ ਉੱਤੇ ਬੈਠਦਿਆਂ
ਆਪਣੀਆਂ, ਅੱਖਾਂ ਮੁੰਦ ਲਈਆਂ

ਹੁਣ, ਉਸ ਦੀਆਂ
ਦੋਹੇਂ ਬਾਹਾਂ, ਹਵਾ ਵਿੱਚ, ਉੱਚੀਆਂ ਉੱਠ ਚੁੱਕੀਆਂ ਸਨ
ਪ੍ਰਾਰਥਨਾ ਕਰਨ ਵਾਂਗ, ਉਸ ਨੇ
ਆਪਣਾ, ਪ੍ਰਵਚਨ ਸ਼ੁਰੂ ਕੀਤਾ :
ਅਸੀਂ, ਹਿਟਲਰਵਾਦੀ ਲੋਕ ਹਾਂ
ਇਹ, ਮਰਿਆ ਹੋਇਆ ਚੂਹਾ ਹੀ
ਸਾਡਾ ਇਤਿਹਾਸ ਹੈ
ਇਹ, ਮਰਿਆ ਹੋਇਆ ਚੂਹਾ ਹੀ
ਸਾਡੀ ਸੋਚ ਦਾ ਪ੍ਰਤੀ ਬਿੰਬ ਹੈ

ਇਹ ਆਖ, ਨੇਤਾ
ਭੀੜ ਵਿੱਚ ਗੁੰਮ ਗਿਆ
■

(ਮਾਲਟਨ, ਮਾਰਚ 23, 2026)

ਧਰਮੀ ਲੁਟੇਰਾ ਸਿੰਡੀਕੇਟ

ਧਰਮੀ ਲੁਟੇਰਿਆਂ ਨੇ
ਐਲਾਨ ਕੀਤਾ –

ਧਰਮੀ ਗ੍ਰੰਥ ਛਾਪਣ, ਵੇਚਣ
ਕਾਰਾਂ, ਵੈਨਾਂ, ਜੀਪਾਂ, ਟਰੱਕਾਂ, ਜਹਾਜ਼ਾਂ, ਰਾਹੀਂ ਭੇਜਣ/ਲਿਆਉਣ ਦਾ ਹੱਕ
ਸਿਰਫ, ਉਨ੍ਹਾਂ ਨੂੰ ਹੀ ਹੋਵੇਗਾ

ਧਰਮੀ ਗ੍ਰੰਥ ਨੂੰ ਗਰਮ, ਸਰਦ, ਮੌਸਮ ਦੇ ਕਹਿਰ ਤੋਂ ਬਚਾਉਣ ਲਈ
ਕੰਬਲਾਂ, ਰਜਾਈਆਂ, ਵੇਚਣ/ਖ੍ਰੀਦਣ ਦਾ ਹੱਕ
ਸਿਰਫ, ਉਨ੍ਹਾਂ ਨੂੰ ਹੀ ਹੋਵੇਗਾ

ਧਰਮੀ ਗ੍ਰੰਥ ਦੇ ਦੁਆਲੇ, ਹਵਾ ਨੂੰ ਪ੍ਰਦੂਸ਼ਿਤ ਹੋਣ ਤੋਂ ਰੋਕਣ ਲਈ
ਜਗਾਈਆਂ, ਧੂਫਾਂ, ਅਗਰਬੱਤੀਆਂ, ਵੇਚਣ/ਖ੍ਰੀਦਣ ਦਾ ਹੱਕ
ਸਿਰਫ, ਉਨ੍ਹਾਂ ਨੂੰ ਹੀ ਹੋਵੇਗਾ

ਧਰਮੀ ਗ੍ਰੰਥ ਦੇ ਆਰਾਮ ਕਰਨ ਲਈ
ਮੰਜੀਆਂ, ਪੀੜ੍ਹੀਆਂ, ਵੇਚਣ/ਖ੍ਰੀਦਣ ਦਾ ਹੱਕ
ਸਿਰਫ, ਉਨ੍ਹਾਂ ਨੂੰ ਹੀ ਹੋਵੇਗਾ

ਧਰਮੀ ਗ੍ਰੰਥ ਨੂੰ ਸਜਾਉਣ ਲਈ
ਮਖਮਲੀ ਰੁਮਾਲ, ਰੇਸ਼ਮੀ ਚਾਦਰਾਂ, ਵੇਚਣ/ਖ੍ਰੀਦਣ ਦਾ ਹੱਕ
ਸਿਰਫ, ਉਨ੍ਹਾਂ ਨੂੰ ਹੀ ਹੋਵੇਗਾ

ਧਰਮੀ ਗ੍ਰੰਥ ਨੂੰ ਮੰਡੀ ਦਾ ਮਾਲ ਬਨਾਉਣ ਲਈ
ਨਿਰਧਾਰਤ ਮੁੱਲ ਉੱਤੇ ਵੇਚਣ/ਖ੍ਰੀਦਣ ਦਾ ਹੱਕ
ਸਿਰਫ, ਉਨ੍ਹਾਂ ਨੂੰ ਹੀ ਹੋਵੇਗਾ

ਧਰਮੀ ਗ੍ਰੰਥ ਪੜ੍ਹਨ ਵੇਲੇ ਧਰਮੀ ਮਹੰਤ ਕਿਸ ਕੂਲਰ ਦਾ ਪਾਣੀ ਪੀਵੇਗਾ
ਉਹ ਕੂਲਰ ਵੇਚਣ/ਖ੍ਰੀਦਣ ਦਾ ਹੱਕ
ਸਿਰਫ, ਉਨ੍ਹਾਂ ਨੂੰ ਹੀ ਹੋਵੇਗਾ

ਧਰਮੀ ਗ੍ਰੰਥ ਨੂੰ ਪੜ੍ਹਨ ਵੇਲੇ ਧਰਮੀ ਮਹੰਤ ਕਿਸ ਤਰ੍ਹਾਂ ਦੇ ਬਸਤਰ ਪਹਿਣੇਗਾ
ਉਹ ਬਸਤਰ ਵੇਚਣ/ਖ੍ਰੀਦਣ ਦਾ ਹੱਕ
ਸਿਰਫ, ਉਨ੍ਹਾਂ ਨੂੰ ਹੀ ਹੋਵੇਗਾ

ਧਰਮੀ ਗ੍ਰੰਥ, ਦੇਸ-ਬਦੇਸ ਵਿੱਚ, ਬਲੈਕ ਮਾਰਕੀਟ ਵਿਚ
ਕਿਵੇਂ ਵੇਚਿਆ ਜਾਵੇਗਾ
ਉਸ ਕਾਲੇ ਧੰਦੇ ਵਿੱਚ ਸ਼ਾਮਿਲ ਦਲਾਲਾਂ ਦੇ ਨਾਵਾਂ ਦਾ
ਫੈਸਲਾ ਕਰਨ ਦਾ ਹੱਕ
ਸਿਰਫ, ਉਨ੍ਹਾਂ ਨੂੰ ਹੀ ਹੋਵੇਗਾ

ਧਰਮੀ ਗ੍ਰੰਥ ਦੀ ਮੌਤ ਉੱਤੇ
ਉਸ ਨੂੰ ਸਾੜਨ/ਫੂਕਣ ਦੇ ਪ੍ਰਬੰਧ ਕਰਨ ਦਾ ਹੱਕ
ਸਿਰਫ, ਉਨ੍ਹਾਂ ਨੂੰ ਹੀ ਹੋਵੇਗਾ

ਧਰਮੀ ਲੁਟੇਰਾ ਸਿੰਡੀਕੇਟ ਦੇ, ਢੰਡੋਰਚੀ ਨੇ
ਢੋਲ ਉੱਤੇ ਡੱਗਾ ਲਗਾਉਦਿਆਂ
ਬੁਲੰਦ ਆਵਾਜ਼ ਵਿੱਚ, ਕਿਹਾ-

'ਜੋ ਵੀ, ਮਾਈ-ਭਾਈ
ਇਸ, ਐਲਾਨ ਦੀ ਉਲੰਘਣਾ ਕਰੇਗਾ
ਉਸ ਸੱਜਣ/ਸੱਜਣੀ ਨੂੰ
ਧਰਮ ਵਿੱਚੋਂ ਛੇਕ ਦੇਣ ਦਾ ਹੱਕ ਵੀ

ਸਿਰਫ, ਧਰਮੀ ਲੁਟੇਰਾ ਸਿੰਡੀਕੇਟ
ਨੂੰ ਹੀ ਹੋਵੇਗਾ'
ਸ਼ਹਿਰ ਵਿੱਚ, ਕਿਸੀ ਵੀ
ਜਿਉਂਦੀ ਜਾਗਦੀ ਜ਼ਮੀਰ ਵਾਲੇ, ਸੂਰਮੇ ਦੀ
ਜੁਰੱਅਤ ਨਹੀਂ ਸੀ, ਉਹ
ਇਸ, ਐਲਾਨ ਨੂੰ
ਚੁਣੌਤੀ ਦੇ ਸਕਦਾ–

–ਸਤਿ ਬਚਨ
–ਸਤਿ ਬਚਨ
–ਸਤਿ ਬਚਨ
ਕਰਦੀ, ਭੀੜ
ਹੌਲੀ, ਹੌਲੀ
ਖਿੰਡ ਗਈ
■

(ਮਾਲਟਨ, ਅਪ੍ਰੈਲ 1, 2026)

ਯੁੱਧ, ਨਸ਼ਿਆਂ ਵਿਰੁੱਧ

ਗਲੀ ਗਲੀ ਵਿੱਚ, ਚਿੱਟਾ ਵਿਕਦਾ
ਪਰ, ਹਕੂਮਤ ਨੂੰ ਨਹੀਂ ਦਿਖਦਾ–

ਮੰਤਰੀ, ਐਮ.ਐਲ. ਏ., ਐਮ.ਪੀ., ਹਕੂਮਤੀ ਅਹਿਲਕਾਰ
ਸਭ, ਸੰਘ ਪਾੜ ਪਾੜ ਕੇ
ਗਲੀਆਂ, ਬਾਜ਼ਾਰਾਂ, ਚੌਰਸਤਿਆਂ, ਵਿੱਚ
ਨਾਅਰਾ ਲਾਉਂਦੇ, ਨਹੀਂ ਥੱਕਦੇ :
'ਯੁੱਧ, ਨਸ਼ਿਆਂ ਵਿਰੁੱਧ
ਜ਼ਿੰਦਾਬਾਦ !'

ਪਰ, ਲੋਕ ਜਾਣਦੇ
ਅਸਲ, ਹਕੀਕਤ–

ਨਸ਼ਾ, ਤਾਂ
ਹਰ ਪਿੰਡ, ਹਰ ਕਸਬੇ, ਹਰ ਸ਼ਹਿਰ, ਦੀ
ਹਰ ਨੁੱਕਰ 'ਚ ਵਿਕਦਾ ਹੈ

ਨਸ਼ਾ, ਤਾਂ
ਹਰ, ਪਿੰਡ ਦੇ, ਸਰਪੰਚ ਰਾਹੀਂ
ਵਿਕਦਾ ਹੈ

ਨਸ਼ਾ, ਤਾਂ
ਹਰ, ਪੁਲਿਸ ਥਾਣੇ ਦੇ, ਮੁਨਸ਼ੀ ਰਾਹੀਂ
ਵਿਕਦਾ ਹੈ

ਨਸ਼ਾ, ਤਾਂ
ਹਰ, ਦਫ਼ਤਰ ਦੇ ਬਾਹਰ ਬੈਠੇ, ਚੌਕੀਦਾਰ ਰਾਹੀਂ
ਵਿਕਦਾ ਹੈ

ਨਸ਼ਾ, ਤਾਂ
ਹਰ, ਸਰਹੱਦ 'ਤੇ ਬੈਠੇ, ਪਹਿਰੇਦਾਰ ਰਾਹੀਂ
ਵਿਕਦਾ ਹੈ

ਲੋਕ, ਆਪਣੀਆਂ, ਅੱਖਾਂ ਨਾਲ
ਦੇਖਣਾ ਚਾਹੁੰਦੇ–

ਨਸ਼ਾ ਵੇਚਣ ਵਾਲੇ
ਕਿਸੇ ਵੀ, ਵੱਡੇ ਮਗਰਮੱਛ ਦੇ, ਜੇਕਰ
ਹਕੂਮਤ ਨੇ, ਭੰਨੇ ਹੋਣ ਜੁਬਾੜੇ, ਤਾਂ
ਹਕੂਮਤ, ਉਹ ਜੁਬਾੜੇ, ਆਪਣੇ
ਜਲਸਿਆਂ, ਜਲੂਸਾਂ, ਜਨਤਕ ਦਰਬਾਰਾਂ, ਵਿੱਚ ਪੇਸ਼ ਕਰੇ

ਨਸ਼ਾ ਸਮੱਗਲ ਕਰਨ ਵਾਲੇ
ਕਿਸੀ ਵੀ, ਕਰੋੜਪਤੀ ਗੈਂਗਸਟਰ ਦੀ ਮਹੱਲ–ਨੁਮਾ ਕੋਠੀ ਨੂੰ, ਜੇਕਰ
ਹਕੂਮਤ ਨੇ, ਬਣਾਇਆ ਹੋਵੇ ਖੰਡਰ, ਤਾਂ
ਉਸ, ਕੋਠੀ ਦੀ ਤਸਵੀਰ, ਹਕੂਮਤ
ਅਖਬਾਰਾਂ, ਮੈਗਜ਼ੀਨਾਂ, ਫੇਸਬੁੱਕ ਮੀਡੀਆ, ਵਿੱਚ ਪ੍ਰਕਾਸਿਤ ਕਰੇ

ਨਸ਼ਾ ਬਨਾਉਣ ਵਾਲੇ
ਕਿਸੀ, ਅਰਬਪਤੀ ਫੈਕਟਰੀ ਮਾਲਕ ਦੀ ਫੈਕਟਰੀ, ਜੇਕਰ
ਹਕੂਮਤ ਨੇ, ਅੱਗ ਲਗਾ ਕੇ ਬਣਾਈ ਹੋਵੇ ਢੇਰ ਸਵਾਹ ਦਾ, ਤਾਂ
ਉਸ, ਫੈਕਟਰੀ ਨੂੰ ਲੱਗੀ ਅੱਗ ਦੀ ਵੀਡੀਓ, ਹਕੂਮਤ
ਯੂਟਿਊਬ ਚੈਨਲਾਂ ਉੱਤੇ ਵਾਇਰਲ ਕਰੇ

–ਯੁੱਧ, ਨਸ਼ਿਆਂ ਵਿਰੁੱਧ
–ਯੁੱਧ, ਨਸ਼ਿਆਂ ਵਿਰੁੱਧ
–ਯੁੱਧ, ਨਸ਼ਿਆਂ ਵਿਰੁੱਧ
ਮਹਿਜ਼, ਨਾਅਰਾ ਬੁਲੰਦ ਕਰਕੇ
ਕੁਝ ਨਹੀਂ ਬਣਦਾ–

ਲੋਕ, ਤਾਂ, ਹਕੂਮਤ ਨੂੰ
ਗਾਂਧੀ ਦੇ ਤਿੰਨ ਬਾਂਦਰਾਂ ਤੋਂ ਵੱਧ
ਹੁਣ, ਕੁਝ, ਨਹੀਂ ਸਮਝਦੇ

ਜਨਤਾ, ਤਾਂ
ਨਿੱਤ, ਹੁਣ, ਇਹ, ਆਵਾਜ਼
ਬੁਲੰਦ ਕਰ ਰਹੀ:
ਗਲੀ ਗਲੀ ਵਿੱਚ, ਚਿੱਟਾ ਵਿਕਦਾ
ਪਰ, ਹਕੂਮਤ ਨੂੰ ਨਹੀਂ ਦਿਖਦਾ

–ਅੱਖਾਂ ਤੋਂ ਅੰਨ੍ਹੇ
–ਕੰਨਾਂ ਤੋਂ ਬੋਲੇ
–ਮੂੰਹਾਂ ਤੋਂ ਗੂੰਗੇ
ਹਕੂਮਤ ਦੇ, ਤਿੰਨ ਬਾਂਦਰ
ਰਾਜਸਿੰਘਾਸਨ ਉੱਤੇ
ਬੈਠੇ ਲੱਗਦੇ
■

(ਮਾਲਟਨ, ਅਪ੍ਰੈਲ 10, 2026)

ਕਾਲੀ ਦਾਲ

ਪੰਜਾਬ, ਪੰਜ ਦਰਿਆਵਾਂ ਦੀ ਧਰਤੀ
ਭ੍ਰਿਸ਼ਟ, ਮੌਕਾਪ੍ਰਸਤ, ਰਾਜਨੀਤੀਵਾਨਾਂ ਨੇ
ਐਲਾਨ ਕੀਤਾ, ਅਸੀਂ
ਧਰਮੀ-ਰਾਜਨੀਤੀ ਦੇ ਪ੍ਰਚਾਰਕ
ਰਾਜਨੀਤਿਕ ਪਾਰਟੀ ਬਣਾਵਾਂਗੇ
ਜਿਸ ਦਾ ਨਾਮ ਰੱਖਾਂਗੇ :
'ਕਾਲੀ ਦਾਲ'

ਹੌਲੀ, ਹੌਲੀ, ਨਵੀਂ ਜਨਮੀ
ਧਰਮੀ-ਰਾਜਨੀਤੀ ਦੇ ਝੰਡੇ ਹੇਠ
ਜੁੜਨ ਲੱਗੇ-
-ਡਰੱਗ ਸਮੱਗਲਰ
-ਧਰਮੀ ਮੱਠਾਂ ਦੀਆਂ ਗੋਲਕਾਂ ਦੇ ਲੁਟੇਰੇ
-ਬਲਿਊ ਮੂਵੀਆਂ ਬਨਾਉਣ ਵਾਲੇ ਵੀਡੀਓ ਬਲੌਗਰ
-ਗੈਂਗਸਟਰ ਗੁੰਹਾਂ ਦੇ ਪਤਵੰਤੇ
-ਖਾਕੀ ਨਿੱਕਰਾਂ ਪਾਉਣ ਵਾਲੇ ਨਾਗਪੁਰੀਏ
-ਧਰਮੀ ਗ੍ਰੰਥਾਂ ਦੀ ਬਲੈਕ ਮਾਰਕੀਟ ਕਰਨ ਵਾਲੇ ਧਰਮੀ ਚੌਧਰੀ
-ਧਰਮੀ ਮੱਠਾਂ ਦੀਆਂ ਸੁੱਕੀਆਂ ਰੋਟੀਆਂ ਵੇਚ ਜੇਹਬਾਂ ਭਰਨ ਵਾਲੇ ਮਹਾਂ ਪੁਰਸ਼
-ਅਨਪੜ੍ਹ, ਉਜੱਡ, ਠੱਗ, ਜੱਥੇਦਾਰ

ਗੈਂਗਸਟਰਾਂ ਦੀਆਂ ਪਤਨੀਆਂ
ਧਰਮੀ-ਰਾਜਨੀਤਿਕ ਜਲਸਿਆਂ ਦੇ ਮੰਚਾਂ 'ਤੇ
ਕਿਕਲੀ ਪਾਉਣ ਲੱਗੀਆਂ:
ਕਾਲੀ ਦਾਲ ਦੀ ਪੰਜਾਬ ਵਿੱਚ

ਸਰਕਾਰ ਬਨਣ 'ਤੇ
ਅਸੀਂ, ਯਕੀਨੀ ਬਣਾਵਾਂਗੇ–
ਪੰਜਾਬ ਦੇ ਪਿੰਡ, ਪਿੰਡ, ਸ਼ਹਿਰ, ਸ਼ਹਿਰ
ਹਰ ਕੋਨੇ, ਹਰ ਨੁੱਕਰ, ਵਿੱਚ
ਹਰ ਧਰਮ, ਹਰ ਫਿਰਕੇ, ਹਰ ਭਾਈਚਾਰੇ, ਲਈ
ਵਿਸ਼ਾਲ ਕਬਰਸਤਾਨ ਹੋਵੇ
ਨਸ਼ੇ ਖਾਹ ਖਾਹ ਕੇ, ਮਰਨ ਬਾਅਦ ਵੀ
ਕਿਸੀ, ਧਰਮ, ਫਿਰਕੇ, ਭਾਈਚਾਰੇ, ਦਾ ਭੂਤ
ਕਿਸੀ, ਦੂਜੇ, ਧਰਮ, ਫਿਰਕੇ, ਭਾਈਚਾਰੇ, ਦੇ ਭੂਤ ਨਾਲ
ਫਿਰਕੂ ਫਸਾਦ, ਕੁੱਟਮਾਰ, ਕਤਲੋਗਾਰਦ, ਨ ਕਰ ਸਕੇ

ਉਹ, ਗੈਂਗਸਟਰਨੀਆਂ
ਇਹ ਗੱਲ ਵੀ, ਪੂਰੇ ਜ਼ੋਰ ਨਾਲ
ਆਖਦੀਆਂ:
ਕਾਲੀ ਦਾਲ, ਪੰਜਾਬ ਵਿੱਚ, ਸਰਕਾਰ ਬਨਾਉਣ ਬਾਅਦ
ਯਕੀਨੀ ਬਣਾਵੇਗਾ, ਸੂਬੇ ਵਿੱਚ
ਜਿਸ ਕਿਸੀ ਨੇ ਵੀ, ਕਿਸੀ ਧਰਮ, ਕਿਸੀ ਧਰਮੀ ਗ੍ਰੰਥ, ਦੀ
ਬੇਅਦਬੀ ਕਰਨੀ ਹੋਵੇ
ਕਾਲੀ ਦਾਲ, ਉਸ ਵਿਅਕਤੀ ਨੂੰ–
–ਧਰਮੀ ਗ੍ਰੰਥ ਆਪ ਦੇਵੇਗਾ
–ਧਰਮੀ ਗ੍ਰੰਥ ਦੀ ਬੇਅਦਬੀ ਕਰਨ ਵਾਲੇ ਨੂੰ ਪੁਸ਼ਾਕ ਦੇਵੇਗਾ
–ਧਰਮੀ ਗ੍ਰੰਥ ਦੀ ਬੇਅਦਬੀ ਕਰਨ ਵਾਲੇ ਨੂੰ ਯੋਗ ਮਾਇਆ ਦੇ ਗੱਫੇ ਦੇਵੇਗਾ

ਉਹ, ਗੈਂਗਸਟਰਨੀਆਂ
ਫੱਫੇਕੁਟਨੀਆਂ ਵਾਂਗ, ਇਹ ਗੱਲ ਕਹਿਣੀ ਵੀ
ਬਿਲਕੁਲ, ਨ ਭੁੱਲਦੀਆਂ :
ਕਿਉਂ ਜੁ, ਮਾਮਲੇ ਦੀ ਪੜਤਾਲ ਕਰਨ ਵੇਲੇ
ਸਾਨੂੰ, ਪਹਿਲਾਂ ਹੀ ਪਤਾ ਹੋਵੇਗਾ–

–ਮੁਜਰਮ ਕੌਣ ਹੈ
–ਮੁਜਰਮ ਨੇ ਧਰਮੀ ਗ੍ਰੰਥ ਕਿੱਥੋਂ ਪ੍ਰਾਪਤ ਕੀਤਾ ਹੈ
–ਮੁਜਰਮ ਨੂੰ ਬੇਅਦਬੀ ਕਰਨ ਲਈ ਕਿੰਨਾ ਧੰਨ ਦਿੱਤਾ ਗਿਆ ਸੀ
–ਮੁਜਰਮ ਨੂੰ ਬੇਅਦਬੀ ਕਰਨ ਵੇਲੇ ਪਹਿਨਣ ਲਈ ਪੁਸ਼ਾਕ
ਕਿਸ ਨੇ ਦਿੱਤੀ ਸੀ

ਕਾਲੀ ਦਾਲ, ਰਾਜਨੀਤਿਕ ਪਾਰਟੀ ਵਿੱਚ
ਕਿਸ ਕਿਸ ਤਰ੍ਹਾਂ ਦੇ ਕੋੜਕੂ ਸਨ
ਹੁਣ, ਸਭ ਚੰਗੀ ਤਰ੍ਹਾਂ ਜਾਣਦੇ ਸਨ

ਇਸ ਲਈ ਹੀ, ਸਭ, ਹੁਣ
ਜਾਣਦੇ ਸਨ, ਜੋ ਵੀ ਕੋਈ
ਇਹ, ਕਾਲੀ ਦਾਲ ਖਾਏਗਾ–
ਉਹ, ਬਹੁਤ, ਬੁਰੀ ਤਰ੍ਹਾਂ ਪਛਤਾਏਗਾ
ਉਹ, ਆਪਣੇ, ਕੰਨਾਂ ਨੂੰ ਹੱਥ ਲਾਏਗਾ
■

(ਮਾਲਟਨ, ਅਪ੍ਰੈਲ 11, 2026)

ਹਾਲ ਮੁਰੀਦਾਂ ਦਾ

ਹਰ ਕਾਤਲ, ਹਰ ਗੈਂਗਸਟਰ, ਹਰ ਦਹਿਸ਼ਤਗਰਦ, ਹਰ ਡਰੱਗ ਮਾਫੀਆ
ਹੁਣ, ਸਾਡਾ, ਸੂਰਮਾ ਬਣਿਆ
ਮਾਨਸਿਕ ਕੰਗਾਲੀ ਦਾ, ਹੁਣ
ਸਾਡਾ, ਅਜਿਹਾ ਹਾਲ ਹੈ

ਹਰ ਪਾਸੇ, ਅਨਪੜ੍ਹ, ਉਜੱਡ, ਬੇਸੁਰਿਆਂ ਦੀ ਦਹਿਸ਼ਤ
ਗਿਰਝਾਂ ਦੇ ਝੁੰਡ ਹੀ ਰਹਿਨੁਮਾ ਬਣੇ ਬੈਠੇ
ਮੁਖੌਟਾਧਾਰੀਆਂ ਨੇ, ਚੁਫੇਰੇ
ਬੁਣਿਆ ਜਾਲ ਹੈ

ਕੋਈ ਵੀ ਮਸਲਾ, ਕਦੀ
ਹੱਲ ਹੁੰਦਾ ਨਹੀਂ ਦਿਖਿਆ
ਬੱਸ, ਹਰ ਪਾਸੇ ਹੀ
ਰਾਜਸਿੰਘਾਸਨ ਉੱਤੇ ਬੈਠਣ ਦੀ ਭੁੱਖ
ਹੁਣ, ਤਾਂ, ਹਰ ਕਿਸੇ ਨੂੰ
ਆਂਢੀਆਂ-ਗੁਆਂਢੀਆਂ, ਸਾਥੀਆਂ, ਮਿੱਤਰਾਂ, ਨੂੰ
ਮਿੱਧ ਕੇ, ਅੱਗੇ ਲੰਘ ਜਾਣ ਦੀ ਕਾਹਲ ਹੈ

ਦਹਾਕਿਆਂ ਤੋਂ, ਤੂਫ਼ਾਨਾਂ 'ਚ
ਸਾਡੀ, ਡੁੱਬ ਰਹੀ ਕਿਸ਼ਤੀ
ਫੇਸਬੁੱਕ, ਯੂਟਿਊਬ, ਇੰਸਟਾਗ੍ਰਾਮ, ਉੱਤੇ
ਮਹਿਜ਼, ਗੋਲ ਪੱਗਾਂ, ਬੀਬੀਆਂ ਦਾਹੜੀਆਂ, ਤਿੰਨ ਫੁੱਟੀ ਤਲਵਾਰਾਂ, ਦਾ
ਵਿਛਿਆ ਭਰਮ ਜਾਲ ਹੈ

ਕਿਸੀ ਵੀ ਸੋਸ਼ਲ ਮੀਡੀਆ 'ਤੇ ਵੇਖ ਲਓ
ਕਿਸੀ ਨੂੰ ਵੀ, ਕੋਈ, ਤਰਕਸ਼ੀਲ, ਅਰਥਭਰਪੂਰ, ਸੁਹਜਮਈ
ਗੱਲ ਕਰਨ ਦੀ ਨਹੀਂ ਚਿੰਤਾ
ਹਰ ਕਿਸੀ ਦੇ ਹੀ ਚਿਹਰੇ ਉੱਤੇ
ਮਾਂ, ਧੀ, ਭੈਣ, ਪਤਨੀ, ਦੇ ਸਿਰ ਵਿੱਚ
ਮਿੱਟੀ ਪਾਉਣ ਦਾ ਜਲਾਲ ਹੈ
■

(ਮਾਲਟਨ, ਅਪ੍ਰੈਲ 12, 2026)

ਗੁਰੂ, ਤਲਵਾਰ, ਸ਼ਬਦ

ਗੁਰੂ ਨੇ, ਤਲਵਾਰ ਬਖਸ਼ੀ
ਨਾਲ, ਸ਼ਬਦ ਵੀ–

ਸ਼ਬਦ ਨੂੰ, ਅਸੀਂ, ਪਰ
ਰਜਾਈਆਂ, ਕੰਬਲਾਂ, ਚਾਦਰਾਂ, ਵਿੱਚ ਲਪੇਟ
ਆਪਣੇ, ਮਨ–ਮਸਤਕ ਤੋਂ ਦੂਰ ਕਰ ਲਿਆ

ਸ਼ਬਦ ਨੂੰ, ਅਸੀਂ, ਮਹਿਜ਼
ਮੱਥੇ ਟੇਕਣ ਲਈ, ਮੰਜੀਆਂ, ਪੰਘੂੜਿਆਂ, ਤਖਤਪੋਸ਼ਾਂ, 'ਤੇ
ਸਜਾ ਕੇ ਧਰ ਲਿਆ

ਸ਼ਬਦ ਨੂੰ, ਅਸੀਂ
ਬ੍ਰਾਹਮਣੀ ਰਹੁ–ਰੀਤਾਂ ਦੇ ਪਿਛਲੱਗ ਬਣ
ਪਵਿੱਤਰ ਕਹਿ ਕਹਿ, ਇਸ ਨੂੰ
ਸਕੂਲਾਂ, ਕਾਲਿਜਾਂ, ਯੂਨੀਵਰਸਿਟੀਆਂ, ਤੋਂ
ਦੂਰ ਕਰਨ ਲੱਗੇ

ਸ਼ਬਦ ਨੂੰ, ਅਸੀਂ
ਮੈਗਜ਼ੀਨਾਂ, ਅਖਬਾਰਾਂ, ਸੋਸ਼ਲ ਮੀਡੀਆ, ਤੋਂ
ਫਾਸਲੇ 'ਤੇ ਰੱਖਣ ਲਈ, ਨਿੱਤ
ਸਾਜ਼ਿਸ਼ੀ, ਸਕੀਮਾਂ ਘੜਣ ਲੱਗੇ

ਸ਼ਬਦ ਤੋਂ ਸੱਖਣੇ, ਅਸੀਂ
ਕਾਤਲ ਬਣ, ਲਹੂ ਲਿਬੜੀਆਂ ਤਲਵਾਰਾਂ ਦਾ
ਥਾਂ ਥਾਂ, ਦਿਖਾਵਾ ਕਰਨ ਲੱਗੇ

ਸ਼ਬਦ, ਤਾਂ, ਆਖਦੇ ਸਨ
ਤਲਵਾਰ, ਨਿਹੱਥੇ, ਮਜ਼ਲੂਮਾਂ, ਦੀ ਰਾਖੀ ਲਈ

ਜ਼ੁਲਮ ਦੇ ਸਾਹਮਣੇ, ਦੀਵਾਰ ਬਣ ਕੇ ਖੜ੍ਹੇਗੀ
ਪਰ, ਅਸੀਂ, ਨਿਹੱਥੇ, ਮਾਸੂਮ, ਮਰਦ, ਔਰਤਾਂ, ਦੇ
ਸੀਨਿਆਂ 'ਚ, ਤਲਵਾਰ ਆਰ-ਪਾਰ ਕਰਨ ਲੱਗੇ
ਅਸੀਂ, ਹੁਣ, ਰੱਖਿਅਕ ਬਨਣ ਦੀ ਥਾਂ
ਕਾਤਲ ਅਖਵਾਉਣ ਲੱਗੇ ਹਾਂ
ਆਪਣੇ, ਸ਼ਾਨਾਂ-ਮੱਤੇ, ਇਤਿਹਾਸ ਨੂੰ
ਕੂੜੇਦਾਨਾਂ 'ਚ ਸੁੱਟਣ ਲੱਗੇ ਹਾਂ

ਸ਼ਬਦ ਤੋਂ ਸੱਖਣੇ, ਕਾਤਲਾਂ ਨੂੰ
ਮਹਿਜ਼, ਉਨ੍ਹਾਂ ਦੀਆਂ
ਲਹੂ ਲਿਬੜੀਆਂ ਤਲਵਾਰਾਂ ਦੇਖ
ਅਸੀਂ, ਸੂਰਮੇ ਕਹਿ ਕਹਿ
ਚੰਭਲਾਅ ਰਹੇ ਹਾਂ

ਬਦ ਦੀ ਸੂਝ ਤੋਂ ਕੋਰੇ, ਅਸੀਂ
ਕਾਤਲਾਂ ਦੇ ਸਿਰਾਂ ਉੱਤੇ, ਸੂਰਮੇ ਹੋਣ ਦੇ
ਮੁਕਟ ਸਜਾ ਰਹੇ ਹਾਂ

ਸਾਡੀ, ਤਲਵਾਰ ਨੇ, ਤਾਂ
ਨਾਦਰ ਸ਼ਾਹ, ਅਬਦਾਲੀ, ਔਰੰਗਜ਼ੇਬ, ਦਾ ਰਾਹ ਰੋਕਿਆ ਸੀ
ਗਜ਼ਨੀ ਦੇ ਬਾਜ਼ਾਰਾਂ 'ਚ ਰੁਲਦੀਆਂ ਇੱਜ਼ਤਾਂ ਨੂੰ
ਧੀਆਂ, ਭੈਣਾਂ, ਕਹਿ ਮੋਹ ਲਿਆ ਸੀ

ਸ਼ਬਦ ਤੋਂ ਵਿਛੜ ਕੇ, ਅਸੀਂ
ਦੇਖੋ, ਕੀ ਤੋਂ ਕੀ ਹੋ ਗਏ ਹਾਂ
ਅਸੀਂ, ਜੋ, ਕੋਹੇਨੂਰ ਹੀਰੇ ਜਿਹੇ ਸਾਂ
ਸੁਆਹ ਦੀ ਢੇਰੀ ਜਿਹੇ ਹੋ ਗਏ ਹਾਂ
■

(ਮਾਲਟਨ, ਅਪ੍ਰੈਲ 13, 2026)

ਚੜ੍ਹਦੀ ਕਲਾ

ਚੜ੍ਹਦੀ ਕਲਾ ਨੂੰ
ਢਹਿੰਦੀ ਕਲਾ ਵਿੱਚ ਬਦਲਣ ਵਾਲੇ
ਸਾਡੀਆਂ ਹੀ, ਆਸਤੀਨਾਂ ਦੇ ਸੱਪ ਸਨ–
ਜਿਨ੍ਹਾਂ ਨੇ, ਕੋਹਿਨੂਰ ਹੀਰੇ ਨੂੰ
ਮਿੱਟੀ 'ਚ ਰੋਲਣ ਲਈ, ਕੁਰਸੀ ਦੀ ਭੁੱਖ ਖਾਤਿਰ
ਸਾਜ਼ਿਸ਼ਾਂ ਰਚੀਆਂ, ਗੁੰਡਾਗਰਦੀ ਕੀਤੀ, ਕਤਲੇਆਮ ਕੀਤੇ

ਚੜ੍ਹਦੀ ਕਲਾ ਨੂੰ
ਢਹਿੰਦੀ ਕਲਾ ਵਿੱਚ ਬਦਲਣ ਵਾਲੇ
ਉਹ, ਆਪਣੇ ਹੀ, ਗਦਾਰ ਸਨ–
ਜਿਨ੍ਹਾਂ ਨੇ, ਮੈਦਾਨੇ ਜੰਗ ਵਿੱਚ
ਹਥਿਆਰ ਭੇਜਣ ਦੀ ਥਾਂ
ਸਰੋਂ ਦੀਆਂ ਭਰੀਆਂ ਬੋਰੀਆਂ ਭੇਜੀਆਂ

ਚੜ੍ਹਦੀ ਕਲਾ ਨੂੰ
ਢਹਿੰਦੀ ਕਲਾ ਵਿੱਚ ਬਦਲਣ ਵਾਲੇ
ਉਹ, ਆਪਣੇ ਹੀ, ਮੁਖਬਰ ਸਨ–
ਜਿਨ੍ਹਾਂ ਨੇ ਕਰਤਾਰ ਸਿੰਘ ਸਰਾਭਾ ਜਿਹੇ
ਗਦਰ ਪਾਰਟੀ ਦੇ ਸੂਰਮਿਆਂ ਨੂੰ
ਬ੍ਰਿਟਿਸ਼ ਹੁਕਮਰਾਨਾਂ ਦੇ ਹਵਾਲੇ ਕੀਤਾ
ਚੜ੍ਹਦੀ ਕਲਾ ਨੂੰ
ਢਹਿੰਦੀ ਕਲਾ ਵਿੱਚ ਬਦਲਣ ਵਾਲੇ
ਉਹ, ਧਰਮੀ, ਭਾਈ, ਪੰਡਤ, ਮੁੱਲਾਂ, ਪਾਦਰੀ, ਹੀ ਸਨ–
ਜਿਨ੍ਹਾਂ ਨੇ, ਲੱਖਾਂ, ਸਿੱਖਾਂ, ਹਿੰਦੂਆਂ, ਮੁਸਲਮਾਨਾਂ, ਈਸਾਈਆਂ,

ਦਾ ਕਤਲ ਕਰਵਾਕੇ
ਮੁਲਕ ਦੀ ਆਜ਼ਾਦੀ ਦੇ ਜਸ਼ਨ ਨੂੰ
ਖ਼ੂਨ ਦੇ ਵਗਦੇ ਦਰਿਆਵਾਂ 'ਚ ਬਦਲ ਦਿੱਤਾ

ਚੜ੍ਹਦੀ ਕਲਾ ਨੂੰ
ਢਹਿੰਦੀ ਕਲਾ ਵਿੱਚ ਬਦਲਣ ਵਾਲੇ
ਉਹ, ਧਰਮੀ ਕੱਟੜਵਾਦੀ ਦਹਿਸ਼ਤਗਰਦ, ਹਕੂਮਤੀ ਅਹਿਲਕਾਰ, ਹੀ ਸਨ–
ਜਿਨ੍ਹਾਂ ਨੇ, ਦਾਹੜੀਆਂ, ਬੋਦੀਆਂ, ਕੁੱਲੇ, ਪਗੜੀਆਂ, ਤੱਕ ਕੇ
ਮਾਸੂਮ, ਨਿਰਦੋਸ਼, ਲੋਕਾਂ ਨੂੰ, ਆਪਣੀਆਂ
ਏ.ਕੇ.–47 ਮਸ਼ੀਨ ਗੰਨਾਂ ਦਾ ਨਿਸ਼ਾਨਾ ਬਣਾਇਆ

ਚੜ੍ਹਦੀ ਕਲਾ ਨੂੰ
ਢਹਿੰਦੀ ਕਲਾ ਵਿੱਚ ਬਦਲਣ ਵਾਲੇ
ਉਹ, ਲਾਲਚੀ, ਗੈਂਗਸਟਰ, ਰਾਜਨੀਤੀਵਾਨ, ਪੁਲਿਸ ਅਫਸਰ, ਹੀ ਸਨ–
ਜਿਨ੍ਹਾਂ ਨੇ, ਰਾਤੋ–ਰਾਤ, ਅਮੀਰ ਬਨਣ ਦੀ ਚਾਹਤ ਵਿੱਚ
ਨਸ਼ਿਆਂ ਦਾ ਛੇਵਾਂ ਦਰਿਆ ਵਗਾ ਦਿੱਤਾ

ਚੜ੍ਹਦੀ ਕਲਾ ਨੂੰ
ਢਹਿੰਦੀ ਕਲਾ ਵਿੱਚ ਬਦਲਣ ਵਾਲੇ
ਕਿਸੀ, ਹੋਰ ਗ੍ਰਹਿ ਤੋਂ ਨਹੀਂ ਆਉਂਦੇ–
ਉਹ, ਤਾਂ, ਸਾਡੀਆਂ ਹੀ ਆਸਤੀਨਾਂ ਵਿੱਚ
ਪਲ ਰਹੇ ਸੱਪ ਹੁੰਦੇ ਹਨ
■

(ਮਾਲਟਨ, ਅਪ੍ਰੈਲ 14, 2026)

ਵਿਰਾਸਤੀ ਤਰੱਕੀ

ਵਿਰਾਸਤੀ ਤਰੱਕੀ ਦੀਆਂ, ਅਸੀਂ
ਨਿੱਤ, ਸਿਖਰਾਂ ਛੋਹ ਰਹੇ ਹਾਂ–
ਕਾਤਲਾਂ, ਬਲਾਤਕਾਰੀਆਂ, ਡਰੱਗ ਗੈਂਗਸਟਰਾਂ, ਲੁਟੇਰਿਆਂ, ਨੂੰ
ਆਪਣੇ, ਹੀਰੋ ਕਹਿ ਕਹਿ
ਆਉਣ ਵਾਲੀਆਂ ਨਸਲਾਂ ਦੇ
ਪੈਰਾਂ 'ਚ ਕੰਡੇ ਖੁਭੋ ਰਹੇ ਹਾਂ

ਕੋਈ ਵੀ ਸੋਸ਼ਲ ਮੀਡੀਆ
ਅਸੀਂ, ਨਹੀਂ ਛੱਡਿਆ ਸੁਰੱਖਿਅਤ
ਕਰੈਕ, ਕੁਕੇਨ, ਚਿੱਟਾ, ਅਫੀਮ, ਫੈਂਟਾਨਿਲ, ਖਾਹ ਖਾਹ ਮਰ ਰਹੇ–
ਸਾਕ–ਸੰਬੰਧੀਆਂ ਦੀਆਂ ਲਾਸ਼ਾਂ
ਅਸੀਂ, ਨਿੱਤ, ਬਦੇਸ਼ਾਂ ਤੋਂ ਢੋਅ ਰਹੇ ਹਾਂ

ਅਨਪੜ੍ਹ, ਉਜੱਡ, ਕਾਤਲਾਂ, ਨੇ
ਸਿਰਾਂ ਉੱਤੇ ਮੰਡਾਸੇ ਬੰਨ੍ਹ ਕੇ
ਹਰ ਸੋਸ਼ਲ ਮੀਡੀਆ 'ਤੇ, ਮੂਰਖਾਂ ਦੀ ਭੀੜ ਇਕੱਠੀ ਕਰ ਲਈ –
ਕੂੜ ਦੇ ਵਿਉਪਾਰੀ, ਅਸੀਂ
ਆਪਣੇ, ਆਪ ਨੂੰ ਵਿਰਾਸਤ ਦੇ
ਪਹਿਰੇਦਾਰ ਦਸ ਰਹੇ ਹਾਂ

ਇਨ੍ਹਾਂ, ਜ਼ਹਿਰੀ ਸੱਪਾਂ ਨੇ
ਕੋਈ ਵੀ ਥਾਂ ਨਹੀਂ ਛੱਡਿਆ
ਵਿਰਾਸਤ ਦੇ ਸੂਹੇ ਫੁੱਲ ਉੱਗਣ ਲਈ–

ਹਰ ਥਾਂ ਉੱਤੇ ਹੀ, ਇਹ, ਜ਼ਹਿਰ ਉਗਲ ਕੇ ਕਹਿੰਦੇ
ਅਸੀਂ, ਆਪਣੇ, ਜ਼ਹਿਰੀ ਫੁੰਕਾਰੇ
ਛੱਡ ਰਹੇ ਹਾਂ
ਸ਼ਾਨਾਂ-ਮੱਤੀ ਵਿਰਾਸਤ ਨੂੰ
ਇਹ, ਮੂਰਖਾਂ ਦੇ ਟੋਲੇ
ਸੁਆਹ ਦਾ ਢੇਰ ਬਣਾ ਕੇ ਹੀ ਛੱਡਣਗੇ-
ਇਹੀ ਸੱਚ, ਹੁਣ, ਅਸੀਂ
ਬਾਰ ਬਾਰ, ਲੋਕਾਈ ਨੂੰ, ਦੱਸ ਰਹੇ ਹਾਂ
■

(ਮਾਲਟਨ, ਅਪ੍ਰੈਲ 18, 2026)

ਚੌਧਰ ਦੀ ਭੁੱਖ

ਧਾਰਮਿਕ ਅਸਥਾਨਾਂ ਵਿੱਚ
ਲੋਕ, ਨਿੱਤ, ਸੁਣਦੇ ਹਨ :
ਮਨ ਨੀਵਾਂ, ਮੱਤ ਉੱਚੀ

ਪਰ, ਫਿਰ ਵੀ, ਲੋਕ
ਚੌਧਰ ਦੀ ਭੁੱਖ ਕਾਰਨ
ਧਾਰਮਿਕ ਅਸਥਾਨਾਂ ਵਿੱਚ ਹੀ
ਇੱਕ-ਦੂਜੇ ਦੇ ਢਿੱਡ ਵਿੱਚ
ਤਲਵਾਰਾਂ ਖੋਭ ਦਿੰਦੇ ਹਨ
ਇੱਕ-ਦੂਜੇ ਦੇ, ਸਿਰ ਦਾ ਤਾਜ
ਪੱਗਾਂ ਨੂੰ, ਪੈਰਾਂ ਹੇਠ ਰੋਲਦੇ ਹਨ

ਧਾਰਮਿਕ ਅਸਥਾਨਾਂ ਵਿੱਚ
ਲੋਕ, ਨਿੱਤ, ਸੁਣਦੇ ਹਨਃ
ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ

ਪਰ, ਫਿਰ ਵੀ, ਲੋਕ
ਔਰਤਾਂ ਦੇ ਢਿੱਡਾਂ ਵਿੱਚ
ਖੰਜਰ ਖੋਭ ਦਿੰਦੇ ਹਨ
ਉਨ੍ਹਾਂ ਦੀ, ਜ਼ੁਬਾਨ
ਚਾਕੂ ਨਾਲ ਵੱਢ ਦਿੰਦੇ ਹਨ

ਧਾਰਮਿਕ ਅਸਥਾਨਾਂ ਵਿੱਚ
ਲੋਕ, ਨਿੱਤ, ਸੁਣਦੇ ਹਨ :
ਬਾਬਾ ਮਾਇਆ ਸਾਥਿ ਨ ਹੋਇ

ਪਰ, ਫਿਰ ਵੀ, ਲੋਕ
ਧਰਮੀ ਅਸਥਾਨਾਂ ਦੀਆਂ ਗੋਲਕਾਂ ਨੂੰ
ਲੁੱਟਣ ਲੱਗਿਆਂ, ਜ਼ਰਾ ਜਿੰਨੀ ਵੀ
ਸ਼ਰਮ ਨਹੀਂ ਕਰਦੇ
ਧਾਰਮਿਕ ਅਸਥਾਨਾਂ ਵਿੱਚ
ਲੋਕ, ਨਿੱਤ, ਸੁਣਦੇ ਹਨ :
ਫਰੀਦਾ ਜੇ ਤੂ ਅਕਲਿ ਲਤੀਫੁ
ਕਾਲੇ ਲਿਖੁ ਨ ਲੇਖ

ਪਰ, ਫਿਰ ਵੀ, ਲੋਕ
ਧਰਮੀ ਅਸਥਾਨਾਂ ਦੇ, ਘੜੰਮ ਚੌਧਰੀ ਹੋਣ
ਦੇ ਬਾਵਜੂਦ ਵੀ
ਧਰਮੀ ਅਸਥਾਨਾਂ ਅੰਦਰ
ਵੱਡੇ-ਵੱਡੇ, ਘਪਲੇ ਕਰਕੇ, ਆਪਣੇ
ਸੁਖ ਵਿਕਾਸ ਮਹਿਲ ਉਸਾਰ ਲੈਂਦੇ ਹਨ

ਸ਼ਾਇਦ, ਇਹੀ ਕਾਰਨ ਹੈ
ਧਰਮੀ ਅਸਥਾਨਾਂ ਤੋਂ ਨਿੱਤ ਜਾਰੀ ਹੁੰਦੇ
ਨੈਤਿਕਤਾ ਭਰੇ, ਹੁਕਮਨਾਮੇ, ਹੁਣ
ਬੇਅਰਥੇ ਹੋ ਚੁੱਕੇ ਹਨ

ਲੋਕ, ਹੁਣ
ਧਰਮੀ ਅਸਥਾਨਾਂ ਅੰਦਰ ਹੁੰਦੀਆਂ
ਨੈਤਿਕਤਾ ਦੀਆਂ ਗੱਲਾਂ ਨੂੰ

ਇੱਕ ਕੰਨ ਨਾਲ ਸੁਣਦੇ ਹਨ
ਦੂਜੇ ਕੰਨ ਨਾਲ ਬਾਹਰ ਕੱਢ ਦਿੰਦੇ ਹਨ

ਅਜੋਕੇ ਸਮਿਆਂ ਵਿੱਚ, ਧਰਮੀ ਅਸਥਾਨ
ਨੈਤਿਕਤਾ ਦੇ ਕੇਂਦਰ ਨਹੀਂ ਰਹੇ–

ਹੁਣ, ਤਾਂ, ਇਹ, ਮਹਿਜ਼
ਵੈਸ਼ਨੂ ਰੈਸਟੋਰੈਂਟ, ਪਿਕਨਿਕ ਸਥਾਨ, ਸੈਰ ਸਪਾਟਾ ਸਥਾਨ
ਬਣ ਕੇ ਰਹਿ ਗਏ ਹਨ

ਲੋਕ, ਹੁਣ, ਤਾਂ, ਉੱਥੇ
ਵੀਕਐਂਡ ਉੱਤੇ, ਪ੍ਰਵਾਰ ਸਮੇਤ
ਕੁਝ ਪਲ ਬਿਤਾਉਣ ਲਈ, ਯਾਰਾਂ ਦੋਸਤਾਂ ਨੂੰ ਮਿਲਣ
ਉਨ੍ਹਾਂ ਨਾਲ, ਗੱਲਾਂਬਾਤਾਂ
ਕਰਨ ਲਈ ਹੀ ਜਾਂਦੇ ਹਨ
■

(ਮਾਲਟਨ, ਅਪ੍ਰੈਲ 20, 2026)

ਚੰਬਲ ਘਾਟੀ ਦੇ ਡਾਕੂ

ਬਦਲ ਰਹੇ ਸਮਿਆਂ ਦੇ ਨਾਲ ਨਾਲ
ਲੋਕ ਵੀ, ਆਪਣੇ
ਰੂਪ ਥਦਲ ਲੈਂਦੇ ਹਨ–

ਚੰਬਲ ਘਾਟੀ ਦੇ ਡਾਕੂ, ਹੁਣ
ਨ, ਤਾਂ, ਦੂਰ–ਦੁਰਾਡੇ ਦੀਆਂ
ਪਹਾੜੀ ਛੁਪਣਗਾਹਾਂ ਵਿੱਚ ਰਹਿੰਦੇ ਹਨ
ਨ ਹੀ, ਉਹ, ਹੁਣ
ਅੱਧੀ ਰਾਤ ਨੂੰ, ਘੋੜਿਆਂ ਉੱਤੇ ਸਵਾਰ ਹੋ
ਮੋਢਿਆਂ ਉੱਤੇ ਬੰਦੂਕਾਂ ਰੱਖੀ
ਪਿੰਡਾਂ, ਸ਼ਹਿਰਾਂ, ਬਸਤੀਆਂ, ਵਿੱਚ ਦਹਿਸ਼ਤ ਫੈਲਾ ਕੇ
ਲੁੱਟਾਂ, ਖੋਹਾਂ, ਡਾਕੇ, ਮਾਰਨ ਲਈ ਹੀ ਆਉਂਦੇ ਹਨ

ਹੁਣ, ਤਾਂ, ਉਹ
ਦੁੱਧ ਧੋਤੇ ਚਿੱਟੇ ਬਸਤਰ ਪਹਿਣ
ਧਰਮੀ ਮੱਠਾਂ ਦੇ ਸੰਚਾਲਕ ਬਣ ਕੇ
ਭੋਲੇ–ਭਾਲੇ, ਅੰਧਭਗਤ, ਅਗਿਆਨਤਾ ਦੇ ਭਰੇ
ਸ਼ਰਧਾਲੂਆਂ ਕੋਲੋਂ, ਧਾਰਮਿਕ ਸ਼ਰਧਾ ਦੇ ਨਾਮ ਉੱਤੇ
ਲੱਖਾਂ/ਕਰੋੜਾਂ ਰੁਪਏ/ਪਾਊਂਡ/ਡਾਲਰ
ਬਟੋਰ ਲੈਂਦੇ ਹਨ

ਹੁਣ, ਤਾਂ, ਉਹ
ਪੁਲਿਸ ਥਾਣਿਆਂ ਵਿੱਚ, ਉੱਚ ਅਫਸਰਾਂ ਦੀਆਂ ਵਰਦੀਆਂ ਪਹਿਣ
ਕਾਤਲਾਂ, ਬਲਾਤਕਾਰੀਆਂ, ਡਰੱਗ ਗੈਂਗਸਟਰਾਂ, ਰੇਤ ਮਾਫੀਆ, ਦੇ

ਗੁਨਾਹਾਂ ਉੱਤੇ ਪਰਦਾ ਪਾਉਣ ਦੀਆਂ ਸਾਜ਼ਿਸ਼ਾਂ ਬਣਾ
ਆਪਣੇ, ਗੁਪਤ, ਬੈਂਕ ਅਕਾਊਂਟ ਭਰ ਲੈਂਦੇ ਹਨ

ਹੁਣ, ਤਾਂ, ਉਹ
ਹਕੂਮਤਾਂ ਵਿੱਚ ਵਿੱਦਿਆ ਮੰਤਰੀ ਬਣ
ਗਰੀਬ ਵਿਦਿਆਰਥੀਆਂ ਨੂੰ ਮਿਲਣ ਵਾਲੇ
ਕਰੋੜਾਂ ਰੁਪਏ ਦੇ ਵਜ਼ੀਫਿਆਂ ਦੇ ਘਪਲੇ ਕਰ
ਆਪਣੇ, ਸੱਤ ਸਿਤਾਰਾ ਹੋਟਲ ਉਸਾਰ ਲੈਂਦੇ ਹਨ

ਹੁਣ, ਤਾਂ, ਉਹ
ਸਰਕਾਰੀ, ਹਸਪਤਾਲਾਂ ਦੇ ਡਾਇਰੈਕਟਰ ਬਣ
ਮਰ ਚੁੱਕੇ ਮਰੀਜ਼ਾਂ ਦੇ ਵੀ ਕੀਤੇ ਜਾ ਰਹੇ
ਝੂਠੇ ਇਲਾਜ ਦੇ, ਝੂਠੇ ਬਿੱਲ ਬਣਾ ਕੇ
ਬਦੇਸ਼ਾਂ ਵਿੱਚ ਪੜ੍ਹ ਰਹੇ, ਆਪਣੇ
ਧੀਆਂ, ਪੁੱਤਰਾਂ, ਦੇ ਨਾਮ ਉੱਤੇ
ਬਦੇਸ਼ਾਂ ਵਿੱਚ, ਕੋਠੀਆਂ/ਬੰਗਲੇ ਖ਼ਰੀਦ ਕੇ
ਐਸ਼-ਪ੍ਰਸਤੀ ਦੀ ਜ਼ਿੰਦਗੀ ਜਿਉਂਦੇ ਹਨ

ਹੁਣ, ਤਾਂ, ਉਹ
ਦੇਸ਼ ਦੀਆਂ ਸਰਹੱਦੀ ਚੌਕੀਆਂ ਉੱਤੇ ਤਾਇਨਾਤ ਹੋ
ਡਰੱਗ ਮਾਫੀਆ ਨਾਲ ਦੋਸਤੀ ਬਣਾ
ਸਰਹੱਦ ਤੋਂ, ਬਿਨਾ ਕਿਸੀ ਰੋਕ ਟੋਕ ਦੇ
ਕਰੈਕ, ਕੁਕੇਨ, ਅਫੀਮ, ਚਰਸ, ਫੈਂਟਾਨਿਲ, ਦੇ ਭਰੇ ਬਕਸੇ
ਬੜੇ ਆਰਾਮ ਨਾਲ, ਲੰਘ ਜਾਣ ਦਿੰਦੇ ਹਨ
ਡਰੱਗ ਮਾਫੀਆ, ਇਸ ਅਹਿਸਾਨ ਬਦਲੇ
ਅਜਿਹੇ, ਭ੍ਰਿਸ਼ਟ ਸਰਹੱਦੀ ਅਫਸਰਾਂ ਨੂੰ
ਤੋਹਫੇ ਵਜੋਂ, ਮਹਿੰਗੀਆਂ, ਬਦੇਸ਼ੀ

ਸਪੋਰਟਸ ਕਾਰਾਂ ਭੇਟਾ ਕਰਦਾ ਹੈ
ਸਾਡੇ ਸਮਿਆਂ ਦੇ, ਚੰਬਲ ਘਾਟੀ ਦੇ ਡਾਕੂ
ਪਹਿਲਾਂ ਵਾਂਗ, ਅਨਪੜ੍ਹ, ਗੰਵਾਰ, ਨਹੀਂ ਹੁੰਦੇ –

ਹੁਣ ਦੇ ਸਮੇਂ ਦੇ, ਚੰਬਲ ਘਾਟੀ ਦੇ ਡਾਕੂ
ਤਾਂ, ਦੇਸੀ/ਬਦੇਸ਼ੀ, ਬਹੁ-ਚਰਚਿਤ, ਯੂਨੀਵਰਸਿਟੀਆਂ ਦੇ
ਹੋਣਹਾਰ, ਪ੍ਰਤਿਭਾਵਾਨ, ਵਿਦਿਆਰਥੀ
ਰਹਿ ਚੁੱਕੇ ਹੁੰਦੇ ਹਨ
■

(ਮਾਲਟਨ, ਅਪ੍ਰੈਲ 21, 2026)

ਬੇਬੇ

ਬੇਬੇ ਨੀਂ, ਮੈਂ ਖਾਕੀ ਨਿੱਕਰ ਪਾਣੀਂ...

ਮੈਨੂੰ, ਰਾਜ ਸਭਾ ਦਾ ਮੈਂਬਰ ਬਣਾ ਦੇ
ਗਊ ਮੂਤਰ ਪੀਣਾ ਸਿਖਾ ਦੇ
ਗਊ ਗੋਬਰ ਖਾਣਾ ਸਿਖਾ ਦੇ
ਧਰਮ ਦੇ ਨਾਮ 'ਤੇ ਨਫ਼ਰਤ ਫੈਲਾਣੀ ਸਿਖਾ ਦੇ

ਬੇਬੇ ਨੀਂ, ਮੈਂ ਖਾਕੀ ਨਿੱਕਰ ਪਾਣੀਂ...

ਮੈਨੂੰ, ਮੰਨੂਵਾਦੀ ਬਣਾ ਦੇ
ਜਾਤ ਦੇ ਨਾਮ 'ਤੇ ਕਤਲ ਕਰਨੇ ਸਿਖਾ ਦੇ
ਲੋਕਾਂ ਦੇ ਕੰਨਾਂ ਵਿੱਚ ਸਿੱਕਾ ਢਾਲ ਕੇ ਪਾਣਾ ਸਿਖਾ ਦੇ
ਦੁਨੀਆ ਭਰ ਦਾ ਝੂਠ ਬੋਲਣਾ ਸਿਖਾ ਦੇ

ਬੇਬੇ ਨੀਂ, ਮੈਂ ਖਾਕੀ ਨਿੱਕਰ ਪਾਣੀਂ...

ਮੈਨੂੰ, ਬਾਂਦਰ ਸੈਨਾ ਬਨਾਉਣੀ ਸਿਖਾ ਦੇ
ਮੈਨੂੰ, ਬਾਂਦਰਾਂ ਨੂੰ ਕ੍ਰਿਕਟ ਖਿਡਾਉਣੀ ਸਿਖਾ ਦੇ
ਮੈਨੂੰ, ਬਾਂਦਰ ਯੂਨੀਵਰਸਿਟੀ ਬਨਾਉਣੀ ਸਿਖਾ ਦੇ
ਮੈਨੂੰ, ਬਾਂਦਰਾਂ ਦੀ ਅਕਾਊਂਟਿੰਗ ਕਰਨੀ ਸਿਖਾ ਦੇ

ਬੇਬੇ ਨੀਂ, ਮੈਂ ਖਾਕੀ ਨਿੱਕਰ ਪਾਣੀਂ...
ਬੇਬੇ ਨੀਂ, ਮੈਂ ਖਾਕੀ ਨਿੱਕਰ ਪਾਣੀਂ...
ਬੇਬੇ ਨੀਂ, ਮੈਂ ਖਾਕੀ ਨਿੱਕਰ ਪਾਣੀਂ
■

(ਮਾਲਟਨ, ਅਪ੍ਰੈਲ 25, 2026)

ਟੰਨ ਟਨਾ ਟਨ

ਰਾਜਨੀਤੀਵਾਨ, ਲੋਕਾਂ ਨੂੰ ਭਾਵੁਕ ਕਰਨ ਲਈ
ਨਾਅਰਾ ਲਗਾਉਂਦਾ ਹੈ :
'ਇਨਕਲਾਬ, ਜ਼ਿੰਦਾਬਾਦ !'

ਫਿਰ, ਹਵਾ ਦਾ ਰੁਖ ਦੇਖ
ਉਹ, ਹਨੂੰਮਾਨ ਮੰਦਰ ਵੀ ਜਾਂਦਾ ਹੈ
ਬਾਂਦਰਾਂ ਦੇ ਦੇਵਤੇ ਅੱਗੇ ਸਿਰ ਝੁਕਾਂਦਾ ਹੈ
ਬਾਂਦਰਾਂ ਨਾਲ ਕੁਝ ਪਲ ਬਿਤਾਂਦਾ ਹੈ
ਬਾਂਦਰਾਂ ਨੂੰ ਕੇਲੇ ਛਕਾਂਦਾ ਹੈ
ਬਾਂਦਰਾਂ ਨੂੰ ਆਪਣੇ ਨਾਲ ਨਚਾਂਦਾ ਹੈ
ਬਾਂਦਰਾਂ ਨਾਲ ਮਿਲ, ਖੁਸ਼ੀ ਖੁਸ਼ੀ
ਹਰੇ ਰਾਮਾ, ਹਰੇ ਕ੍ਰਿਸ਼ਨਾ, ਗਾਂਦਾ ਹੈ
ਬਾਰ ਬਾਰ, ਮੰਦਿਰ ਦੀ ਘੰਟੀ
ਟੰਨ ਟਨਾ ਟਨ ਵਜਾਂਦਾ ਹੈ

ਰਾਜਨੀਤੀਵਾਨ, ਘਰ ਪਹੁੰਚ
ਗਊ ਮੂਤਰ ਨੂੰ ਅੰਮ੍ਰਿਤ ਸਮਝ
ਕੱਚ ਦੇ ਗਿਲਾਸ ਵਿੱਚ ਪਾ
ਗਊ ਮਾਤਾ ਦੇ ਗੋਬਰ ਦੇ ਹਲਵੇ ਨਾਲ
ਡਾਇਨਿੰਗ ਟੇਬਲ ਉੱਤੇ, ਸਜਾਂਦਾ ਹੈ

ਚੋਣਾਂ ਦਾ ਦਿਨ ਨੇੜੇ ਆ ਜਾਣ 'ਤੇ
ਰਾਜਨੀਤੀਵਾਨ, ਪ੍ਰੈੱਸ ਕਾਨਫਰੰਸ ਬੁਲਾਂਦਾ ਹੈ–

ਨਸ਼ੇੜੀਆਂ, ਡਰੱਗ ਸਮੱਗਲਰਾਂ, ਮਾਫੀਆ, ਨੂੰ
ਖੁਸ਼ ਕਰਨ ਲਈ, ਅਫੀਮ ਦੀ ਖੇਤੀ ਦਾ
ਨਾਅਰਾ ਲਗਾਂਦਾ ਹੈ

ਰਾਜਨੀਤੀਵਾਨ, ਪੂਰੀ ਬੁਲੰਦ ਆਵਾਜ਼ ਵਿੱਚ
ਵਿਰੋਧੀ ਪਾਰਟੀ ਨੂੰ, ਗੁੰਡਿਆਂ, ਬਦਮਾਸ਼ਾਂ, ਦੀ ਪਾਰਟੀ ਕਹਿ
ਗਲੀ-ਗਲੀ, ਸ਼ੋਰ ਮਚਾਂਦਾ ਹੈ

ਪਰ, ਅਗਲੇ ਹੀ ਦਿਨ
ਕਿਸੀ, ਲਾਲਚ ਵਸ, ਉਸਦੇ ਚਿਹਰੇ ਤੋਂ
ਇਨਕਲਾਬ ਦਾ ਮੁਖੌਟਾ ਡਿੱਗ ਜਾਂਦਾ ਹੈ-
ਟੰਨ ਟਨਾ ਟਨ ਕਰਦਾ ਹੋਇਆ
ਆਪਣੀ, ਵਿਰੋਧੀ ਰਾਜਨੀਤਿਕ ਪਾਰਟੀ ਦੇ
ਬਦਮਾਸ਼, ਗੁੰਡੇ, ਲੁਟੇਰੇ, ਨੇਤਾਵਾਂ ਦੇ ਪੈਰਾਂ ਵਿੱਚ
ਕੁੱਤੇ ਦੀ ਪੂਛ ਵਾਂਗ
ਵਿਛ ਜਾਂਦਾ ਹੈ

ਹੁਣ, ਉਹ, ਪੂਰੀ ਪ੍ਰਸੰਨਤਾ ਨਾਲ
'ਭਾਰਤ ਮਾਤਾ ਕੀ, ਜੈ'
'ਭਗਵਾਨ ਰਾਮ, ਜ਼ਿੰਦਾਬਾਦ' ਦਾ
ਨਾਅਰਾ ਲਗਾਉਂਦਾ ਹੈ-
ਬਾਂਦਰਾਂ ਵਾਂਗ, ਆਪਣੀ, ਪੂਛ ਹਿਲਾਂਦਾ ਹੋਇਆ
ਬਾਂਦਰ ਸੈਨਾ ਵਿੱਚ ਸ਼ਾਮਿਲ ਹੋ ਜਾਂਦਾ ਹੈ

ਹੁਣ, ਹਰ ਪਾਸੇ ਹੀ
ਹਫੜਾ ਦੱਫੜੀ ਮੱਚ ਜਾਂਦੀ ਹੈ-
ਟੰਨ ਟਨਾ ਟਨ
ਟੰਨ ਟਨਾ ਟਨ

ਟੰਨ ਟਨਾ ਟੰਨ
ਦਾ ਸ਼ੋਰ ਮੱਚ ਜਾਂਦਾ ਹੈ

–ਮੀਡੀਆ ਨੂੰ ਗੱਲ ਕਰਨ ਲਈ ਨਵਾਂ ਵਿਸ਼ਾ ਮਿਲ ਜਾਂਦਾ ਹੈ
–ਪਾਰਟੀ ਨੂੰ ਮੁਰਦਾਬਾਦ, ਮੁਰਦਾਬਾਦ,
ਕਰਨ ਦਾ ਨਵਾਂ ਕੰਮ ਮਿਲ ਜਾਂਦਾ ਹੈ
–ਕਾਨੂੰਨਦਾਨਾਂ ਨੂੰ ਕਾਨੂੰਨੀ ਕਿਤਾਬਾਂ ਫਰੋਲਣ ਦਾ
ਨਵਾਂ ਬਹਾਨਾ ਮਿਲ ਜਾਂਦਾ ਹੈ
■

(ਮਾਲਟਨ, ਅਪ੍ਰੈਲ 26, 2026)

ਗੈਂਗਸਟਰਾਂ ਦੀ ਸਮਾਨੰਤਰ ਸਲਤਨਤ

ਪੰਜਾਬ, ਸਾਰਾ, ਜਿਉਂਦਾ
ਹੁਣ, ਗੈਂਗਸਟਰਾਂ ਦੇ
ਰਹਿਮ 'ਤੇ–

ਹਰ ਕੋਈ ਜਾਣਦਾ
ਇਹ, ਸਭ, ਗੈਂਗਸਟਰ
ਰਾਜਨੀਤਿਕ ਪਾਰਟੀਆਂ ਦੇ ਹੀ ਪਾਲਤੂ
ਇਹ, ਸਭ, ਗੈਂਗਸਟਰ
ਰਾਜਨੀਤਿਕ ਪਾਰਟੀਆਂ ਦੇ ਹੀ ਪਿਆਦੇ

ਇਹ, ਰਾਜਨੀਤਿਕ ਪਾਰਟੀਆਂ ਹੀ
ਇੱਕ–ਦੂਜੀ ਪਾਰਟੀ ਨਾਲ
ਕੋਈ, ਜਿਦ ਪੁਗਾਉਣ ਲਈ
ਆਪਣੇ, ਆਪਣੇ, ਪਾਲਤੂ
ਸ਼ਤਰੰਜ ਦੇ ਪਿਆਦੇ
ਗੈਂਗਸਟਰ ਗੋ੍ਹਾਂ ਨੂੰ
ਮੈਦਾਨ ਵਿੱਚ ਉਤਾਰਦੀਆਂ

ਹਤਿਆਰੇ, ਕਾਰਾਂ, ਵੈਨਾਂ, ਮੋਟਰਸਾਈਕਲਾਂ, ਉੱਤੇ
ਸਵਾਰ ਹੋ ਕੇ ਆਉਂਦੇ, ਮਿੰਟਾਂ, ਸਕਿੰਟਾਂ, ਵਿੱਚ
ਪਿਸਤੌਲਾਂ, ਬੰਦੂਕਾਂ, ਮਸ਼ੀਨ ਗੰਨਾਂ, ਨਾਲ
ਅੰਧਾਧੁੰਦ, ਠੂਹ ਠਾਹ ਕਰਕੇ
ਮੌਤ ਦੇ ਫਰਿਸ਼ਤਿਆਂ ਵਾਂਗ

ਆਪਣੇ, ਮਾਲਕਾਂ ਦੀ, ਸ਼ਤਰੰਜ ਦੀ ਖੇਡ
ਖੇਡ ਕੇ, ਆਲੋਪ ਹੋ ਜਾਂਦੇ

ਬਸ, ਪਿੱਛੇ ਰਹਿ ਜਾਂਦੇ
ਸਨਸਨੀਖੇਜ਼, ਖਬਰਾਂ ਦੀ ਉਡੀਕ ਵਿੱਚ
ਗਲੀ ਗਲੀ, ਬਾਜ਼ਾਰ ਬਾਜ਼ਾਰ, ਸ਼ਹਿਰ ਸ਼ਹਿਰ
ਭਟਕ ਰਹੇ, ਰੇਡੀਓ, ਟੀਵੀ, ਅਖਬਾਰਾਂ, ਇੰਟਰਨੈੱਟ, ਦੇ
ਪੱਤਰਕਾਰ, ਆਪਣੇ, ਹੱਥਾਂ ਵਿੱਚ
ਆਲੀਸ਼ਾਨ, ਕੈਮਰੇ ਫੜੀ

ਗੈਂਗਸਟਰ, ਆਪਣੇ
ਮਾਲਕਾਂ ਦੇ ਇਸ਼ਾਰਿਆਂ 'ਤੇ
ਹਕੂਮਤ ਦੀ ਸਲਤਨਤ ਦੇ ਸਮਾਨੰਤਰ
ਆਪਣੀ, ਇੱਕ, ਹਕੂਮਤ ਚਲਾਂਦੇ

ਹਕੂਮਤ ਦੇ, ਹਰ
ਕਾਨੂੰਨ ਨੂੰ ਤੋੜਦੇ
ਆਮ ਲੋਕਾਂ ਦੀ ਜ਼ਿੰਦਗੀ ਵਿੱਚ
ਦਹਿਸ਼ਤ ਦਾ, ਖ਼ੌਫ਼ ਜਗਾਂਦੇ

ਪੰਜਾਬ, ਸਾਰਾ, ਜਿਉਂਦਾ
ਹੁਣ, ਗੈਂਗਸਟਰਾਂ ਦੇ
ਰਹਿਮ 'ਤੇ–

ਹਕੂਮਤ ਦੀ ਸਲਤਨਤ ਦੇ
ਸਮਾਨੰਤਰ ਚੱਲ ਰਹੀ
ਗੈਂਗਸਟਰਾਂ ਦੀ ਦਹਿਸ਼ਤ ਦੀ
ਸਲਤਨਤ ਦੇ ਰਹਿਮ 'ਤੇ
■

(ਮਾਲਟਨ, ਨਵੰਬਰ 18, 2025)

ਗੈਂਗਸਟਰ ਪੰਜਾਬ ਦੇ

ਰਾਜਨੀਤੀ, ਇਸ ਹੱਦ ਤੱਕ
ਗਰਕ ਚੁੱਕੀ ਹੈ
ਇਹੀ, ਢੁੱਕਵਾਂ ਹੋਵੇਗਾ
ਇੱਕ, ਅਜਿਹੀ ਰਾਜਨੀਤਿਕ ਪਾਰਟੀ
ਹੋਂਦ ਵਿੱਚ ਆਵੇ
ਜਿਸਦਾ ਨਾਮ ਹੋਵੇ–
ਗੈਂਗਸਟਰ ਪੰਜਾਬ ਦੇ

ਜਿਸ ਦਾ ਉਦੇਸ਼ ਵੀ
ਬਿਲਕੁਲ, ਸਪੱਸ਼ਟ ਹੋਵੇ

ਅਸੀਂ, ਦੇਸ਼ ਦੀ ਰਾਜ–ਸੱਤਾ
ਸੰਭਾਲਾਂਗੇ, ਤਾਂ
ਦੇਸ਼ ਵਿੱਚ, ਨਸ਼ਿਆਂ ਦਾ ਹੜ੍ਹ
ਲਿਆਵਾਂਗੇ–

ਕਰੈਕ, ਕੁਕੇਨ, ਅਫੀਮ, ਚਰਸ, ਫੈਂਟਾਨਿਲ
ਬਾਜ਼ਾਰਾਂ, ਚੌਰਸਤਿਆਂ, ਸ਼ੌਪਿੰਗ ਪਲਾਜ਼ਿਆਂ, ਵਿੱਚ
ਚਮਕ–ਦਮਕ ਵਾਲੀਆਂ ਦੁਕਾਨਾਂ ਤੋਂ
ਖੁੱਲ੍ਹੇਆਮ ਮਿਲ ਸਕਣਗੇ

ਬੀਅਰ, ਵਾਈਨ, ਵਿਸਕੀ
ਹਰ, ਚਾਹ, ਕੌਫੀ, ਦੁਕਾਨ ਉੱਤੇ ਹੀ
ਮਿਲ ਸਕੇਗੀ
ਹਰ ਧਰਮੀ ਸਥਾਨ ਉੱਤੇ

ਠੰਢੀ-ਠਾਰ, ਭੰਗ ਦੇ ਭਰੇ ਗਿਲਾਸ
ਪੀਣ ਲਈ, ਇੰਝ ਮਿਲਣਗੇ, ਜਿਵੇਂ
ਬੀਤੇ ਸਮਿਆਂ 'ਚ, ਹਰ ਚੌਰਸਤੇ 'ਚ
ਠੰਢੇ ਪਾਣੀ ਦੇ, ਪਿਆਓ ਹੁੰਦੇ ਸਨ

ਹਰ ਵਰ੍ਹੇ, ਹਕੂਮਤ
ਦੇਸ਼ ਭਰ ਵਿੱਚ
'ਗੈਂਗਸਟਰ ਸਭਿਆਚਾਰਕ ਮੇਲੇ'
ਆਯੋਜਿਤ ਕਰੇਗੀ-

ਜਿਨ੍ਹਾਂ ਮੇਲਿਆਂ ਵਿੱਚ
ਗੈਂਗਸਟਰ ਗਾਇਕ, ਕਲਾਕਾਰ, ਕਵੀ, ਬੁੱਧੀਜੀਵੀ,
ਰਾਜਨੀਤੀਵਾਨ ਆਪਣੇ, ਆਪਣੇ, ਗੈਂਗਸਟਰ ਫਨ ਦਾ
ਭਰਪੂਰ, ਮੁਜਾਹਰਾ
ਕਰ ਸਕਣਗੇ

ਅਸੀਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਵਿੱਚ
ਗੈਂਗਸਟਰ ਪੰਜਾਬ ਦੇ ਵਿਸ਼ਾ ਪੜ੍ਹਾਇਆ ਜਾਣਾ
ਜ਼ਰੂਰੀ ਕਰਾਰ ਦੇਵਾਂਗੇ

ਦੇਸ਼ ਭਰ ਦੇ ਸਿਨਮਿਆਂ ਵਿੱਚ
ਸਿਰਫ, ਬਲਿਊ ਫਿਲਮਾਂ ਹੀ
ਦਿਖਾਏ ਜਾਣ ਦੀ ਇਜਾਜ਼ਤ ਹੋਵੇਗੀ

ਹਰ ਰੰਗ-ਮੰਚ ਉੱਤੇ
ਸਿਰਫ, ਪੋਰਨੋਗਰਾਫਕ
ਨਾਟਕ ਖੇਡਣ ਦੀ ਹੀ
ਖ਼ੁੱਲ੍ਹ ਹੋਵੇਗੀ

ਸਾਹਿਤ ਅਕੈਡਮੀਆਂ, ਭਾਸ਼ਾ ਵਿਭਾਗ, ਵੱਲੋਂ
ਆਯੋਜਿਤ ਕੀਤੇ ਜਾਂਦੇ
ਕਵੀ ਦਰਬਾਰਾਂ, ਮੁਸ਼ਹਿਰਿਆਂ, ਵਿੱਚ
ਸਿਰਫ, ਗੈਂਗਸਟਰ ਕਲਚਰ ਨੂੰ
ਉਤਸ਼ਾਹਿਤ ਕਰਨ ਵਾਲੇ
ਗੀਤ, ਗ਼ਜ਼ਲਾਂ, ਕਵਿਤਾਵਾਂ, ਦਾ
ਪਾਠ ਹੋਵੇਗਾ

ਸਾਡੀ, ਹਕੂਮਤ
ਸਮੁੱਚੇ, ਦੇਸ਼ ਵਿੱਚ
ਇੱਕ ਹੀ, ਕੌਮੀ ਨਾਅਰੇ ਨੂੰ
ਪ੍ਰਵਾਨਗੀ ਦੇਵੇਗੀ:
'ਗੈਂਗਸਟਰ ਪੰਜਾਬ ਦੇ
ਜ਼ਿੰਦਾਬਾਦ !'
■

(ਮਾਲਟਨ, ਜਨਵਰੀ 17, 2026)

ਪੰਜਾਬੀਆਂ ਦਾ ਸੁਭਾਅ

ਪੰਜਾਬੀ, ਜਿੱਥੇ ਕਿਤੇ ਵੀ
ਜਾਂਦੇ ਹਨ, ਉਨ੍ਹਾਂ ਦਾ ਸੁਭਾਅ ਵੀ
ਉਨ੍ਹਾਂ ਦੇ, ਨਾਲ ਹੀ ਜਾਂਦਾ ਹੈ–

ਤਾਂ ਹੀ, ਤਾਂ
ਹਰ ਕੋਈ ਕਹਿੰਦਾ ਹੈ:
ਪੰਜਾਬੀ, ਜਿੱਥੇ ਕਿਤੇ ਵੀ
ਜਾਂਦੇ ਹਨ, ਉਹ, ਉਸ ਥਾਂ ਨੂੰ ਵੀ
ਪੰਜਾਬ ਵਰਗੀ ਹੀ ਬਣਾ ਲੈਂਦੇ ਹਨ

ਪਿਛਲੇ ਕੁਝ ਸਾਲਾਂ ਤੋਂ
ਬਰੈਂਪਟਨ, ਸਰੀ, ਕੈਲਗਰੀ, ਅਡਮਿੰਟਨ, ਵਿਨੀਪੈੱਗ
ਸ਼ਹਿਰਾਂ ਵਿੱਚ, ਪੰਜਾਬੀਆਂ ਦਾ
ਭੀੜ–ਭੜੱਕਾ ਹੋਣ ਲੱਗਾ, ਤਾਂ
ਲੋਕ ਕਹਿਣ ਲੱਗ ਪਏ–
ਪੰਜਾਬੀਆਂ ਨੇ, ਤਾਂ
ਕੈਨੇਡਾ ਦੇ ਸ਼ਹਿਰਾਂ ਨੂੰ ਵੀ
ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਬਠਿੰਡਾ
ਬਣਾ ਦਿੱਤਾ ਹੈ

ਹੁਣ, ਤਾਂ
ਕੈਨੇਡਾ ਦੇ ਸ਼ਹਿਰਾਂ ਵਿੱਚ ਵੀ
ਪੰਜਾਬ ਦੇ ਸ਼ਹਿਰਾਂ ਵਾਂਗ ਹੀ
ਪੰਜਾਬੀ ਗੈਂਗਸਟਰ, ਅਚਾਨਕ

ਆਉਂਦੇ ਹਨ, ਕਿਸੀ ਵੀ
ਰੈਸਟੋਰੈਂਟ, ਕੈਫ਼ੇ, ਟਰੱਕ ਸ਼ਾਪ, ਰੇਡੀਓ ਸਟੇਸ਼ਨ, ਨੂੰ
ਅੰਧਾਧੁੰਦ, ਗੋਲੀਆਂ ਦਾ ਨਿਸ਼ਾਨਾ ਬਣਾ ਦਿੰਦੇ ਹਨ

ਉਹ, ਤਾਂ
ਪੰਜਾਬ ਵਾਂਗ ਹੀ
ਪੰਜਾਬੀ ਵਿਉਪਾਰੀਆਂ, ਗਾਇਕਾਂ, ਮੀਡੀਆ ਕਰਮੀਆਂ, ਨੂੰ
ਧਮਕੀਆਂ ਭਰੇ, ਖ਼ਤ ਲਿਖਦੇ ਹਨ
ਉਹ, ਮੰਗ ਕਰਦੇ ਹਨ
ਫਲਾਨੀ ਫਲਾਨੀ ਤਰੀਕ ਤੱਕ
ਫਲਾਨੀ ਫਲਾਨੀ ਥਾਂ 'ਤੇ
10 ਲੱਖ ਡਾਲਰ ਅਪੜਦੇ ਕਰੋ
ਨਹੀਂ, ਤਾਂ, ਮਰਨ ਲਈ
ਤਿਆਰ ਰਹੋ

ਉਹ, ਸਿਰਫ
ਅਜਿਹਾ, ਕਹਿੰਦੇ ਹੀ ਨਹੀਂ
ਬਲਕਿ, ਫਿਰੌਤੀ ਦੀ ਰਕਮ
ਨ ਮਿਲਣ 'ਤੇ, ਲਾਸ਼ਾਂ ਦੇ
ਢੇਰ ਵੀ ਲਗਾ ਜਾਂਦੇ ਹਨ

ਹੁਣ, ਤਾਂ
ਇਹ ਗੱਲ ਵੀ, ਹਰ ਕਿਸੀ ਦੀ
ਜ਼ੁਬਾਨ ਉੱਤੇ ਹੈ–
ਪੰਜਾਬੀਆਂ ਨੇ, ਤਾਂ, ਸੱਚਮੁੱਚ ਹੀ
ਕੈਨੇਡਾ ਨੂੰ ਵੀ ਪੰਜਾਬ ਹੀ
ਬਣਾ ਦਿੱਤਾ ਹੈ
ਇੱਥੇ ਵੀ, ਹੁਣ, ਤਾਂ

ਪੰਜਾਬ ਵਾਂਗ ਹੀ
ਕਿਸੀ ਦੀ ਵੀ ਜਾਨ
ਸੁਰੱਖਿਅਤ ਨਹੀਂ

ਇੱਥੇ ਵੀ, ਹੁਣ, ਤਾਂ
ਪੰਜਾਬ ਵਾਂਗ ਹੀ
ਹਰ ਤਰਫ਼, ਦਹਿਸ਼ਤ
ਦਨਦਨਾਂਦੀ ਹੈ

ਇੱਥੇ ਵੀ, ਹੁਣ, ਤਾਂ
ਪੰਜਾਬੀ ਗੈਂਗਸਟਰਾਂ ਦਾ ਹੀ
ਹਰ ਪਾਸੇ, ਰਾਜ ਹੈ
■

(ਮਾਲਟਨ, ਦਸੰਬਰ 6, 2025)

ਫਿਰੌਤੀ ਸਭਿਆਚਾਰ

ਅਸੀਂ, ਕੈਨੇਡਾ ਵਾਸੀ
ਆਪਣਾ, ਇੱਕ, ਨਵਾਂ ਹੀ
ਸਭਿਆਚਾਰ ਉਸਾਰ ਰਹੇ ਹਾਂ–

ਕੁਝ ਲੋਕ, ਇਸ ਨੂੰ
ਫਿਰੌਤੀ ਸਭਿਆਚਾਰ ਕਹਿਣਾ
ਪਸੰਦ ਕਰਦੇ ਹਨ

ਕੈਨੇਡਾ 'ਚ ਉੱਭਰ ਰਹੇ
ਮਿਲਗੋਭਾ ਸਭਿਆਚਾਰ ਦੀ
ਇਹ, ਇੱਕ, ਨਵੀਂ ਬਰੀਡ ਹੈ

ਐਬਟਸਫੋਰਡ, ਸਰੀ, ਬਰੈਂਪਟਨ, ਕੈਲਗਰੀ, ਅਡਮਿੰਟਨ, ਜਿਹੇ
ਸ਼ਹਿਰਾਂ ਦੇ, ਘੁੱਗ ਵੱਸਦੇ, ਇਲਾਕਿਆਂ ਦੀਆਂ ਸੜਕਾਂ ਉੱਤੇ
ਅਚਾਨਕ, ਕੁਝ, ਕਾਰਾਂ ਆ ਕੇ ਰੁਕਦੀਆਂ ਹਨ–
ਪਲਾਂ, ਛਿਣਾਂ, ਵਿੱਚ ਹੀ
ਅੰਧਾਧੁੰਦ, ਗੋਲੀਆਂ ਦੀ ਬੁਛਾੜ
ਹੋਣ ਲੱਗਦੀ ਹੈ

ਸ਼ਹਿਰ ਦੀਆਂ, ਰੇਡੀਓ-ਟੀਵੀ, ਚੈਨਲਾਂ
ਮਿੰਟ ਮਿੰਟ ਬਾਅਦ, ਖਬਰਾਂ
ਪ੍ਰਸਾਰਿਤ ਕਰਨ ਲੱਗਦੀਆਂ ਹਨ:
ਫਲਾਣੇ ਫਲਾਣੇ ਇਲਾਕੇ ਵਿੱਚ
ਕੁਝ, ਅਣਪਛਾਤੇ, ਵਿਅਕਤੀਆਂ ਨੇ

ਗੋਲੀਬਾਰੀ ਕਰਕੇ, ਸ਼ਹਿਰ ਦੀ
ਇੱਕ, ਜਾਣੀ-ਪਹਿਚਾਣੀ, ਸਖਸ਼ੀਅਤ ਦਾ
ਕਤਲ ਕਰ ਦਿੱਤਾ ਹੈ
ਕਿਹਾ ਜਾ ਰਿਹਾ ਹੈ, ਇਹ ਕਤਲ
ਫਿਰੌਤੀ ਦੀ ਮੰਗ ਨਾਲ ਸਬੰਧਤ ਸੀ

ਪਲਾਂ, ਛਿਣਾਂ, ਵਿੱਚ ਹੀ
ਸ਼ਹਿਰ ਦੀਆਂ, ਟੀਵੀ ਚੈਨਲਾਂ ਉੱਤੇ
ਕਿਸੀ, ਗੈਂਗਸਟਰ ਗਰੁਹ ਨਾਲ ਸਬੰਧਤ
ਕਿਸੀ, ਸਰਗਣੇ ਦੇ ਬੋਲ
ਪ੍ਰਸਾਰਿਤ ਹੋਣੇ ਸ਼ੁਰੂ ਹੋ ਜਾਂਦੇ ਹਨ :
ਇਹ ਕਤਲ, ਅਸੀਂ ਕੀਤਾ ਹੈ
ਅਸੀਂ, ਲੱਲੀ ਰਾਮ ਛੱਲੀ ਨੂੰ
ਬਹੁਤ ਵਾਰ ਸਮਝਾਇਆ ਸੀ
ਪਰ ਉਸਨੇ, ਆਪਣੀ, ਜਿੱਦ ਨਹੀਂ ਛੱਡੀ
ਸਾਡੀ, ਚੇਤਾਵਨੀ ਦੀ, ਕੋਈ
ਪ੍ਰਵਾਹ ਨਹੀਂ ਕੀਤੀ

ਫਰੌਤੀ ਕਲਚਰ, ਅਜੇ
ਕੈਨੇਡਾ ਵਿੱਚ, ਆਪਣੇ
ਪੈਰ ਜਮਾ ਰਿਹਾ ਹੈ-

-ਜਿਉਂ, ਜਿਉਂ, ਬੇਰੁਜ਼ਗਾਰੀ ਵਧੇਗੀ
-ਵਰਕ ਪਰਮਿਟ ਲੈਣੇ ਔਖੇ ਹੁੰਦੇ ਜਾਣਗੇ
-ਸਿਰ ਛੁਪਾਉਣ ਲਈ ਥਾਵਾਂ ਦੀ ਘਾਟ ਹੁੰਦੀ ਰਹੇਗੀ
-ਸਿਰਾਂ ਉੱਤੇ, ਕਰਜ਼ਿਆਂ ਦਾ ਭਾਰ ਵਧਦਾ ਜਾਵੇਗਾ
ਅੱਲੜ੍ਹ ਮੁਟਿਆਰਾਂ, ਅੱਲੜ੍ਹ ਗੱਭਰੂ
ਫਿਰੌਤੀ ਕਲਚਰ ਵੱਲ ਖਿੱਚੇ ਜਾਂਦੇ ਰਹਿਣਗੇ

ਚਲਾਕ, ਵਿਉਪਾਰੀ, ਉਨ੍ਹਾਂ ਦੀਆਂ
ਮਜਬੂਰੀਆਂ ਦਾ ਲਾਭ ਉਠਾ
ਉਨ੍ਹਾਂ ਨੂੰ, ਆਪਣੇ, ਸਾਜ਼ਿਸ਼ੀ, ਕ੍ਰਿਮਿਨਲ
ਧੰਦਿਆਂ ਵਿੱਚ ਜਕੜਦੇ ਰਹਿਣਗੇ

ਉਨ੍ਹਾਂ, ਅੱਲੜ੍ਹ ਮੁਟਿਆਰਾਂ, ਅੱਲੜ੍ਹ ਗੱਭਰੂਆਂ, ਦੇ ਹੱਥਾਂ 'ਚ
ਪਿਸਤੌਲਾਂ, ਮਸ਼ੀਨ ਗੰਨਾਂ, ਹੈਂਡ ਗ੍ਰਨੇਡ, ਫੜਾਂਦੇ ਰਹਿਣਗੇ
ਆਪਣੀਆਂ, ਬੈਂਕ ਤਜੌਰੀਆਂ ਭਰਨ ਲਈ
ਮਕਾਰ, ਕ੍ਰਿਮਿਨਲ, ਸਾਜ਼ਿਸ਼ੀ, ਵਿਉਪਾਰੀ
ਉਨ੍ਹਾਂ ਨੂੰ, ਬਲੀ ਦੇ ਬੱਕਰੇ
ਬਣਾਉਂਦੇ ਰਹਿਣਗੇ

■

(ਮਾਲਟਨ, ਨਵੰਬਰ 1, 2025)

ਚੁੱਪ ਰਹਿਣ ਦਾ ਵੇਲਾ

ਸ਼ਹਿਰ ਵਿੱਚ, ਫਿਰੌਤੀ ਗੈਂਗਸਟਰ
ਪਿਸਤੌਲਾਂ, ਬੰਦੂਕਾਂ, ਮਸ਼ੀਨ ਗੰਨਾਂ, ਨਾਲ
ਘਰਾਂ, ਦੁਕਾਨਾਂ, ਕੌਫੀ ਹਾਊਸਾਂ, ਰੈਸਟੋਰੈਂਟਾਂ, ਉੱਤੇ
ਅੰਧਾਧੁੰਦ, ਗੋਲੀਆਂ ਦੀ ਬੁਛਾੜ ਕਰਦੇ ਹੋਏ
ਦਹਿਸ਼ਤਗਰਦਾਂ ਵਾਂਗ, ਦਹਿਸ਼ਤ ਫੈਲਾਅ ਰਹੇ ਹਨ
ਪਰ, ਤੁਸੀਂ, ਚੁੱਪ ਰਹੋ
ਤੁਹਾਡੀਆਂ, ਵਿਰੋਧ ਭਰੀਆਂ ਗੱਲਾਂ ਦਾ
ਆਪਣੇ ਹੀ, ਭਾਈਚਾਰੇ ਦੇ ਲੋਕ
ਬੁਰਾ ਮਨਾ ਸਕਦੇ ਹਨ

ਸ਼ਹਿਰ ਵਿੱਚ, ਧਾਰਮਿਕ ਸਥਾਨਾਂ ਦਾ
ਪ੍ਰਬੰਧ ਕਰਨ ਵਾਲੀਆਂ, ਸੰਸਥਾਵਾਂ ਦੇ ਮੁਖੀ
ਅਹਿਲਕਾਰਾਂ ਨਾਲ ਮਿਲ ਕੇ, ਧਰਮੀ ਮੱਠਾਂ ਦੀਆਂ
ਗੋਲਕਾਂ ਵਿੱਚ ਪਏ, ਲੱਖਾਂ-ਕਰੋੜਾਂ, ਰੁਪਏ ਲੁੱਟ ਕੇ
ਆਪਣੇ, ਨਿੱਜੀ ਖਜ਼ਾਨੇ
ਭਰਪੂਰ ਕਰ ਰਹੇ ਹਨ
ਪਰ, ਤੁਸੀਂ, ਚੁੱਪ ਰਹੋ
ਤੁਹਾਡੀਆਂ, ਵਿਰੋਧ ਭਰੀਆਂ ਗੱਲਾਂ ਦਾ
ਆਪਣੇ ਹੀ, ਭਾਈਚਾਰੇ ਦੇ ਲੋਕ
ਬੁਰਾ ਮਨਾ ਸਕਦੇ ਹਨ

ਸ਼ਹਿਰ ਵਿੱਚ, ਇਮੀਗ੍ਰੇਸ਼ਨ ਏਜੰਸੀਆਂ ਦਾ
ਧੰਦਾ ਕਰਨ ਵਾਲੇ, ਠੱਗ ਏਜੰਟ
ਨੌਜਵਾਨਾਂ ਨੂੰ, ਫਰਜ਼ੀ ਦਸਤਾਵੇਜ਼ਾਂ ਦੇ ਸਹਾਰੇ

ਕੈਨੇਡਾ, ਅਮਰੀਕਾ, ਅਸਟ੍ਰੇਲੀਆ, ਡੌਂਕੀ ਬਣਾ ਕੇ
ਭੇਜਣ ਦੇ ਲਾਰੇ ਲਗਾ ਕੇ, ਧੰਨ ਬਟੋਰ ਬਟੋਰ
ਆਪਣੀਆਂ, ਜਾਇਦਾਦਾਂ ਬਣਾ ਕੇ
ਧਨਾਢ ਬਣ ਰਹੇ ਹਨ
ਪਰ, ਤੁਸੀਂ, ਚੁੱਪ ਰਹੋ
ਤੁਹਾਡੀਆਂ, ਵਿਰੋਧ ਭਰੀਆਂ ਗੱਲਾਂ ਦਾ
ਆਪਣੇ ਹੀ, ਭਾਈਚਾਰੇ ਦੇ ਲੋਕ
ਬੁਰਾ ਮਨਾ ਸਕਦੇ ਹਨ

ਸ਼ਹਿਰ ਵਿੱਚ, ਧਰਮੀ-ਰਾਜਨੀਤਿਕ ਲੁਟੇਰੇ
ਆਪਣੀਆਂ, ਕਾਰਾਂ, ਵੈਨਾਂ, ਜੀਪਾਂ, ਉੱਤੇ
ਕਿਸੀ, 'ਖਾਲੀ-ਸਥਾਨ' ਦੇਸ਼ ਦੇ ਪਰਚਮ ਲਹਿਰਾ ਕੇ
ਭੋਲੇ-ਭਾਲੇ, ਹਿੰਦੁਸਤਾਨੀ ਮੂਲ ਦੇ
ਅੰਤਰ-ਰਾਸ਼ਟਰੀ ਵਿਦਿਆਰਥੀਆਂ ਨੂੰ
ਪੱਛਮੀ ਮੁਲਕਾਂ ਦੀ ਨਾਗਰਿਕਤਾ ਪ੍ਰਾਪਤ ਕਰਨ ਹਿਤ
'ਖਾਲੀ-ਸਥਾਨ' ਦੇਸ਼ ਦੀਆਂ ਸਿਫਾਰਸ਼ੀ ਚਿੱਠੀਆਂ
ਹਜ਼ਾਰਾਂ ਡਾਲਰਾਂ ਵਿੱਚ ਵੇਚ
ਆਪਣੇ, ਧਰਮੀ-ਰਾਜਨੀਤਿਕ ਲੁੱਟ ਦੇ
ਧੰਦੇ, ਸ਼ਰੇਆਮ, ਚਲਾ ਰਹੇ ਹਨ

ਪਰ, ਤੁਸੀਂ, ਚੁੱਪ ਰਹੋ
ਤੁਹਾਡੀਆਂ, ਵਿਰੋਧ ਭਰੀਆਂ ਗੱਲਾਂ ਦਾ
ਆਪਣੇ ਹੀ, ਭਾਈਚਾਰੇ ਦੇ ਲੋਕ
ਬੁਰਾ ਮਨਾ ਸਕਦੇ ਹਨ

ਸ਼ਹਿਰ ਵਿੱਚ, ਆਪਣੇ ਹੀ ਭਾਈਚਾਰੇ ਦੇ
ਵਿਉਪਾਰੀ, ਟ੍ਰਕਿੰਗ ਕੰਪਨੀਆਂ, ਰੈਸਟੋਰੈਂਟਾਂ, ਵਾਲੇ
ਮਾਸੂਮ, ਅੰਤਰ-ਰਾਸ਼ਟਰੀ ਵਿਦਿਆਰਥੀਆਂ ਦੇ

ਮਿਹਨਤ ਨਾਲ ਕਮਾਏ, ਹਜ਼ਾਰਾਂ ਹੀ ਡਾਲਰ
ਕੋਈ-ਨ-ਕੋਈ, ਬਹਾਨਾ ਬਣਾ ਕੇ
ਲੁੱਟ ਲੈਂਦੇ ਹਨ, ਫਿਰ, ਇਹ, ਭੁੱਖਾਂ ਦੇ ਸਤਾਏ, ਮਜਬੂਰ
ਨੌਜਵਾਨ, ਟੋਰਾਂਟੋ, ਬਰੈਂਪਟਨ, ਸਰੀ, ਅਡਮਿੰਟਨ, ਦੀਆਂ
ਸੜਕਾਂ ਉੱਤੇ, ਬਰਫ਼ਾਨੀ ਤੂਫ਼ਾਨਾਂ ਵਿੱਚ ਵੀ
ਆਪਣੇ, ਰੋਸ ਮੁਜਾਹਰੇ ਕਰਦੇ ਹਨ
ਪਰ, ਤੁਸੀਂ, ਚੁੱਪ ਰਹੋ
ਤੁਹਾਡੀਆਂ, ਵਿਰੋਧ ਭਰੀਆਂ ਗੱਲਾਂ ਦਾ
ਆਪਣੇ ਹੀ, ਭਾਈਚਾਰੇ ਦੇ ਲੋਕ
ਬੁਰਾ ਮਨਾ ਸਕਦੇ ਹਨ

ਅਜੋਕੇ ਸਮਿਆਂ ਵਿੱਚ, ਲੋਕ
ਸ਼ਾਇਦ, ਇਸੇ, ਵਿਚਾਰਧਾਰਾ ਵਿੱਚ ਹੀ
ਯਕੀਨ ਕਰਨ ਲੱਗ ਪਏ ਹਨ-
ਇਹ ਸਮਾਂ-
-ਮੌਕਾਪ੍ਰਸਤ
-ਮਤਲਬਪ੍ਰਸਤ
-ਮਕਾਰ
-ਮੁਖੌਟਾਧਾਰੀ
ਬਨਣ ਦਾ ਹੈ

ਤੁਸੀਂ, ਆਪਣੇ, ਬੁੱਲਾਂ ਉੱਤੇ
ਹਮੇਸ਼ਾ, ਚੁੱਪ ਦਾ ਪਹਿਰਾ ਰੱਖੋ
ਤੁਸੀਂ, ਆਪਣੀ, ਚੁੱਪ ਨੂੰ
ਹਮੇਸ਼ਾ, ਆਪਣਾ
ਨਾਅਰਾ ਬਣਾ ਕੇ ਰੱਖੋ
■

(ਮਾਲਟਨ, 22 ਫਰਵਰੀ, 2026)

ਸਵਰਗ ਤੋਂ ਨਰਕ ਤੱਕ ਦਾ ਅਹਿਸਾਸ

ਪੰਜਾਬੀਆਂ ਲਈ, ਕੈਨੇਡਾ ਦੀ ਧਰਤੀ
ਸਵਰਗ ਸੀ–

ਉਹ, ਜਦ ਕਦੀ ਵੀ
ਪਿੱਛੇ, ਇੰਡੀਆ ਵਿੱਚ ਰਹਿ ਗਏ
ਆਪਣੇ, ਮਿੱਤਰਾਂ, ਸਾਕ–ਸਬੰਧੀਆਂ, ਨਾਲ
ਫੋਨ ਉੱਤੇ, ਲੰਬੀਆਂ, ਗੱਲਾਂ–ਬਾਤਾਂ ਕਰਦੇ
ਤਾਂ, ਆਪਣੇ, ਚਿਹਰਿਆਂ ਉੱਤੇ
ਪੂਰੀ, ਮੁਸਕਰਾਹਟ ਲਿਆ ਕੇ
ਆਖਦੇ:
ਭਰਾਵੋ, ਅਸੀਂ, ਤਾਂ
ਸਵਰਗ ਵਿੱਚ ਪਹੁੰਚ ਗਏ ਹਾਂ–
ਹਰ ਪਾਸੇ, ਝੀਲਾਂ, ਦਰਿਆ, ਸਮੁੰਦਰ
ਹਰਿਆਲੀ ਹੀ ਹਰਿਆਲੀ, ਮੀਲਾਂ ਤੱਕ
ਸਾਫ ਸੁਥਰੀ ਹਵਾ, ਪਾਣੀ
ਕਿਧਰੇ, ਕੋਈ, ਗੰਦਗੀ ਦੇ ਢੇਰ ਨਹੀਂ
ਜਿਧਰ ਵੀ ਜਾਓ, ਅਸਮਾਨ ਤੋਂ ਉਤਰੀਆਂ
ਪਰੀਆਂ ਵਰਗੀਆਂ, ਗੋਰੀਆਂ, ਚਿੱਟੀਆਂ, ਤੀਵੀਆਂ
ਹੈਲੋ, ਹੈਲੋ, ਕਰਦੀਆਂ
ਸ਼ੌਪਿੰਗ ਪਲਾਜ਼ੇ, ਹਰ ਤਰ੍ਹਾਂ ਦੀਆਂ
ਚੀਜ਼ਾਂ ਨਾਲ ਭਰੇ ਪਏ, ਜਿੰਨੀ ਮਰਜ਼ੀ
ਜਿਸ ਤਰ੍ਹਾਂ ਦੀ ਮਰਜ਼ੀ, ਦਾਰੂ ਦੇ ਮੱਟਾਂ ਦੇ ਮੱਟ

ਖ਼ਰੀਦ ਲਵੋ, ਹਰ ਪਾਸੇ ਹੀ
ਲਹਿਰਾਂ-ਬਹਿਰਾਂ ਹੋਈਆਂ ਪਈਆਂ ਹਨ

ਪਰ, ਫਿਰ, ਅਚਾਨਕ
ਕੈਨੇਡਾ ਨੇ, ਇਮੀਗ੍ਰੇਸ਼ਨ ਕਾਨੂੰਨਾਂ ਵਿੱਚ ਢਿੱਲ ਦਿੱਤੀ
ਇੰਡੀਆ ਤੋਂ ਕੈਨੇਡਾ ਵਿੱਚ, ਜਿਵੇਂ
ਇਮੀਗਰੈਂਟਾਂ ਦਾ ਹੜ੍ਹ ਹੀ ਆ ਗਿਆ
ਜਿਧਰ ਵੀ ਦੇਖੋ, ਕਾਰਾਂ, ਵੈਨਾਂ, ਜੀਪਾਂ, ਟਰੱਕਾਂ, ਵਿੱਚ
ਸਿੱਧੂ ਮੂਸੇਵਾਲਾ ਦਾ ਗੀਤ, ਉੱਚੀ ਆਵਾਜ਼ ਵਿੱਚ
ਵੱਜਦਾ ਸੁਣਾਈ ਦੇਣ ਲੱਗਾ:
'ਅਸੀਂ, ਡਾਕੂਆਂ ਦੇ ਪੁੱਤਰ ਹਾਂ
ਸਾਡਾ, ਡਾਲਰਾਂ ਵਾਂਗੂੰ ਨਾਮ ਵਿਕਦਾ'

ਬਰੈਂਪਟਨ ਟੋਰਾਂਟੋ, ਸਰੀ, ਕੈਲਗਰੀ, ਅਡਮਿੰਟਨ
ਕੈਨੇਡਾ ਦੇ, ਹਰ ਵੱਡੇ ਸ਼ਹਿਰ ਵਿੱਚ ਹੀ
ਪੰਜਾਬੀ ਇਮੀਗਰੈਂਟਾਂ ਦੀਆਂ ਹੇੜਾਂ
ਤੁਰੀਆਂ ਫਿਰਦੀਆਂ ਮਿਲਣ ਲੱਗੀਆਂ

ਕੈਨੇਡਾ ਦੇ ਕਲਚਰ ਦੀਆਂ ਕਦਰਾਂ-ਕੀਮਤਾਂ ਤੋਂ ਅਨਜਾਣ
ਕੈਨੇਡਾ ਦੇ ਕਾਨੂੰਨ ਨੂੰ ਟਿੱਚ ਸਮਝਣ ਵਾਲੇ
ਕੈਨੇਡਾ ਦੀ ਮੁੱਖ ਭਾਸ਼ਾ ਅੰਗ੍ਰੇਜ਼ੀ ਨੂੰ ਨ ਸਮਝਣ ਵਾਲੇ
ਉਜੱਡ, ਹੰਕਾਰੀ, ਅਸੱਭਿਅਕ, ਇਨ੍ਹਾਂ
ਡਾਕੂਆਂ ਦੇ ਪੁੱਤਰਾਂ ਨੇ, ਦੇਖਦਿਆਂ ਦੇਖਦਿਆਂ ਹੀ
ਅਜਿਹਾ, ਕੋਈ ਵੀ ਕ੍ਰਿਮਿਨਲ ਕੰਮ ਨ ਛੱਡਿਆ
ਜੋ ਇਨ੍ਹਾਂ ਨੇ ਨ ਕੀਤਾ ਹੋਵੇ-

ਅਖਬਾਰਾਂ, ਮੈਗਜ਼ੀਨਾਂ, ਫੇਸਬੁੱਕ, ਯੂਟੀਊਬ, ਚੈਨਲਾਂ ਉੱਤੇ
ਇਨ੍ਹਾਂ, ਡਾਕੂਆਂ ਦੇ ਪੁੱਤਰਾਂ, ਕ੍ਰਿਮਿਨਲਾਂ ਦੇ
ਕ੍ਰਾਈਮ ਦੇ ਚਿੱਠੇ ਛਪਣ ਲੱਗੇ, ਇਨ੍ਹਾਂ ਦੀਆਂ

ਤਸਵੀਰਾਂ ਉੱਭਰਨ ਲੱਗੀਆਂ
ਇਨ੍ਹਾਂ, ਡਾਕੂਆਂ ਦੇ ਪੁੱਤਰਾਂ ਨੇ
ਇੱਥੇ ਹੀ ਬਸ ਨ ਕੀਤੀ, ਇਨ੍ਹਾਂ ਨੇ
ਕੈਨੇਡਾ ਆ ਕੇ, ਮਿਹਨਤ ਕਰਕੇ
ਆਪਣੀ, ਜ਼ਿੰਦਗੀ ਸੁਧਾਰਨ ਦੀ ਥਾਂ
ਰਾਤੋ ਰਾਤ, ਅਮੀਰ ਬਨਣ ਦੇ
ਰੰਗੀਨ ਸੁਪਨੇ ਪਾਲਣੇ ਸ਼ੁਰੂ ਕਰ ਦਿੱਤੇ

ਇਨ੍ਹਾਂ, ਡਾਕੂਆਂ ਦੇ ਪੁੱਤਰਾਂ ਨੇ
ਲੋਕਾਂ ਦੇ ਘਰਾਂ, ਵਿਉਪਾਰਕ ਅਦਾਰਿਆਂ, ਉੱਤੇ
ਮਸ਼ੀਨ ਗੰਨਾਂ ਦੀਆਂ ਗੋਲੀਆਂ ਚਲਾ ਕੇ
ਡਾਕੂਆਂ ਵਾਂਗ, ਲੋਕਾਂ ਕੋਲੋਂ, ਲੱਖਾਂ-ਕਰੋੜਾਂ ਡਾਲਰਾਂ ਦੀਆਂ
ਫਿਰੌਤੀਆਂ ਮੰਗਣੀਆਂ ਸ਼ੁਰੂ ਕਰ ਦਿੱਤੀਆਂ

ਇਨ੍ਹਾਂ, ਡਾਕੂਆਂ ਦੇ ਪੁੱਤਰਾਂ ਨੇ
ਕੁਝ ਕੁ ਸਾਲਾਂ ਵਿੱਚ ਹੀ
ਕੈਨੇਡਾ ਦੀ, ਅਜਿਹੀ ਹਾਲਤ ਬਣਾ ਦਿੱਤੀ
ਹੁਣ, ਕੈਨੇਡਾ ਦੇ ਪੰਜਾਬੀ
ਇੰਡੀਆ ਵਿੱਚ ਪਿੱਛੇ ਰਹਿ ਗਏ
ਆਪਣੇ, ਭੈਣਾਂ, ਭਰਾਵਾਂ, ਸਕੇ-ਸੰਬੰਧੀਆਂ, ਨੂੰ
ਫੋਨ ਉੱਤੇ, ਕਹਿਣ ਲੱਗੇ:
ਯਾਰੋ ! ਕੈਨੇਡਾ, ਤਾਂ, ਹੁਣ
ਰਹਿਣ ਦੇ ਕਾਬਲ ਨਹੀਂ ਰਿਹਾ
ਕੈਨੇਡਾ, ਤਾਂ, ਪੂਰਾ ਨਰਕ ਹੈ

■

(ਮਾਲਟਨ, ਜਨਵਰੀ 24, 2026)

ਕਬੱਡੀ ਖੇਡ ਦੇ ਰੱਬ

ਪੰਜਾਬ ਦੇ ਲੋਕ, ਅਕਸਰ
ਇਹ ਗੱਲ, ਬੜੇ ਹੀ ਮਾਣ ਨਾਲ
ਆਖਦੇ ਹਨ:
ਕਬੱਡੀ ਖੇਡ, ਸਾਡੀ
ਮਾਂ ਜਾਈ ਖੇਡ ਹੈ

ਪਰ, ਹੁਣ, ਗੈਂਗਸਟਰ
ਕਬੱਡੀ ਖੇਡ ਦੇ ਰੱਬ
ਬਣੀ ਬੈਠੇ ਹਨ

ਗੈਂਗਸਟਰਾਂ ਦੇ ਹੁਕਮ
ਉਨ੍ਹਾਂ ਦੀ ਮਰਜ਼ੀ ਬਿਨ੍ਹਾਂ, ਹੁਣ
ਕਬੱਡੀ ਖੇਡ ਦਾ, ਪੱਤਾ ਵੀ ਨਹੀਂ
ਹਿੱਲ ਸਕਦਾ

ਗੈਂਗਸਟਰ ਹੀ, ਹੁਣ
ਦੱਸਦੇ ਹਨ:
ਕਿਹੜਾ ਕਬੱਡੀ ਖਿਡਾਰੀ
ਕਿਹੜੀ ਕਬੱਡੀ ਟੀਮ ਵਿੱਚ
ਖੇਡ ਸਕਦਾ ਹੈ

ਗੈਂਗਸਟਰ ਹੀ, ਹੁਣ
ਦੱਸਦੇ ਹਨ:
ਕਿਹੜੀ ਕਬੱਡੀ ਟੀਮ

ਕਿਹੜੇ ਕਬੱਡੀ ਟੂਰਨਾਮੈਂਟ 'ਚ
ਖੇਡ ਸਕਦੀ ਹੈ

ਗੈਂਗਸਟਰ ਹੀ, ਹੁਣ
ਦੱਸਦੇ ਹਨ:
ਕਿਹੜਾ ਕਬੱਡੀ ਖਿਡਾਰੀ, ਟੀਮ ਦਾ ਕਪਤਾਨ ਹੋਵੇਗਾ
ਕਿਹੜਾ ਕਬੱਡੀ ਖਿਡਾਰੀ, ਟੀਮ ਦਾ ਕੋਚ ਹੋਵੇਗਾ
ਕਿਹੜਾ ਕਬੱਡੀ ਖਿਡਾਰੀ, ਟੀਮ ਦਾ ਮੈਨੇਜਰ ਹੋਵੇਗਾ
ਕਿਹੜਾ ਕਬੱਡੀ ਖਿਡਾਰੀ, ਟੀਮ ਦਾ ਪ੍ਰਮੋਟਰ ਹੋਵੇਗਾ

ਗੈਂਗਸਟਰ ਹੀ, ਹੁਣ
ਦੱਸਦੇ ਹਨ:
ਕਿਹੜਾ ਕਬੱਡੀ ਖਿਡਾਰੀ, ਬਾਹਾਂ 'ਚ ਨਸ਼ੇ ਦਾ ਇੰਜੈਕਸ਼ਨ ਲਗਾਵੇਗਾ
ਕਿਹੜਾ ਕਬੱਡੀ ਖਿਡਾਰੀ, ਨਸ਼ਿਆਂ ਦੀ ਸਮਗਲਿੰਗ ਕਰੇਗਾ
ਕਿਹੜਾ ਕਬੱਡੀ ਖਿਡਾਰੀ, ਨਸ਼ਿਆਂ ਦੀ ਕਮਾਈ
ਗੈਂਗਸਟਰਾਂ ਤੱਕ ਪਹੁੰਚਾਵੇਗਾ

ਗੈਂਗਸਟਰ ਹੀ, ਹੁਣ
ਕਬੱਡੀ ਖੇਡ ਦੇ ਰੱਬ ਹਨ :
ਗੈਂਗਸਟਰ ਚਾਹੁਣ, ਤਾਂ
ਕੋਈ, ਕਬੱਡੀ ਖਿਡਾਰੀ, ਕੋਚ, ਪ੍ਰਬੰਧਕ, ਪ੍ਰਮੋਟਰ
ਸਾਹ ਲੈ ਸਕਦਾ ਹੈ
ਗੈਂਗਸਟਰ ਚਾਹੁਣ, ਤਾਂ
ਕਿਸੇ ਵੀ, ਕਬੱਡੀ ਖਿਡਾਰੀ, ਕੋਚ, ਪ੍ਰਬੰਧਕ, ਪ੍ਰਮੋਟਰ, ਨੂੰ
ਕਹਿ ਸਕਦੇ ਹਨ, ਹੁਣ, ਤੈਨੂੰ
ਜਿਉਣ ਦਾ ਕੋਈ ਹੱਕ ਨਹੀਂ

ਗੈਂਗਸਟਰ, ਕਬੱਡੀ ਖੇਡ ਦੇ ਰੱਬ
ਕਿਸੇ ਵੀ, ਕਬੱਡੀ ਖਿਡਾਰੀ, ਕੋਚ, ਪ੍ਰਬੰਧਕ, ਪ੍ਰਮੋਟਰ, ਬਾਰੇ
ਕਿਸੀ ਵੀ ਦਿਨ, ਕਿਸੀ ਵੀ ਪਲ, ਐਲਾਨ ਕਰ ਸਕਦੇ ਹਨ :
ਫਲਾਣੇ, ਫਲਾਣੇ, ਵਿਅਕਤੀ ਦੀ ਮੌਤ ਦਾ
ਅਸੀਂ, ਐਲਾਨ ਕਰਦੇ ਹਾਂ

ਗੈਂਗਸਟਰ, ਕਬੱਡੀ ਖੇਡ ਦੇ ਰੱਬ
ਕਿਸੀ ਵੀ ਛਿੰਨ, ਮੌਤ ਦੇ ਜਮਦੂਤ ਭੇਜ ਕੇ
ਕਬੱਡੀ ਖੇਡ ਦੇ ਮੈਦਾਨ ਵਿੱਚ ਹੀ
ਪਿਸਤੌਲਾਂ, ਬੰਦੂਕਾਂ, ਮਸ਼ੀਨ ਗੰਨਾਂ, ਨਾਲ
ਗੋਲੀਆਂ ਦੀ ਬਰਸਾਤ ਕਰਕੇ
ਕਬੱਡੀ ਖਿਡਾਰੀਆਂ, ਕੋਚਾਂ, ਪ੍ਰਬੰਧਕਾਂ, ਪ੍ਰਮੋਟਰਾਂ, ਦੀਆਂ
ਲਾਸ਼ਾਂ ਦੇ ਅੰਬਾਰ ਲਗਾ ਸਕਦੇ ਹਨ

ਗੈਂਗਸਟਰ, ਕਬੱਡੀ ਖੇਡ ਦੇ ਰੱਬ ਹਨ
ਉਨ੍ਹਾਂ ਦੀ ਮਰਜ਼ੀ, ਹੁਕਮ, ਬਿਨਾਂ, ਹੁਣ
ਕਬੱਡੀ ਖੇਡ ਦਾ, ਪੱਤਾ ਵੀ ਨਹੀਂ ਹਿੱਲ ਸਕਦਾ

ਗੈਂਗਸਟਰ, ਕਬੱਡੀ ਖੇਡ ਦੇ ਰੱਬ
ਤਾਂ, ਹੁਣ, ਕਿਸੀ ਦਿਨ
ਕਬੱਡੀ ਖੇਡ ਨੂੰ ਹੀ
ਹੁਕਮ ਦੇ ਸਕਦੇ ਹਨ:
ਤੈਨੂੰ ਵੀ, ਹੁਣ, ਤਾਂ
ਜਿਉਣ ਦਾ ਕੋਈ ਹੱਕ ਨਹੀਂ
■

(ਮਾਲਟਨ, ਦਸੰਬਰ 18, 2025)

ਅਫਵਾਹ

ਸ਼ਹਿਰ ਵਿੱਚ, ਇੱਕ
ਅਫਵਾਹ, ਬਹੁਤ, ਤੇਜ਼ੀ ਨਾਲ
ਫੈਲ ਰਹੀ ਹੈ–

ਕਬੱਡੀ ਖੇਡ ਵਿੱਚ, ਹੁਣ
ਜਿਉਂਦੇ-ਜਾਗਦੇ, ਸਾਹ ਲੈਂਦੇ, ਮਨੁੱਖੀ
ਖਿਡਾਰੀ ਕਬੱਡੀ ਖੇਡ ਨਹੀਂ
ਖੇਡਿਆ ਕਰਨਗੇ, ਬਲਕਿ
ਹੁਣ, ਤਾਂ, ਰੋਬਾਟ ਹੀ
ਕਬੱਡੀ ਖੇਡ ਖੇਡਿਆ ਕਰਨਗੇ

ਇਨ੍ਹਾਂ, ਰੋਬਾਟ ਕਬੱਡੀ ਖਿਡਾਰੀਆਂ ਨੂੰ
ਖੇਡ ਮੈਦਾਨ ਵਿੱਚ ਉਤਾਰਨ ਲਈ
ਗੈਂਗਸਟਰ ਖੇਡ ਕੰਟਰੋਲਰ ਹੀ
ਆਪਣੇ, ਹੱਥਾਂ 'ਚ ਫੜੇ
ਰਿਮੋਟ ਕੰਟਰੋਲ ਗੈਜਟ ਨਾਲ ਹੀ
ਸਿਗਨਲ ਦਿਆ ਕਰਨਗੇ

ਗੈਂਗਸਟਰ ਹੀ, ਰੋਬਾਟ
ਕਬੱਡੀ ਖਿਡਾਰੀਆਂ ਨੂੰ, ਲੋੜ ਅਨੁਸਾਰ
ਆਪਣੀਆਂ, ਲੱਤਾਂ, ਬਾਹਾਂ, 'ਚ
ਡਰੱਗ ਇੰਜੈਕਸ਼ਨ ਲਗਾਉਣ ਦੀ, ਡਾਕਟਰੀ
ਸਲਾਹ ਦਿਆ ਕਰਨਗੇ, ਤਾਂ ਜੁ
ਇਨ੍ਹਾਂ, ਰੋਬਾਟ-ਨੁਮਾ, ਕਬੱਡੀ ਖਿਡਾਰੀਆਂ ਦੇ

ਜਿਸਮਾਂ ਵਿੱਚ, ਲੋੜੀਂਦੀ, ਸ਼ਕਤੀ, ਸਪੀਡ, ਪੈਦਾ ਕਰਕੇ
ਵਿਰੋਧੀ ਖਿਡਾਰੀਆਂ ਨੂੰ ਹਰਾਉਣ ਲਈ
ਵਰਤਿਆ ਜਾ ਸਕੇ

ਗੈਂਗਸਟਰ, ਆਪਣੇ, ਹੱਥਾਂ 'ਚ ਫੜੇ
ਰਿਮੋਟ ਕੰਟਰੋਲ ਗੈਜਟਾਂ ਨਾਲ ਹੀ, ਇਸ
ਗੱਲ ਦਾ, ਫੈਸਲਾ ਕਰ ਸਕਿਆ ਕਰਨਗੇ–
ਕਿਸ ਕਬੱਡੀ ਖਿਡਾਰੀ ਨੂੰ, ਜ਼ਮੀਨ ਉੱਤੇ
ਕਿੰਨੀ ਦੇਰ ਲਈ, ਸੁੱਟੀ ਰੱਖਣਾ ਹੈ
ਕਿਸ ਖਿਡਾਰੀ ਨੂੰ, ਕਿਸੀ ਕਬੱਡੀ ਖਿਡਾਰੀ ਦੀ
ਜਕੜ ਵਿੱਚੋਂ, ਕਿੰਨੀ ਜਲਦੀ
ਆਜ਼ਾਦ ਕਰਵਾਉਣਾ ਹੈ

ਗੈਂਗਸਟਰ, ਤਾਂ, ਆਪਣੇ ਰਿਮੋਟ ਕੰਟਰੋਲ ਗੈਜਟਾਂ ਨਾਲ
ਰੋਬਾਟ ਕਿਸਮ ਦੇ, ਕਬੱਡੀ ਖਿਡਾਰੀਆਂ ਦੀਆਂ
ਟੀਮਾਂ ਬਾਰੇ ਵੀ ਫੈਸਲੇ ਕਰ ਸਕਣਗੇ–
ਕਿਸੀ ਮੈਚ ਵਿੱਚ, ਕਿਹੜੀ ਕਬੱਡੀ ਟੀਮ
ਜੇਤੂ ਕਰਾਰ ਦਿੱਤੀ ਜਾਵੇਗੀ
ਕਿਸੀ ਮੈਚ ਵਿੱਚ, ਕਿਹੜੀ ਕਬੱਡੀ ਟੀਮ
ਹਾਰਨ ਵਾਲੀ ਟੀਮ ਕਹੀ ਜਾਵੇਗੀ

ਖੇਡ ਦਰਸ਼ਕ, ਰਿਮੋਟ ਕੰਟਰੋਲ ਗੈਜਟ ਨਾਲ ਖੇਡੀ ਜਾ ਰਹੀ
ਕਬੱਡੀ ਖੇਡ ਦੇ, ਮੂਕ ਦਰਸ਼ਕ ਬਣੇ
ਮਹਿਜ਼, ਤਾੜੀਆਂ ਮਾਰ ਕੇ, ਸੀਟੀਆਂ ਮਾਰ ਕੇ
ਆਪਣੇ, ਆਪਣੇ, ਘਰਾਂ ਨੂੰ
ਪਰਤ ਜਾਣਗੇ

ਰੋਬਾਟ ਕਬੱਡੀ ਖਿਡਾਰੀਆਂ ਦੀ ਖੇਡ ਵਿਚ
ਇਹ, ਬਿਲਕੁਲ, ਉਸ ਤਰ੍ਹਾਂ ਹੀ

ਵਾਪਰਦਾ ਰਹੇਗਾ, ਜਿਸ ਤਰ੍ਹਾਂ ਦੀ
ਸੁਸਾਇਟੀ ਬਾਰੇ, ਵਿਸ਼ਵ ਪ੍ਰਸਿੱਧ ਨਾਵਲਕਾਰ
ਐਲਡਸ ਹੈਕਸਲੇ ਨੇ, ਆਪਣੇ ਨਾਵਲ
'ਬਰੇਵ ਨਿਊ ਵਰਲਡ' ਵਿੱਚ ਕਿਹਾ ਸੀ:
ਭਵਿੱਖ ਵਿੱਚ, ਮਨੁੱਖ ਦੀ ਹਰ ਗਤੀਵਿਧੀ
ਰਿਮੋਟ ਕੰਟਰੋਲ ਗੈਜਟਾਂ ਰਾਹੀਂ ਹੀ
ਕੰਟਰੋਲ ਕੀਤੀ ਜਾਵੇਗੀ
ਹਕੂਮਤੀ ਸ਼ਕਤੀਆਂ ਦੀਆਂ
ਖੁਫ਼ੀਆ ਏਜੰਸੀਆਂ ਵੱਲੋਂ
■

(ਮਾਲਟਨ, ਜਨਵਰੀ 3, 2026)

ਕਬੱਡੀ ਟੂਰਨਾਮੈਂਟ

ਜਦੋਂ ਤੱਕ, ਕਬੱਡੀ ਟੂਰਨਾਮੈਂਟ
ਖਿਡਾਰੀਆਂ ਦੇ, ਖੇਡ ਪ੍ਰਦਰਸ਼ਨ ਤੱਕ
ਸੀਮਿਤ ਸੀ, ਆਮ ਲੋਕਾਂ ਦਾ ਪਿਆਰ
ਪ੍ਰਾਪਤ ਕਰਨ ਤੱਕ ਸੀਮਿਤ ਸੀ

ਉਦੋਂ ਤੱਕ, ਹਰ ਗਲੀ, ਹਰ ਮੁਹੱਲੇ, ਹਰ ਚੁਰੱਸਤੇ, 'ਚ
ਨਾਮੀ, ਕਬੱਡੀ ਖਿਡਾਰੀਆਂ ਵੱਲੋਂ ਮਾਰੇ ਜੱਫਿਆਂ ਦਾ ਹੀ
ਚਰਚਾ ਹੁੰਦਾ ਸੀ

ਪਰ, ਜਦੋਂ ਤੋਂ
ਕਬੱਡੀ ਟੂਰਨਾਮੈਂਟਾਂ 'ਚ
ਚੌਧਰਾਂ ਦਾ ਰੌਲਾ ਪੈ ਗਿਆ

ਪਰ, ਜਦੋਂ ਤੋਂ, ਕਬੱਡੀ ਟੂਰਨਾਮੈਂਟਾਂ 'ਚ
ਜੇਤੂ ਖਿਡਾਰੀਆਂ ਨੂੰ, ਕੱਪ, ਸ਼ੀਲਡਾਂ, ਦੇਣ ਦੀ ਥਾਂ
ਟਰੈਕਟਰ, ਬੁਲਟ ਮੋਟਰਸਾਈਕਲ, ਕੰਬਾਈਨਾਂ, ਦੇਣ ਦਾ
ਰੁਝਾਨ ਬਣ ਗਿਆ

ਉਦੋਂ ਤੋਂ ਹੀ, ਕਬੱਡੀ ਟੂਰਨਾਮੈਂਟਾਂ ਨਾਲ
ਕਰੈਕ, ਕੁਕੇਨ, ਚਰਸ, ਫੈਂਟਾਨਿਲ, ਅਫੀਮ, ਦਾ
ਧੰਦਾ ਵੀ ਜੁੜ ਗਿਆ

ਉਦੋਂ ਤੋਂ ਹੀ, ਕਬੱਡੀ ਟੂਰਨਾਮੈਂਟਾਂ 'ਚ
ਪਿਸਤੌਲਾਂ, ਬੰਦੂਕਾਂ, ਮਸ਼ੀਨ ਗੰਨਾਂ, ਨਾਲ
ਗੋਲੀਆਂ ਦੀ, ਅੰਧਾਧੁੰਦ, ਬਰਸਾਤ ਹੋਣੀ ਵੀ ਸ਼ੁਰੂ ਹੋ ਗਈ

ਉਦੋਂ ਤੋਂ ਹੀ, ਕਬੱਡੀ ਟੂਰਨਾਮੈਂਟਾਂ 'ਚ
ਗੈਂਗਸਟਰ ਗੁੰਹਾਂ ਦੀਆਂ ਧਮਕੀਆਂ ਦਾ ਦੌਰ
ਸ਼ੁਰੂ ਹੋ ਗਿਆ

ਉਦੋਂ ਤੋਂ ਹੀ, ਕਬੱਡੀ ਟੂਰਨਾਮੈਂਟਾਂ 'ਚ
ਕਬੱਡੀ ਖਿਡਾਰੀਆਂ, ਕੋਚਾਂ, ਪ੍ਰਮੋਟਰਾਂ, ਦੀਆਂ
ਲਾਸ਼ਾਂ ਦੇ ਢੇਰ ਲੱਗਣੇ ਸ਼ੁਰੂ ਹੋ ਗਏ

ਹੁਣ, ਕਬੱਡੀ ਟੂਰਨਾਮੈਂਟ
ਬੇਹਤਰੀਨ, ਕਬੱਡੀ ਖਿਡਾਰੀਆਂ ਦਾ ਖੇਡ ਪ੍ਰਦਰਸ਼ਨ
ਦਿਖਾਉਣ ਲਈ ਨਹੀਂ ਹੁੰਦੇ

ਹੁਣ, ਤਾਂ, ਕਬੱਡੀ ਟੂਰਨਾਮੈਂਟ
ਗੈਂਗਸਟਰ ਗੁੰਹਾਂ ਵੱਲੋਂ, ਪੈਸੇ ਦੇ ਜ਼ੋਰ ਨਾਲ
ਆਪਣੀ, ਹੈਂਕੜ, ਧੌਂਸ, ਦਾ ਪ੍ਰਦਰਸ਼ਨ ਕਰਨ ਲਈ
ਆਯੋਜਿਤ ਕੀਤੇ ਜਾਂਦੇ ਹਨ
■

(ਮਾਲਟਨ, ਦਸੰਬਰ 15, 2025)

ਧਰਮ ਦਾ ਤੰਦੂਰ

ਜਦੋਂ, ਕਿਸੇ, ਸਾਹਿਤਕਾਰ ਕੋਲ
ਲੋਕ ਮਸਲਿਆਂ ਬਾਰੇ, ਗੱਲ ਕਰਨ ਦੀ
ਜੁਰਅੱਤ ਨ ਹੋਵੇ, ਤਾਂ, ਉਹ
ਧਰਮ ਦੇ ਤੰਦੂਰ ਉੱਤੇ
ਆਪਣੀਆਂ, ਰੋਟੀਆਂ ਸੇਕਣ ਲਈ
ਤੁਰ ਪੈਂਦਾ ਹੈ–

ਅਜੋਕੇ ਸਮਿਆਂ ਵਿੱਚ, ਅਜਿਹੇ ਲੋਕਾਂ ਨੂੰ
ਬੌਧਿਕ ਕੰਗਾਲੀ ਦੇ ਮਾਰੇ ਭੱਦਰਪੁਰਸ਼
ਕਹਿਣ ਵਿੱਚ ਵੀ, ਲੋਕਾਈ
ਝਿਜਕ ਮਹਿਸੂਸ ਨਹੀਂ ਕਰਦੀ

ਵਿਸ਼ਵ ਚਿਤਰ ਪੱਟ ਉੱਤੇ
ਅਮਰੀਕਾ ਦੀ ਗੁੰਡਾ ਸਲਤਨਤ ਦਾ ਮੁਖੀਆ
ਆਪਣੀ, ਹਿਟਲਰਸ਼ਾਹੀ ਦਿਖਾਉਣ ਲਈ
–ਕਦੀ, ਕੈਨੇਡਾ
–ਕਦੀ, ਗਰੀਨਲੈਂਡ
–ਕਦੀ, ਵੇਨੇਜ਼ੁਏਲਾ
–ਕਦੀ, ਈਰਾਨ
–ਕਦੀ, ਕੋਲੰਬੀਆ
ਜਿਹੇ, ਆਜ਼ਾਦ, ਮੁਲਕਾਂ ਨੂੰ
ਹੜੱਪ ਲੈਣ ਦੀਆਂ
ਗੱਲਾਂ ਕਰਦਾ ਹੈ

ਕੈਨੇਡਾ, ਇੰਡੀਆ, ਅਮਰੀਕਾ, ਜਿਹੇ
ਦੇਸ਼ਾਂ ਵਿੱਚ, ਗੈਂਗਸਟਰਾਂ ਨੇ
ਲੋਕਾਂ ਦਾ ਨੱਕ 'ਚ ਦਮ
ਕੀਤਾ ਹੋਇਆ ਹੈ

ਪੰਜਾਬ ਵਿੱਚ, ਹਰ ਦਿਨ
ਫਿਰੌਤੀਆਂ ਮੰਗਣ ਵਾਲੇ, ਬੰਦੂਕਧਾਰੀ
ਕਿਸੇ ਨ ਕਿਸੇ ਸ਼ਹਿਰੀ ਦਾ
ਕਤਲ ਕਰਕੇ, ਪੁਲਿਸ ਹੱਥੋਂ
ਬਚ ਨਿਕਲਦੇ ਹਨ

ਪੰਜਾਬ, ਨਸ਼ਿਆਂ ਦੀ
ਵਿਸ਼ਵ ਮੰਡੀ ਬਣ ਜਾਣ ਕਾਰਨ
ਅੱਜਕੱਲ੍ਹ, ਅਫਗਾਨਿਸਤਾਨ
ਕਹਿਲਾਉਣ ਲੱਗ ਪਿਆ ਹੈ

ਕੈਨੇਡਾ ਵਰਗੇ ਖੁਸ਼ਹਾਲ ਦੇਸ਼ ਵਿੱਚ
ਅੱਜਕੱਲ੍ਹ, ਪੰਜਾਬੀ ਨੌਜਵਾਨ
ਹਰ ਦਿਨ, ਹਰ ਤਰ੍ਹਾਂ ਦੇ ਹੀ
ਕ੍ਰਾਈਮ ਵਿੱਚ, ਪੁਲਿਸ ਵੱਲੋਂ
ਗ੍ਰਿਫਤਾਰ ਕੀਤੇ ਜਾ ਰਹੇ ਹਨ

ਅਮਰੀਕਾ, ਕੈਨੇਡਾ, ਅਸਟ੍ਰੇਲੀਆ, ਜਿਹੇ ਦੇਸ਼
ਹਿੰਦੁਸਤਾਨੀ ਮੂਲ ਦੇ, ਇੰਟਰਨੈਸ਼ਨਲ ਸਟੂਡੈਂਟਸ ਵੱਲੋਂ
ਯੂਨੀਵਰਸਿਟੀਆਂ, ਕਾਲਿਜਾਂ, ਵਿੱਚ ਦਾਖਲੇ ਲਈ
ਕੀਤੀਆਂ ਗਈਆਂ ਠੱਗੀਆਂ ਕਾਰਨ
ਇਨ੍ਹਾਂ, ਇੰਟਰਨੈਸ਼ਨਲ ਸਟੂਡੈਂਟਸ ਨੂੰ
ਹੁਣ, ਵੀਜ਼ਾ ਦੇਣ ਤੋਂ ਹੀ
ਮਨਾਹੀ ਕਰ ਰਹੇ ਹਨ

ਫਲਸਤੀਨ ਦੇ ਇਲਾਕੇ ਵਿੱਚ
ਇਜ਼ਰਾਈਲੀ ਹਕੂਮਤ ਦੇ ਜ਼ੁਲਮਾਂ ਦਾ ਸ਼ਿਕਾਰ ਹੋਏ ਲੋਕ
ਅੱਜ ਵੀ, ਰੋਟੀ ਦੇ ਇੱਕ ਇੱਕ ਟੁੱਕੜੇ ਲਈ
ਸਹਿਕ ਰਹੇ ਹਨ

ਯੂਕਰੇਨ-ਰੂਸ ਦੀ ਭਿਆਨਕ ਜੰਗ ਵਿੱਚ
ਅੱਜ ਵੀ, ਨਿੱਤ, ਲਾਸ਼ਾਂ ਦੇ
ਅੰਬਾਰ ਲੱਗ ਰਹੇ ਹਨ

ਵੱਡੀਆਂ, ਫੌਜੀ ਸ਼ਕਤੀਆਂ
ਅਮਰੀਕਾ, ਰੂਸ, ਚੀਨ, ਇੱਕ ਦੂਜੇ ਨੂੰ
ਨਿੱਤ, ਤੀਜਾ ਵਿਸ਼ਵ ਯੁੱਧ ਛੇੜ ਕੇ
ਧਰਤੀ ਉੱਤੇ ਵਸਦੇ ਸਭ ਲੋਕਾਂ ਨੂੰ
ਐਟਮੀ ਜੰਗ ਦੀ ਭੱਠੀ ਵਿੱਚ
ਝੋਕ, ਸਵਾਹ ਦੇ ਢੇਰ ਬਣਾ ਦੇਣ ਦੀਆਂ
ਧਮਕੀਆਂ ਦੇ ਰਹੇ ਹਨ

ਪਰ, ਕੁਝ, ਪੰਜਾਬੀ ਸਾਹਿਤਕਾਰ, ਬੁੱਧੀਜੀਵੀ, ਪੱਤਰਕਾਰ
ਇਨ੍ਹਾਂ, ਵੱਡੀਆਂ, ਚਿੰਤਾਵਾਂ ਵੱਲੋਂ ਬੇਖਬਰ
ਮਹਿਜ਼, ਆਪਣੀਆਂ, ਰੋਟੀਆਂ
ਧਰਮ ਦੇ ਤੰਦੂਰ ਵਿੱਚ ਸੇਕਣ ਖਾਤਿਰ
ਬਸ, ਅਜਿਹੀਆਂ ਤੁੱਛ ਗੱਲਾਂ ਨੂੰ ਲੈ ਕੇ ਹੀ
ਆਪਸ ਵਿੱਚ, ਗਾਹਲੋ-ਗਾਹਲੀ ਹੋ ਰਹੇ ਹਨ :
-'ਮਾਛੀਵਾੜਾ' ਨੂੰ 'ਮਾਛੀਵਾੜਾ ਸਾਹਿਬ'
ਕਿਉਂ ਕਿਹਾ ਜਾ ਰਿਹਾ ਹੈ
-'ਪਾਲਕੀ' ਨੂੰ 'ਪਾਲਕੀ ਸਾਹਿਬ'
ਕਿਉਂ ਕਿਹਾ ਜਾ ਰਿਹਾ ਹੈ
-'ਚੌਰ' ਨੂੰ 'ਚੌਰ ਸਾਹਿਬ'
ਕਿਉਂ ਕਿਹਾ ਜਾ ਰਿਹਾ ਹੈ

■ (ਮਾਲਟਨ, ਜਨਵਰੀ 28, 2026)

ਧਾਰਮਿਕ ਗ੍ਰੰਥਾਂ ਦੀ ਸੰਭਾਲ ਦਾ ਮਸਲਾ

ਇੱਕ ਦੇਸ਼ ਦੇ, ਰਾਜੇ ਨੇ
ਐਲਾਨ ਕੀਤਾ:
ਸਾਡੀ ਹਕੂਮਤ, ਕਿਸੇ ਵੀ
ਧਾਰਮਿਕ ਗ੍ਰੰਥ ਨੂੰ
ਰੁਲਣ ਨਹੀਂ ਦੇਵੇਗੀ–

ਅਸੀਂ, ਇਹ ਗੱਲ ਯਕੀਨੀ ਬਣਾਵਾਂਗੇ
ਹਰ, ਧਾਰਮਿਕ ਗ੍ਰੰਥ ਦੀ
ਸੁਚੱਜੇ ਢੰਗ ਨਾਲ, ਸੰਭਾਲ ਕੀਤੀ ਜਾਵੇ
ਆਖਿਰ, ਧਾਰਮਿਕ ਗ੍ਰੰਥ ਨਾਲ
ਦੇਸ਼ਵਾਸੀ ਰੂਹਾਨੀ ਤੌਰ ਉੱਤੇ
ਜੁੜੇ ਹੁੰਦੇ ਹਨ

ਰਾਜੇ ਦਾ, ਐਲਾਨ ਸੁਣਦਿਆਂ ਹੀ
ਧਰਮੀ ਮੱਠਾਂ ਦੇ, ਮਹੰਤ
ਬੋਲ ਉੱਠੇ:
ਧਾਰਮਿਕ ਮਾਮਲਿਆਂ ਵਿੱਚ
ਹਕੂਮਤ ਦੀ ਦਖ਼ਲਅੰਦਾਜ਼ੀ, ਅਸੀਂ
ਬਿਲਕੁਲ ਵੀ, ਬਰਦਾਸ਼ਤ
ਨਹੀਂ ਕਰਾਂਗੇ–
ਧਾਰਮਿਕ ਗ੍ਰੰਥਾਂ ਦੀ ਸੰਭਾਲ ਕਰਨੀ
ਹਕੂਮਤ ਦਾ ਕੰਮ ਨਹੀਂ, ਇਹ ਤਾਂ

ਦੇਸ਼ ਦੀਆਂ, ਧਾਰਮਿਕ ਸੰਸਥਾਵਾਂ ਦੀ ਹੀ
ਜ਼ਿੰਮੇਵਾਰੀ ਹੈ

ਦਰਅਸਲ, ਧਾਰਮਿਕ ਮਹੰਤਾਂ ਨੂੰ
ਇਸ ਗੱਲ ਦੀ, ਚਿੰਤਾ ਹੋਣ ਲੱਗੀ ਸੀ–
ਧਰਮ ਦੇ ਨਾਮ ਉੱਤੇ, ਸਮੇਂ ਸਮੇਂ
ਫਿਰਕੂ ਦੰਗੇ ਫਸਾਦ ਕਰਵਾਉਣ ਦਾ
ਸਭ ਤੋਂ ਵਧੀਆ, ਢੰਗ, ਤਾਂ
ਵੱਖੋ ਵੱਖ, ਧਰਮਾਂ ਨਾਲ ਸਬੰਧਤ
ਧਾਰਮਿਕ ਗ੍ਰੰਥਾਂ ਦੀ ਬੇਅਦਬੀ ਕਰਨ ਲਈ
ਇਨ੍ਹਾਂ, ਗ੍ਰੰਥਾਂ ਦੇ ਵਰਕੇ ਲੀਰੋ ਲੀਰ ਕਰਕੇ
ਗੰਦੀਆਂ ਨਾਲੀਆਂ ਵਿੱਚ, ਕੂੜੇ ਦੇ ਢੇਰਾਂ ਉੱਤੇ
ਸੁੱਟਣਾ ਹੀ, ਤਾਂ, ਸੀ

ਹਕੂਮਤ, ਜੇਕਰ
ਧਾਰਮਿਕ ਗ੍ਰੰਥਾਂ ਦੀ ਸੰਭਾਲ ਕਰਨ ਦੀ ਜ਼ਿੰਮੇਵਾਰੀ
ਆਪਣੇ, ਹੱਥਾਂ 'ਚ ਲੈ ਲਵੇਗੀ, ਤਾਂ
ਸਾਡੇ ਹੱਥਾਂ 'ਚੋਂ, ਸਾਡਾ, ਸਭ ਤੋਂ ਸ਼ਕਤੀਸ਼ਾਲੀ
ਹਥਿਆਰ ਖੁੱਸ ਜਾਵੇਗਾ
ਅਸੀਂ, ਆਪਣੇ, ਸ਼ਕਤੀਸ਼ਾਲੀ
ਹਥਿਆਰ ਦੀ ਰਾਖੀ ਕਰਨ ਲਈ
ਆਪਣੀਆਂ, ਜਾਨਾਂ ਵੀ
ਕੁਰਬਾਨ ਕਰ ਦੇਵਾਂਗੇ

ਧਾਰਮਿਕ ਮੱਠਾਂ ਦੇ ਬਨੇਰਿਆਂ ਤੋਂ
ਇਹ, ਨਾਅਰੇ ਗੂੰਜ ਉੱਠੇ:
–ਧਰਮੀ ਗ੍ਰੰਥਾਂ ਦੀ ਸੰਭਾਲ, ਅਸੀਂ
ਹਕੂਮਤ ਨੂੰ ਹਰਗਿਜ਼ ਨਹੀਂ ਕਰਨ ਦੇਵਾਂਗੇ

–ਧਰਮੀ ਗ੍ਰੰਥਾਂ ਦੀ ਸੰਭਾਲ ਦਾ ਮਸਲਾ
ਸਾਡਾ, ਰੂਹਾਨੀ ਮਸਲਾ ਹੈ
–ਧਰਮੀ ਗ੍ਰੰਥਾਂ ਦੀ ਸੰਭਾਲ ਲਈ
ਅਸੀਂ, ਆਪਣਾ, ਖ਼ੂਨ ਵੀ ਬਹਾ ਦਿਆਂਗੇ
–ਧਰਮੀ ਗ੍ਰੰਥਾਂ ਦੀ ਸੰਭਾਲ ਲਈ
ਅਸੀਂ, ਖ਼ੂਨ ਦੀਆਂ ਨਦੀਆਂ ਬਹਾ ਦਿਆਂਗੇ
■

(ਮਾਲਟਨ, ਜਨਵਰੀ 19, 2026)

ਬੇਅਦਬੀ ਸ਼ਬਦ ਦੀ ਖੇਡ

ਧਰਮੀ ਅਦਾਰਿਆਂ ਦੇ ਮਹੰਤਾਂ ਵੱਲੋਂ
ਅੱਜ ਕੱਲ੍ਹ, ਇੱਕ, ਅਜੀਬ ਹੀ ਕਿਸਮ ਦੀ
ਖੇਡ ਖੇਡੀ ਜਾ ਰਹੀ ਹੈ–

ਬੇਅਦਬੀ ਸ਼ਬਦ ਨੂੰ, ਮਨੁੱਖੀ
ਜ਼ਿੰਦਗੀ ਦੇ, ਵੱਖੋ ਵੱਖ, ਪਹਿਲੂਆਂ ਨਾਲ ਜੋੜਕੇ
ਲੋਕਾਂ ਵਿੱਚ, ਧਰਮੀ ਦਹਿਸ਼ਤ ਫੈਲਾਉਣ ਦੇ
ਯਤਨ ਕੀਤੇ ਜਾਂਦੇ ਹਨ

ਮਸਲਨ:
ਕਿਸੇ ਬੱਚੇ ਨੇ, ਠੰਢ ਤੋਂ ਬਚਣ ਲਈ
ਉੱਨ ਦੀ ਬੁਣੀ ਹੋਈ, ਟੋਪੀ
ਜੇਕਰ, ਸਿਰ ਉੱਤੇ ਪਾ ਲਈ, ਤਾਂ
ਧਰਮੀ ਮਹੰਤ, ਝੱਟ
ਹੁਕਮਨਾਮਾ ਜਾਰੀ ਕਰ ਦੇਣਗੇ:
ਇਸ ਵਿਅਕਤੀ ਨੇ ਧਰਮ ਦੀ
ਬੇਅਦਬੀ ਕਰ ਦਿੱਤੀ ਹੈ

ਕਿਸੀ ਵਿਅਕਤੀ ਨੇ, ਕਿਸੀ
ਧਰਮੀ ਮੱਠ ਦੇ, ਸਰੋਵਰ ਵਿੱਚੋਂ
ਪਾਣੀ ਦਾ ਬੁੱਕ ਭਰਕੇ, ਪਾਣੀ ਨਾਲ
ਆਪਣਾ, ਮੂੰਹ ਧੋ ਲਿਆ, ਤਾਂ
ਧਰਮੀ ਮਹੰਤ, ਝੱਟ
ਹੁਕਮਨਾਮਾ ਜਾਰੀ ਕਰ ਦੇਣਗੇ:
ਇਸ ਵਿਅਕਤੀ ਨੇ ਧਰਮ ਦੀ

ਬੇਅਦਬੀ ਕਰ ਦਿੱਤੀ ਹੈ

ਕਿਸੀ ਵਿਅਕਤੀ ਨੇ, ਕਿਸੀ
ਧਰਮੀ ਮੱਠ ਦੇ ਸਰੋਵਰ ਨੇੜੇ ਬੈਠ
ਸ਼ਰਾਬ ਦਾ ਇੱਕ ਘੁੱਟ ਭਰ ਲਿਆ
ਧਰਮੀ ਮਹੰਤ, ਝੱਟ
ਹੁਕਮਨਾਮਾ ਜਾਰੀ ਕਰ ਦੇਣਗੇ:
ਇਸ ਵਿਅਕਤੀ ਨੇ ਧਰਮ ਦੀ
ਬੇਅਦਬੀ ਕਰ ਦਿੱਤੀ ਹੈ

ਕਿਸੀ ਵਿਅਕਤੀ ਨੇ, ਪਾਣੀ ਨਾਲ
ਹੱਥ ਧੋਣ ਤੋਂ ਬਿਨਾਂ, ਕਿਸੀ
ਧਰਮੀ ਗ੍ਰੰਥ ਨੂੰ ਹੱਥ ਲਗਾ ਦਿੱਤਾ
ਧਰਮੀ ਮਹੰਤ, ਝੱਟ
ਹੁਕਮਨਾਮਾ ਜਾਰੀ ਕਰ ਦੇਣਗੇ:
ਇਸ ਵਿਅਕਤੀ ਨੇ ਧਰਮ ਦੀ
ਬੇਅਦਬੀ ਕਰ ਦਿੱਤੀ ਹੈ

ਕਿਸੀ, ਧਰਮੀ ਮੱਠ ਵਿੱਚ
ਕਿਸੀ, ਔਰਤ ਦੇ ਸਿਰ ਉੱਤੋਂ
ਦੁਪੱਟਾ ਖਿਸਕ ਜਾਵੇ
ਧਰਮੀ ਮਹੰਤ, ਝੱਟ
ਹੁਕਮਨਾਮਾ ਜਾਰੀ ਕਰ ਦੇਣਗੇ:
ਇਸ ਵਿਅਕਤੀ ਨੇ ਧਰਮ ਦੀ
ਬੇਅਦਬੀ ਕਰ ਦਿੱਤੀ ਹੈ

ਕਿਸੀ, ਘੋਨ-ਮੋਨ, ਵਿਅਕਤੀ ਨੇ
ਸੰਗੀਤਕ ਲੈਅ ਵਿੱਚ, ਕਿਸੀ
ਧਰਮੀ ਪੁਸਤਕ ਵਿੱਚੋਂ, ਕਿਸੀ
ਸ਼ਬਦ ਨੂੰ ਲੈ ਕੇ, ਕਿਸੀ

ਰਾਗ ਅਧੀਨ, ਅਲਾਪ ਛੇੜ ਦਿੱਤਾ
ਧਰਮੀ ਸ਼ਬਦ ਨੂੰ ਗੁਣਗੁਣਾ ਦਿੱਤਾ
ਧਰਮੀ ਮਹੰਤ, ਝੱਟ
ਹੁਕਮਨਾਮਾ ਜਾਰੀ ਕਰ ਦੇਣਗੇ:
ਇਸ ਵਿਅਕਤੀ ਨੇ ਧਰਮ ਦੀ
ਬੇਅਦਬੀ ਕਰ ਦਿੱਤੀ ਹੈ

ਉਂਝ, ਦੇਖਿਆ ਜਾਵੇ, ਤਾਂ
ਧਰਮੀ ਰੂੜੀਵਾਦੀਆਂ ਦਾ, ਇਹ
ਵਤੀਰਾ, ਕੋਈ, ਨਵੀਂ ਗੱਲ ਨਹੀਂ
ਮਨੁੱਖੀ ਇਤਿਹਾਸ ਗਵਾਹ ਹੈ
ਭਾਰਤੀ ਸਮਾਜ ਵਿੱਚ, ਜੇਕਰ
ਸ਼ੂਦਰ ਕਹੇ ਜਾਂਦੇ, ਕਿਸੀ
ਮਨੁੱਖ ਦੇ ਕੰਨਾਂ ਵਿੱਚ
ਵੇਦ, ਸ਼ਾਸਤਰ, ਦੇ ਬੋਲ
ਸੁਣਾਈ ਦੇ ਜਾਂਦੇ ਸਨ, ਤਾਂ
ਮਨੂੰਵਾਦੀ, ਧਰਮੀ, ਬੁੱਚੜ
ਉਸ, ਮਨੁੱਖ ਦੇ ਕੰਨਾਂ ਵਿੱਚ
ਸਿੱਕਾ ਢਾਲ ਕੇ ਪਾ ਦਿੰਦੇ ਸਨ

ਬੇਅਦਬੀ ਸ਼ਬਦ ਦੀ ਆੜ ਹੇਠ
ਧਰਮੀ ਬੁੱਚੜਾਂ ਵੱਲੋਂ, ਫੈਲਾਈ ਜਾਂਦੀ ਰਹੀ
ਧਰਮੀ ਦਹਿਸ਼ਤ, ਤਾਂ
ਹਜ਼ਾਰਾਂ ਸਾਲਾਂ ਤੋਂ ਹੀ
ਮਨੁੱਖੀ ਇਤਿਹਾਸ ਦਾ
ਅਨਿੱਖੜਵਾਂ, ਅੰਗ
ਬਣੀ ਰਹੀ ਹੈ

■ (ਮਾਲਟਨ, ਜਨਵਰੀ 16, 2026)

ਬੁਖਲਾਹਟ

ਤੁਸੀਂ, ਕਿਸੀ ਧਾਰਮਿਕ ਗ੍ਰੰਥ ਨੂੰ ਕਿਤਾਬ ਕਹਿ ਦਿਓ
–ਧਰਮੀ ਲੋਕ ਬੁਖਲਾਹਟ ਵਿੱਚ ਆ ਜਾਣਗੇ
ਤੁਸੀਂ, ਕਿਸੀ ਧਾਰਮਿਕ ਕਿਤਾਬ ਨੂੰ ਵਿਚਾਰਾਂ ਦਾ ਸੰਗ੍ਰਹਿ ਕਹਿ ਦਿਓ
–ਧਰਮੀ ਲੋਕ ਬੁਖਲਾਹਟ ਵਿੱਚ ਆ ਜਾਣਗੇ
ਤੁਸੀਂ, ਕਿਸੀ ਧਾਰਮਿਕ ਕਿਤਾਬ ਵਿਚਲੇ ਵਿਚਾਰਾਂ ਨੂੰ
ਪੜ੍ਹਨ ਦੀ ਗੱਲ ਕਹਿ ਦਿਓ
–ਧਰਮੀ ਲੋਕ ਬੁਖਲਾਹਟ ਵਿੱਚ ਆ ਜਾਣਗੇ
ਤੁਸੀਂ, ਕਿਸੀ ਧਾਰਮਿਕ ਕਿਤਾਬ ਵਿਚਲੇ ਵਿਚਾਰਾਂ ਨੂੰ
ਸਮਝਣ ਦੀ ਗੱਲ ਕਹਿ ਦਿਓ
–ਧਰਮੀ ਲੋਕ ਬੁਖਲਾਹਟ ਵਿੱਚ ਆ ਜਾਣਗੇ
ਤੁਸੀਂ, ਕਿਸੀ ਧਾਰਮਿਕ ਕਿਤਾਬ ਵਿਚਲੇ ਵਿਚਾਰਾਂ ਉੱਤੇ
ਅਮਲ ਕਰਨ ਦੀ ਗੱਲ ਕਹਿ ਦਿਓ
–ਧਰਮੀ ਲੋਕ ਬੁਖਲਾਹਟ ਵਿੱਚ ਆ ਜਾਣਗੇ
ਤੁਸੀਂ, ਕਿਸੀ ਧਾਰਮਿਕ ਕਿਤਾਬ ਨੂੰ ਗਰਮੀ ਸਰਦੀ ਦੇ
ਮੌਸਮਾਂ ਦੇ ਅਸਰ ਤੋਂ ਰਹਿਤ ਕਹਿ ਦਿਓ
–ਧਰਮੀ ਲੋਕ ਬੁਖਲਾਹਟ ਵਿੱਚ ਆ ਜਾਣਗੇ
ਤੁਸੀਂ, ਕਿਸੀ ਧਾਰਮਿਕ ਕਿਤਾਬ ਨੂੰ ਕਾਗਜ਼ ਉੱਤੇ
ਛਪੇ ਹੋਏ ਅੱਖਰ ਕਹਿ ਦਿਓ
–ਧਰਮੀ ਲੋਕ ਬੁਖਲਾਹਟ ਵਿੱਚ ਆ ਜਾਣਗੇ
ਤੁਸੀਂ, ਕਿਸੀ ਧਾਰਮਿਕ ਕਿਤਾਬ ਦੇ ਕਾਗਜ਼ੀ ਪੰਨਿਆਂ ਨੂੰ ਚਾਕੂਆਂ ਨਾਲ
ਹੋਈ ਕੱਟ–ਵੱਢ ਦੀ ਪ੍ਰਕਿਰਿਆ 'ਚੋਂ ਲੰਘਣ ਦੀ ਗੱਲ ਕਹਿ ਦਿਓ
–ਧਰਮੀ ਲੋਕ ਬੁਖਲਾਹਟ ਵਿੱਚ ਆ ਜਾਣਗੇ

ਤੁਸੀਂ, ਕਿਸੀ ਧਾਰਮਿਕ ਕਿਤਾਬ ਨੂੰ ਜਿਉਂਦਾ ਜਾਗਦਾ ਮਨੁੱਖ ਕਹਿ ਦਿਓ
–ਧਰਮੀ ਲੋਕਾਂ ਦੇ ਚਿਹਰਿਆਂ ਉੱਤੇ ਮੁਸਕਰਾਹਟ ਆ ਜਾਵੇਗੀ

ਧਰਮੀ ਅੰਧਭਗਤ, ਤੁਹਾਡੀ ਗੱਲ
ਉਦੋਂ ਤੱਕ ਹੀ ਸੁਨਣਗੇ
ਜਦੋਂ ਤੱਕ, ਤੁਸੀਂ, ਉਨ੍ਹਾਂ ਦੀ
ਅੰਧਭਗਤੀ ਨੂੰ ਚੁਣੌਤੀ ਨਹੀਂ ਦਿਓਗੇ
■

(ਮਾਲਟਨ, ਮਾਰਚ 8, 2026)

ਕਤਲ

ਮਨੁੱਖੀ ਇਤਿਹਾਸ ਦਾ ਹਰ ਦੌਰ ਹੀ
ਅਜਿਹੀਆਂ ਘਟਨਾਵਾਂ ਨਾਲ ਭਰਿਆ ਪਿਆ ਹੈ
ਗਲਿਲੀਓ, ਸੁਕਰਾਤ, ਬਰੂਨੋ, ਜੋਹਨ ਆਫ ਆਰਕ, ਪਾਸ਼, ਜਿਹੇ
ਕਿਸੀ ਚੇਤੰਨ ਮਨੁੱਖ ਨੇ, ਜਦੋਂ ਕਦੀ ਵੀ
ਅੰਧਵਿਸ਼ਵਾਸ, ਧਰਮੀ ਅੰਧਭਗਤੀ, ਧਰਮੀ ਕੱਟੜਤਾ, ਨੂੰ
ਚੁਣੌਤੀ ਦਿੱਤੀ, ਅੰਧਭਗਤਾਂ ਦੀ
ਭੂਸਰੀ ਹੋਈ ਭੀੜ ਨੇ, ਆਪਣੇ ਪਾਗਲਪਣ ਵਿੱਚ ਆ
ਉਸ ਚੇਤੰਨ ਮਨੁੱਖ ਦਾ, ਕਤਲ ਕਰ ਦਿੱਤਾ
ਉਸ ਚੇਤੰਨ ਮਨੁੱਖ ਦੀ ਆਵਾਜ਼
ਸਦਾ ਲਈ, ਬੰਦ ਕਰਨ ਵਾਸਤੇ
ਉਸ ਨੂੰ, ਸ਼ੂਲੀ ਉੱਤੇ ਟੰਗ ਦਿੱਤਾ

ਮੌਲਵੀ, ਪੰਡਤ, ਭਾਈ, ਪਾਦਰੀ
ਅੰਧਵਿਸ਼ਵਾਸ ਦੀਆਂ ਦੁਕਾਨਾਂ ਦਾ ਖੱਟਿਆ ਹੀ ਖਾਂਦੇ ਹਨ
ਅੰਧਵਿਸ਼ਵਾਸ ਨਾਲ ਭਰੀਆਂ ਭੀੜਾਂ
ਅੱਖਾਂ ਤੋਂ ਅੰਨ੍ਹੀਆਂ, ਮੂੰਹਾਂ ਤੋਂ ਗੁੰਗੀਆਂ, ਕੰਨਾਂ ਤੋਂ ਬੋਲੀਆਂ
ਅੰਧਵਿਸ਼ਵਾਸ ਦੇ ਨਸ਼ੇ ਨਾਲ, ਮਦਮਸਤ ਹੋਈਆਂ ਭੀੜਾਂ
ਜੋ, ਦਿਮਾਗੀ ਤੌਰ ਉੱਤੇ ਅਪਾਹਜ ਹੋ ਜਾਂਦੀਆਂ ਹਨ
ਅੰਧਵਿਸ਼ਵਾਸ ਦੀਆਂ, ਗੁਲਾਮ ਹੋ ਚੁੱਕੀਆਂ ਭੀੜਾਂ
ਜਿਨ੍ਹਾਂ ਦੀ ਸੋਚਣ ਸ਼ਕਤੀ ਖਤਮ ਹੋ ਜਾਂਦੀ ਹੈ
ਅੰਧਵਿਸ਼ਵਾਸ ਦੇ ਰੰਗਾਂ ਵਿੱਚ ਰੰਗੀਆਂ ਹੋਈਆਂ ਭੀੜਾਂ
ਭੇਡਾਂ, ਬੱਕਰੀਆਂ, ਸੂਰਾਂ, ਵਾਂਗ
ਅੰਧਵਿਸ਼ਵਾਸ ਦੀਆਂ ਚੁਗਾਠਾਂ ਉੱਤੇ

ਦਿਨ, ਰਾਤ, ਆਪਣੇ
ਨੱਕ ਰਗੜਦੀਆਂ ਹਨ

ਅੰਧਵਿਸ਼ਵਾਸ, ਅੰਧਭਗਤੀ, ਧਰਮੀ ਕੱਟੜਤਾ, ਦੇ ਵਿਉਪਾਰੀ
ਮੌਲਵੀ, ਪੰਡਤ, ਭਾਈ, ਪਾਦਰੀ
ਜਿਨ੍ਹਾਂ ਦੇ ਰਹਿਮ ਉੱਤੇ
ਹਕੂਮਤਾਂ ਪਲਦੀਆਂ ਹਨ–

ਰਾਜਸਿੰਘਾਸਨ ਉੱਤੇ ਬੈਠੀਆਂ, ਗਿਰਝਾਂ ਦੇ ਮੱਥਿਆਂ
ਉੱਤੇ ਕਤਲ ਹੋਏ, ਚੇਤੰਨ ਮਨੁੱਖਾਂ ਦੇ ਖ਼ੂਨ ਦਾ
ਤਿਲਕ ਲਗਾਂਦੇ ਹਨ, ਗਿਰਝਾਂ ਨੂੰ
'ਸਦਾ ਸਲਾਮਤ ਰਹੋ' ਦਾ
ਅਸ਼ੀਰਵਾਦ ਦਿੰਦੇ ਹਨ
■

(ਮਾਲਟਨ, ਮਾਰਚ 9, 2026)

ਇੱਕ ਕੁੜੀ ਦਾ ਕਤਲ

ਧਰਮੀ ਹਤਿਆਰਿਆਂ ਨੇ
ਉਸ ਨੂੰ, ਸੁਨੇਹਾ ਭੇਜਿਆ:
ਕੁੜੀਏ, ਜੇਕਰ, ਤੂੰ
ਸਾਡੀਆਂ, ਕਮੀਨਗੀਆਂ, ਲੁੱਟਾਂ, ਬੇਸ਼ਰਮੀਆਂ, ਭ੍ਰਿਸ਼ਟ ਆਦਤਾਂ
ਜਗਜਾਹਿਰ ਕਰਨ ਤੋਂ ਨ ਹਟੀ, ਤਾਂ
–ਅਸੀਂ, ਤੇਰੀ ਜ਼ੁਬਾਨ ਖਿੱਚ ਲਵਾਂਗੇ
–ਅਸੀਂ, ਤੇਰਾ ਜਿਸਮ ਟੁੱਕੜੇ ਟੁੱਕੜੇ ਕਰ ਦੇਵਾਂਗੇ
–ਅਸੀਂ, ਤੇਰੀ ਖੋਪੜੀ ਚੀਨਾ ਚੀਨਾ ਕਰ ਦੇਵਾਂਗੇ
–ਅਸੀਂ, ਤੇਰੇ ਖ਼ੂਨ ਦਾ ਕਤਰਾ ਕਤਰਾ ਵਹਾ ਦਿਆਂਗੇ
–ਅਸੀਂ, ਤੇਰੀਆਂ ਹੱਡੀਆਂ ਕਿਣਕਾ ਕਿਣਕਾ ਕਰ ਦਿਆਂਗੇ

ਧਰਮੀ ਹਤਿਆਰਿਆਂ ਦੇ, ਹੰਕਾਰੀ ਬੋਲ ਸੁਣਕੇ
ਕੁੜੀ, ਖਿੜ ਖਿੜਾ ਕੇ ਹੱਸੀ
ਬਿਨਾਂ ਕਿਸੀ ਖੌਫ਼ ਦਾ ਅਸਰ
ਆਪਣੇ, ਚਿਹਰੇ ਉੱਤੇ ਦਿਖਾਉਂਦਿਆਂ
ਉਹ, ਬੜੀ ਜੁਰੱਅਤ ਨਾਲ, ਬੋਲੀ:
ਮੇਰੇ, ਗੁਰੂ ਨੇ ਕਿਹਾ ਸੀ–
'ਹਮੇਸ਼ਾ, ਸੱਚ ਬੋਲੋ
ਲੋੜ ਪੈ ਜਾਵੇ, ਤਾਂ
ਸੱਚ ਲਈ, ਆਪਣੀ
ਜਾਨ ਵੀ ਕੁਰਬਾਨ ਕਰ ਦਿਓ'

ਕੁੜੀ ਦੇ ਤਿੱਖੇ ਬੋਲ
ਧਰਮੀ ਹਤਿਆਰਿਆਂ ਦੀ ਆਤਮਾ ਨੂੰ
ਆਰੇ ਦੇ ਦੰਦਿਆਂ ਵਾਂਗ, ਚੀਰ ਗਏ–

ਧਰਮੀ ਹਤਿਆਰਿਆਂ ਨੇ, ਪਹਿਲੀ ਵਾਰ
ਕਿਸੀ ਦੇ ਮੂੰਹੋਂ, ਅਜਿਹੇ
ਤੇਜ਼ ਧਾਰ ਵਾਲੇ ਸ਼ਬਦ ਸੁਣੇ ਸਨ

ਕੁੜੀ ਦੇ ਦਲੇਰੀ ਭਰੇ, ਸ਼ਬਦ ਸੁਣ
ਧਰਮੀ ਹਤਿਆਰੇ ਕ੍ਰੋਧ ਨਾਲ ਭਰ ਗਏ
ਉਨ੍ਹਾਂ, ਗੁੱਸੇ ਵਿੱਚ ਉਬਲਦਿਆਂ
ਮਿਆਨ 'ਚੋਂ, ਆਪਣੀ, ਲੰਬੀ
ਤਲਵਾਰ ਧੂਹ ਲਈ

ਆਪਣੀ, ਧਰਮੀ ਸੂਰਮਗਤੀ ਦਾ
ਦਿਖਾਵਾ ਕਰਦਿਆਂ, ਉਨ੍ਹਾਂ
ਪੂਰੀ ਬੁਲੰਦ ਆਵਾਜ਼ ਵਿੱਚ
ਨਾਅਰਾ ਲਗਾਇਆ:
'ਧਰਮੀ ਕੱਟੜਪੰਥੀ
ਜ਼ਿੰਦਾਬਾਦ!'

ਇਨ੍ਹਾਂ ਬੋਲਾਂ ਦੇ ਨਾਲ ਹੀ, ਉਨ੍ਹਾਂ ਨੇ
ਪੂਰੀ ਬੇਰਹਿਮੀ ਨਾਲ, ਦਲੇਰ ਕੁੜੀ ਦੇ ਢਿੱਡ ਵਿੱਚ
ਆਪਣੀ, ਧਰਮੀ ਤਲਵਾਰ
ਪੂਰੀ ਤਰ੍ਹਾਂ, ਖੋਭ ਦਿੱਤੀ
■

(ਮਾਲਟਨ, ਮਾਰਚ 9, 2026)

ਨਾਅਰਾ

ਤਸਕਰਾ, ਤੇਰੀ ਸੋਚ 'ਤੇ
ਅਸੀਂ, ਪਹਿਰਾ ਦਿਆਂਗੇ ਠੋਕ ਕੇ
ਅਸੀਂ, ਉਜੱਡ, ਚਵਲ, ਜਾਹਲ
ਆਪਣੇ, ਦਿਮਾਗ਼ਾਂ ਨੂੰ ਜਿੰਦਰੇ ਲਗਾ
ਪੰਜਾਬ ਨੂੰ, ਨਸ਼ਿਆਂ ਦੇ ਦਰਿਆ 'ਚ ਡੋਬ
ਸ਼ਹਿਰ ਸ਼ਹਿਰ, ਪਿੰਡ ਪਿੰਡ, ਗਲੀ ਗਲੀ
ਹਰ ਚੌਂਕ ਵਿੱਚ ਖੜ੍ਹ ਕੇ
ਚਿੱਟੇ ਦਾ, ਇੰਜੈਕਸ਼ਨ ਲਗਾਵਾਂਗੇ
ਆਪਣੇ, ਸਭ ਕੰਮ ਰੋਕ ਕੇ

ਨਸ਼ਿਆਂ ਦਾ ਦਰਿਆ
ਜੇਕਰ, ਵਗ ਰਿਹਾ
ਤਾਂ, ਇਸ ਨੂੰ ਵੀ
ਵਗ ਲੈਣ ਦਿਓ–

ਰਾਜਸੀ, ਧਰਮੀ, ਸਮਾਜਿਕ
ਮੌਕਾਪ੍ਰਸਤ, ਹਰ ਤਰ੍ਹਾਂ ਦੇ, ਸੰਤਾਂ–ਮਹੰਤਾਂ ਨੇ
ਰਿਸ਼ਤਿਆਂ ਦਾ, ਤਾਣਾ–ਬਾਣਾ ਉਲਝਾਅ ਦਿੱਤਾ
ਯੂ–ਟਿਊਬ ਰੀਲਾਂ ਬਨਾਉਣ ਦੇ ਚਾਅ ਵਿੱਚ
ਆਪਣੀ, ਆਪਣੀ, ਜ਼ਮੀਰ ਨੂੰ, ਬਸ
ਲਾਲਚ, ਖੁਦਗਰਜ਼ੀ, ਦੀ ਭੱਠੀ 'ਚ ਝੋਕ ਕੇ

ਕਿਸੀ ਨੂੰ ਨ ਫਿਕਰ
ਪੰਜਾਬ, ਪੰਜਾਬੀਅਤ, ਦਾ, ਬਸ

ਪਾਰਲੀਮੈਂਟਾਂ, ਵਿਧਾਨ ਸਭਾਵਾਂ, 'ਚ ਵੀ
ਲੜਦੇ ਨੇ ਨੇਤਾ, ਆਪਣੀ, ਆਪਣੀ
ਹਉਮੈਂ ਦਿਖਾਉਣ ਲਈ–
ਲੋਕਾਂ ਨੇ, ਤਾਂ, ਕੁਝ ਵੀ ਨਹੀਂ ਖੱਟਿਆ
ਵਿਧਾਨ ਸਭਾਵਾਂ 'ਚ ਵੀ, ਆਪਣੀ ਪਸੰਦ
ਕਿਸੀ, ਰਾਜਨੀਤਿਕ ਪਾਰਟੀ ਦੇ
ਮੈਂਬਰ ਭੇਜ ਕੇ, ਭਾਅ ਥੋਕ ਦੇ

ਹਰ ਪਾਸੇ, ਹਰ ਖੇਤਰ 'ਚ, ਲੋਕ
ਸੋਗਨਾਮਾ ਪੜ੍ਹ ਰਹੇ, ਪੰਜਾਬ ਦੀ ਮੌਤ ਦਾ
ਆਪਣੇ, ਘਰਾਂ ਦੇ, ਡਰਾਇੰਗ ਰੂਮਾਂ 'ਚ ਬੈਠੇ ਨੇ ਲੋਕੀਂ
ਸਹਿਮੇ ਹੋਏ, ਡਰੇ ਹੋਏ, ਆਪਣੇ, ਸਾਹ ਰੋਕ ਕੇ

ਬੁੱਧੀਜੀਵੀ, ਪੱਤਰਕਾਰ, ਲੇਖਕ, ਗਾਇਕ
ਸ਼ਹੀਦੀ ਪੁਰਬਾਂ ਦੇ ਬੈਨਰ ਲਗਾ ਕੇ ਵੀ ਬੱਕਰੇ ਬੁਲਾ ਰਹੇ
ਹਰ ਤਰਫ਼, ਫਿਰਦੇ ਨੇ
ਹੰਕਾਰੀ, ਘੁਮੰਡੀ, ਉਜੱਡ, ਨੇਤਾ, ਭੂਸਰੇ ਹੋਏ
ਵੈਲੀਆਂ ਵਾਂਗੂੰ, ਲਲਕਾਰੇ ਮਾਰਦੇ
ਬਿਨਾਂ ਕਿਸੀ ਰੋਕ ਟੋਕ ਦੇ

ਸਮੇਂ ਨੇ, ਤਾਂ, ਹੁਣ
ਏਦਾਂ ਹੀ ਚੱਲਦੇ ਰਹਿਣਾ
ਕੁਝ ਨਹੀਂ ਹੋ ਸਕਣਾ
ਹੁਣ, ਤਾਂ, ਘੜੀਆਂ ਦੀਆਂ
ਸੂਈਆਂ ਵੀ ਰੋਕ ਕੇ

ਤੁਸੀਂ, ਮੁਰਦਾ ਹੋ ਚੁੱਕੀਓ ਰੂਹੋ
ਬਸ, ਇੰਝ ਹੀ, ਚਮਚਾਗਿਰੀ ਕਰਦੇ ਰਹੋ
ਨਾਅਰੇ ਲਗਾਂਦੇ ਰਹੋ

ਤਸਕਰਾਂ ਦੇ ਹੱਕ ਵਿੱਚ
ਬਸ, ਆਪਣੀ, ਆਪਣੀ
ਹਿੱਕ ਠੋਕ ਕੇ
■

(ਮਾਲਟਨ, ਜੁਲਾਈ 25, 2025)

ਅੱਗ ਲਗਾਊ ਮਹਿਕਮਾ

ਸ਼ਹਿਰ ਵਿੱਚ, ਇੱਕ
ਬਲਾਤਕਾਰ ਦੀ ਘਟਨਾ
ਵਾਪਰ ਗਈ–

ਅੱਗ ਲਗਾਊ ਮਹਿਕਮਾ
ਸ਼ਹਿਰ ਦੀਆਂ, ਸੜਕਾਂ ਉੱਤੇ
ਅਕਾਸ਼ ਗੂੰਜਾਊ ਨਾਅਰੇ
ਲਗਾਉਣ ਲਈ ਤੁਰ ਪਿਆ:
'ਫਲਾਣੀ ਕਮਿਊਨਿਟੀ
ਬਲਾਤਕਾਰੀਆਂ ਦੀ ਕਮਿਊਨਿਟੀ ਹੈ
ਇਸ ਨੂੰ, ਅਸੀਂ
ਸ਼ਹਿਰ ਵਿੱਚ, ਰਹਿਣ ਦੀ
ਇਜਾਜ਼ਤ ਨਹੀਂ ਦਿਆਂਗੇ'

ਸ਼ਹਿਰ ਵਿੱਚ, ਇੱਕ
ਕਤਲ ਦੀ ਘਟਨਾ
ਵਾਪਰ ਗਈ–

ਅੱਗ ਲਗਾਊ ਮਹਿਕਮਾ
ਸ਼ਹਿਰ ਦੀਆਂ, ਟੀਵੀ ਚੈਨਲਾਂ ਉੱਤੇ
ਨਫ਼ਰਤ ਭਰਿਆ ਪ੍ਰਚਾਰ
ਕਰਨ ਲੱਗ ਗਿਆ:
'ਫਲਾਣੀ ਕਮਿਊਨਿਟੀ

ਕਾਤਲਾਂ ਦੀ ਕਮਿਊਨਿਟੀ ਹੈ
ਇਸ ਨੂੰ, ਅਸੀਂ
ਸ਼ਹਿਰ ਵਿੱਚ, ਰਹਿਣ ਦੀ
ਕਦੀ ਵੀ, ਖੁੱਲ੍ਹ ਨਹੀਂ ਦਿਆਂਗੇ'

ਸ਼ਹਿਰ ਵਿੱਚ, ਇੱਕ
ਡਾਕੇ ਦੀ ਘਟਨਾ
ਵਾਪਰ ਗਈ–
ਅੱਗ ਲਗਾਊ ਮਹਿਕਮਾ
ਸ਼ਹਿਰ ਦੇ ਚੌਂਕ–ਚੌਰਸਤਿਆਂ 'ਚ ਖੜ੍ਹ ਕੇ
ਭਾਸ਼ਨ ਦੇਣ ਲੱਗ ਪਿਆ–
'ਫਲਾਣੀ ਕਮਿਊਨਿਟੀ
ਡਾਕੂਆਂ ਦੀ ਕਮਿਊਨਿਟੀ ਹੈ
ਇਸ ਨੂੰ, ਅਸੀਂ
ਸ਼ਹਿਰ ਵਿੱਚ, ਰਹਿਣ ਲਈ
ਮਕਾਨ ਕਿਰਾਏ ਉੱਤੇ ਨਹੀਂ ਦੇਵਾਂਗੇ'

ਸ਼ਹਿਰ ਵਿੱਚ, ਇੱਕ
ਧਰਮੀ ਗ੍ਰੰਥ ਦੀ, ਬੇਅਦਬੀ ਦੀ ਘਟਨਾ
ਵਾਪਰ ਗਈ–

ਅੱਗ ਲਗਾਊ ਮਹਿਕਮਾ
ਸ਼ਹਿਰ ਦੇ, ਧਰਮੀ ਮੱਠਾਂ ਦੇ, ਲਾਊਡ ਸਪੀਕਰਾਂ ਤੋਂ
ਨਫ਼ਰਤ ਭਰੇ, ਭਾਸ਼ਨ ਦੇ ਕੇ
ਸ਼ਾਂਤਮਈ, ਮਾਹੌਲ ਨੂੰ
ਅੱਗ ਲਗਾਉਣ ਤੁਰ ਪਿਆ–
'ਫਲਾਣੀ ਕਮਿਊਨਿਟੀ

ਸ਼ੈਤਾਨਾਂ ਦੀ ਕਮਿਊਨਿਟੀ ਹੈ
ਇਸ ਨੂੰ, ਅਸੀਂ
ਧਰਮੀ ਮੱਠਾਂ ਵਿੱਚ, ਆਉਣ ਦੀ
ਹਾਂ ਨਹੀਂ ਕਹਾਂਗੇ'

ਅੱਗ ਲਗਾਊ ਮਹਿਕਮਾ
ਆਪਣੇ ਦਾਲ-ਫੁਲਕੇ ਦਾ ਪ੍ਰਬੰਧ
ਕਰਨ ਲਈ, ਕੋਈ-ਨ-ਕੋਈ
ਮੌਕਾ ਢੂੰਡਦਾ ਹੀ ਰਹਿੰਦਾ ਹੈ-

ਅੱਗ ਲਗਾਊ ਮਹਿਕਮੇ ਦਾ, ਤਾਂ
ਬਸ, ਏਨਾ ਕੁ ਹੀ ਕੰਮ ਹੁੰਦਾ ਹੈ
ਸ਼ਹਿਰ ਵਿੱਚ, ਕਿਸੀ ਵੀ ਤਰ੍ਹਾਂ ਦੀ
ਅੱਗ ਦੀ ਚੰਗਿਆੜੀ ਦੇਖੋ, ਤਾਂ
ਉਸ ਅੱਗ ਨੂੰ ਬੁਝਾਉਣ ਦੀ ਥਾਂ
ਉਸ ਉੱਤੇ, ਪੈਟਰੋਲ ਦਾ ਛਿੜਕਾਅ ਕਰ ਦਿਓ-
ਇੱਕ, ਚੰਗਿਆੜੀ ਨੂੰ, ਬਸ
ਅੱਗ ਦਾ, ਭਾਂਬੜ ਬਨਣ ਦਿਓ
■

(ਮਾਲਟਨ, ਸਤੰਬਰ 16, 2025)

ਫਸਾਦਾਂ ਦੀ ਜੜ੍ਹ

ਜਿਨ੍ਹਾਂ, ਚੰਦ ਕੁ, ਲੋਕਾਂ ਦਾ
ਰੁਜ਼ਗਾਰ, ਇਸ ਗੱਲ ਉੱਤੇ ਹੀ
ਨਿਰਭਰ ਕਰਦਾ ਹੈ–
ਉਨ੍ਹਾਂ ਦੇ, ਡਿਜੀਟਲ, ਬਲੌਗ ਨੂੰ
ਕਿੰਨੇ ਕੁ ਲੱਖ ਲੋਕ
ਵੇਖਦੇ ਹਨ, ਸੁਣਦੇ ਹਨ
ਉਹੀ, ਚੰਦ ਕੁ, ਸਾਜ਼ਿਸ਼ੀ ਲੋਕ
ਅੱਗ ਲਗਾਊ ਵਿਚਾਰਾਂ ਦਾ
ਪਾਸਾਰ ਕਰਕੇ, ਅਮਨ–ਪਿਆਰ ਨਾਲ
ਰਹਿ ਰਹੇ, ਭਾਈਚਾਰਿਆਂ ਵਿੱਚ
ਫਸਾਦਾਂ ਦੇ ਬੀਜ ਬੀਜਦੇ ਹਨ

ਫਸਾਦਾਂ ਦੀ ਜੜ੍ਹ, ਅਜਿਹੇ
ਭ੍ਰਿਸ਼ਟ, ਵਿਉਪਾਰੀ ਹੀ
ਕਦੀ, ਆਖ ਦਿੰਦੇ ਹਨ:
–ਫਲਾਣੇ ਬੰਦੇ ਦੀ ਦਾਹੜੀ ਨੂੰ ਹੱਥ ਪਾਇਆ ਹੈ
ਕਦੀ, ਆਖ ਦਿੰਦੇ ਹਨ:
–ਫਲਾਣੇ ਬੰਦੇ ਦੀ ਦਸਤਾਰ ਨੂੰ ਹੱਥ ਪਾਇਆ ਹੈ
ਕਦੀ, ਆਖ ਦਿੰਦੇ ਹਨ:
–ਫਲਾਣੇ ਧਾਰਮਿਕ ਗ੍ਰੰਥ ਦੀ ਬੇਅਦਬੀ ਹੋ ਗਈ ਹੈ
ਕਦੀ, ਆਖ ਦਿੰਦੇ ਹਨ:
–ਫਲਾਣੇ ਧਾਰਮਿਕ ਗ੍ਰੰਥ ਦੇ ਪੰਨੇ ਕੂੜੇ 'ਚ ਸੁੱਟੇ ਗਏ ਹਨ
ਕਦੀ, ਆਖ ਦਿੰਦੇ ਹਨ:

–ਫਲਾਣੇ ਧਾਰਮਿਕ ਸਥਾਨ ਵਿੱਚ ਕੋਈ ਨੰਗੇ ਸਿਰ ਵੜ ਗਿਆ ਹੈ
ਕਦੀ, ਆਖ ਦਿੰਦੇ ਹਨ:
–ਫਲਾਣਾ ਬੰਦਾ ਗਾਂ ਦਾ ਮਾਸ ਖਾਹ ਰਿਹਾ ਸੀ
ਕਦੀ, ਆਖ ਦਿੰਦੇ ਹਨ:
–ਫਲਾਣਾ ਬੰਦਾ ਸੂਰ ਦਾ ਮਾਸ ਖਾਹ ਰਿਹਾ ਸੀ

ਅੰਗ੍ਰੇਜ਼, ਹਿੰਦੁਸਤਾਨੀਆਂ ਉੱਤੇ
ਸੈਂਕੜੇ ਸਾਲ, ਮਹਿਜ਼
ਇਸੇ ਵਿਧੀ ਅਨੁਸਾਰ ਹੀ
ਰਾਜ ਕਰਦੇ ਰਹੇ:
'ਵੱਖੋ ਵੱਖ, ਧਾਰਮਿਕ ਫਿਰਕਿਆਂ ਵਿੱਚ
ਇੱਕ–ਦੂਜੇ ਲਈ, ਨਫ਼ਰਤ ਪੈਦਾ ਕਰੋ
ਵੱਖੋ ਵੱਖ, ਧਰਮਾਂ ਦੇ ਪੈਰੋਕਾਰਾਂ ਨੂੰ
ਇੱਕ–ਦੂਜੇ ਦੇ, ਨੇੜੇ ਨ ਆਉਣ ਦਿਓ'

ਫਸਾਦਾਂ ਦੀ ਜੜ੍ਹ
ਸਾਡੇ ਸਮਿਆਂ ਦਾ, ਡਿਜੀਟਲ ਬਲੌਗ ਰੂਪੀ
ਅੱਗ ਲਗਾਊ ਮਹਿਕਮਾ
ਇਸ ਗੱਲ ਨੂੰ, ਚੰਗੀ ਤਰ੍ਹਾਂ
ਸਮਝਦਾ ਹੈ

ਉਸਦਾ ਰੁਜ਼ਗਾਰ
ਇਸ ਗੱਲ ਉੱਤੇ ਹੀ ਟਿਕਿਆ ਹੋਇਆ ਹੈ–
ਭਾਈਚਾਰਿਆਂ ਦਰਮਿਆਨ, ਸਮਾਜਿਕ–ਸਭਿਆਚਾਰਕ
ਸ਼ਾਂਤਮਈ, ਮਾਹੌਲ ਨੂੰ, ਕਿਸ ਤਰ੍ਹਾਂ
ਭੰਗ ਕਰਨਾ ਹੈ
ਅਮਨ, ਪਿਆਰ, ਸਾਂਝੀਵਾਲਤਾ, ਭਰਪੂਰ
ਮਾਹੌਲ ਵਿੱਚ ਰਹਿ ਰਹੇ, ਭਾਈਚਾਰਿਆਂ ਨੂੰ

ਇੱਕ-ਦੂਜੇ ਦੀ, ਜਾਨ ਦੇ ਦੁਸ਼ਮਣ
ਕਿਸ ਤਰ੍ਹਾਂ, ਬਨਾਉਣਾ ਹੈ
ਇੱਕ-ਦੂਜੇ ਦੇ ਵਿਰੁੱਧ
ਕਿਸ ਤਰ੍ਹਾਂ, ਖੜ੍ਹੇ ਕਰਨਾ ਹੈ
■

(ਮਾਲਟਨ, ਸਤੰਬਰ 17, 2025)

ਮਾਹੌਲ ਨੂੰ ਅੱਗ ਲਗਾਉਣ ਵਾਲੇ

ਮਨਾਦੀ ਕਰਨ ਵਾਲੇ ਨੇ
ਢੋਲ ਉੱਤੇ, ਡੱਗਾ ਲਗਾਉਂਦਿਆਂ ਕਿਹਾ :
ਅਸੀਂ, ਆਪਣਾ, ਕੰਮ ਕਰਨਾ ਜਾਣਦੇ ਹਾਂ
ਅੱਗ ਦੀ ਚੰਗਿਆੜੀ ਨੂੰ
ਭਾਂਬੜ ਬਨਾਉਣਾ ਜਾਣਦੇ ਹਾਂ
ਹਰ ਪਿੰਡ, ਹਰ ਬਸਤੀ, ਹਰ ਸ਼ਹਿਰ, 'ਚ
ਹੱਸਦੇ-ਵੱਸਦੇ ਘਰਾਂ, ਲਹਿਲਹਾਂਦੀਆਂ ਫਸਲਾਂ, ਨੂੰ
ਸਵਾਹ ਦੇ ਢੇਰ ਬਨਾਉਣਾ ਜਾਣਦੇ ਹਾਂ
ਖੁਫੀਆ ਏਜੰਸੀਆਂ ਦੇ, ਏਜੰਟਾਂ ਵਾਂਗੂੰ
ਮਾਹੌਲ ਨੂੰ, ਅੱਗ ਲਗਾਉਣੀ ਜਾਣਦੇ ਹਾਂ

ਤੁਸੀਂ, ਬਸ, ਤੇਲ ਦੇ ਭਰੇ ਪੀਪੇ, ਗੈਸ ਸਿਲੰਡਰ
ਪੈਟਰੋਲ ਬੰਬ, ਖੰਜਰ, ਤ੍ਰਿਸ਼ੂਲ, ਤਿਆਰ ਰੱਖਣਾ-
ਅਸੀਂ, ਪੰਜਾਬ, ਕਸ਼ਮੀਰ, ਬੰਗਾਲ, ਮਹਾਰਾਸ਼ਟਰ, ਨੂੰ ਵੀ
ਦਿੱਲੀ, ਗੁਜਰਾਤ, ਮਨੀਪੁਰ, ਛੱਤੀਸਗੜ੍ਹ, ਵਾਂਗੂੰ
ਫਿਰਕੂ, ਦੰਗਿਆਂ, ਫਸਾਦਾਂ, ਧਰਮੀ, ਕਤਲੇਆਮ
ਸਾੜ, ਫੂਕ, ਦੀ ਧਰਤੀ ਬਨਾਉਣਾ ਜਾਣਦੇ ਹਾਂ

ਤੁਸੀਂ, ਬਸ, ਸਾਡਾ, ਇਸ਼ਾਰਾ ਮਿਲਦਿਆਂ ਹੀ
-ਖਾਲਿਸਤਾਨ, ਜ਼ਿੰਦਾਬਾਦ
-ਹਿੰਦੂ ਰਾਸ਼ਟਰ, ਜ਼ਿੰਦਾਬਾਦ
-ਮੁਸਲਿਮ ਧਰਮੀ ਜਿਹਾਦ, ਜ਼ਿੰਦਾਬਾਦ
-ਜੀਸਸ ਜਿਹਾਦ, ਜ਼ਿੰਦਾਬਾਦ
ਜਿਹੇ, ਨਾਹਰੇ ਲਗਾ ਦੇਣਾ

ਤੁਸੀਂ, ਬਸ, 1947 ਵਾਂਗ
ਧਰਮ, ਸਭਿਆਚਾਰ, ਰਾਜਨੀਤੀ, ਦੇ ਨਾਂ ਉੱਤੇ
ਆਂਢੀਆਂ-ਗੁਆਂਢੀਆਂ, ਮਿੱਤਰਾਂ, ਸਾਥੀਆਂ, ਦੇ ਸੀਨਿਆਂ ਵਿੱਚ
ਖੰਜਰ, ਤ੍ਰਿਸ਼ੂਲ, ਤਲਵਾਰਾਂ, ਖੋਭਣ ਲਈ ਤਿਆਰ ਰਹਿਣਾ

ਤੁਸੀਂ, ਬਸ, ਆਪਣੇ, ਆਂਢ-ਗੁਆਂਢ 'ਚ ਰਹਿੰਦੀਆਂ
ਨੂੰਹਾਂ, ਧੀਆਂ, ਮਾਵਾਂ, ਭੈਣਾਂ, ਦੇ ਬਲਾਤਕਾਰ ਕਰਨ
ਉਨ੍ਹਾਂ ਦੇ, ਜਿਸਮਾਂ ਨੂੰ ਟੁੱਕੜੇ ਟੁੱਕੜੇ ਕਰ
ਨਦੀਆਂ, ਨਾਲਿਆਂ, ਟੋਭਿਆਂ, ਝੀਲਾਂ, ਦਰਿਆਵਾਂ, 'ਚ
ਸੁੱਟਣ ਲਈ ਤਿਆਰ ਰਹਿਣਾ

ਅਸੀਂ, ਇਸਦੇ ਬਦਲੇ, ਇਨਾਮ ਵਿੱਚ
ਤੁਹਾਡੀਆਂ, ਅੰਤਰੀਵ, ਜਿਸਮਾਂ ਦੀਆਂ ਇਛਾਵਾਂ ਨੂੰ ਪੱਠੇ ਪਾਉਣ ਲਈ
ਫੇਸਬੁੱਕ, ਗੂਗਲ, ਯੂਟੀਊਬ, ਇੰਸਟਾਗਰਾਮ, ਜਿਹੇ ਮਾਧਿਅਮਾਂ ਰਾਹੀਂ
ਲੁੱਚੀਆਂ, ਬਲੂ, ਫਿਲਮਾਂ ਦੇ ਦਰਸ਼ਨ ਕਰਾਵਾਂਗੇ

ਤੁਸੀਂ, ਬਸ, ਮਾਹੌਲ ਨੂੰ
ਅੱਗ ਦੇ, ਭਾਂਬੜ ਬਣਾਈ ਰੱਖਣਾ-
ਅਸੀਂ, ਤੁਹਾਡੇ, ਮਨਪਰਚਾਵੇ ਲਈ
ਤੁਹਾਡੀਆਂ, ਬਾਹਾਂ 'ਚ ਚਿੱਟੇ ਦੇ ਇੰਜੈਕਸ਼ਨ ਲਗਾਵਾਂਗੇ

ਤੁਸੀਂ, ਬਸ, ਆਸਤੀਨ ਦੇ ਸੱਪ ਬਣ, ਡੰਗ ਮਾਰਨ ਲਈ
ਆਪਣੇ, ਸਿਰਾਂ 'ਚ, ਫਨੀਅਰ ਸੱਪਾਂ ਵਾਂਗੂੰ
ਜ਼ਹਿਰ ਨੂੰ ਉਬਲਦਾ ਰੱਖਣਾ
ਤੁਸੀਂ, ਬਸ, ਭੁਸਰੇ ਹੋਏ ਸਾਹਨਾਂ ਵਾਂਗ
ਆਪਣੇ, ਸਿਰਾਂ 'ਚ, ਹੰਕਾਰ ਦਾ
ਤੂਫ਼ਾਨ ਬਣਾਈ ਰੱਖਣਾ
■

(ਮਾਲਟਨ, ਅਕਤੂਬਰ 27, 2025)

ਖੱਪਖਾਨਾ ਮਹਿਕਮਾ

ਕੁਝ ਲੋਕਾਂ, ਕੁਝ ਸੰਸਥਾਵਾਂ, ਦਾ
ਰੋਟੀ-ਪਾਣੀ ਦਾ, ਖਰਚਾ
ਊਲ-ਜਲੂਲ ਮਸਲਿਆਂ ਬਾਰੇ
ਖੱਪਖਾਨਾ ਪਾਉਣ ਨਾਲ ਹੀ
ਜੁੜਿਆ ਹੁੰਦਾ ਹੈ-

ਮਸਲਨ, ਕੁਝ, ਧਾਰਮਿਕ ਕੱਟੜਵਾਦੀ, ਸਿੱਖ ਸੰਸਥਾਵਾਂ ਨਾਲ
ਜੁੜੇ ਲੋਕ ਹਿੰਦੂ ਮੰਦਿਰਾਂ ਸਾਹਮਣੇ ਜਾ ਕੇ
ਸ਼ੋਰ-ਸ਼ਰਾਬਾ ਕਰਨਗੇ, ਕੁਝ
ਭੰਨਤੋੜ ਕਰਨਗੇ, ਮੰਦਿਰਾਂ ਦੀਆਂ ਕੰਧਾਂ ਉੱਤੇ
ਕੁਝ, ਊਲ-ਜਲੂਲ ਲਿਖ ਕੇ, ਆਪਣੇ
ਮਨਾਂ ਦੀ ਭੜਾਸ ਕੱਢਣਗੇ

ਫਿਰ, ਕੁਝ, ਧਾਰਮਿਕ ਕੱਟੜਵਾਦੀ, ਹਿੰਦੂ ਸੰਸਥਾਵਾਂ ਦੇ
ਪੈਰੋਕਾਰ ਸਿੱਖ ਧਰਮੀ ਅਸਥਾਨਾਂ ਸਾਹਮਣੇ ਜਾ ਕੇ
ਹੱਲਾ-ਗੁੱਲਾ ਕਰਨਗੇ, ਕੁਝ
ਇੱਟਾਂ-ਰੋੜੇ ਚਲਾਉਣਗੇ, ਕੁਝ
ਤਲਵਾਰਾਂ, ਤ੍ਰਿਸ਼ੂਲ, ਲਾਠੀਆਂ, ਹਵਾ 'ਚ ਲਹਿਰਾਉਣਗੇ
ਇੰਝ ਕਰਕੇ, ਆਪਣੇ
ਧਰਮੀ, ਅੰਧਭਗਤਾਂ ਨੂੰ ਖੁਸ਼ ਕਰਨਗੇ

ਪੁਲਿਸ ਵਿਭਾਗ ਦਾ ਮੁਖੀ
ਆਪਣਾ, ਰੋਹਬ ਦਿਖਾਉਣ ਲਈ
ਮੀਡੀਆ ਪ੍ਰੈੱਸ ਕਾਨਫਰੰਸ ਕਰਕੇ

ਬਿਆਨ ਦੇਵੇਗਾ:
'ਅਸੀਂ, ਕਿਸੇ ਨੂੰ ਵੀ
ਸ਼ਹਿਰ ਦਾ ਅਮਨ ਭੰਗ ਕਰਨ ਦੀ
ਖੁੱਲ੍ਹ ਨਹੀਂ ਦੇਵਾਂਗੇ
ਸ਼ਹਿਰਵਾਸੀਆਂ ਦੀ ਸੁਰੱਖਿਆ ਯਕੀਨੀ ਬਨਾਉਣਾ
ਸਾਡੀ ਜ਼ਿੰਮੇਵਾਰੀ ਵੀ ਹੈ, ਸਾਡਾ ਫਰਜ਼ ਵੀ ਹੈ'

ਸ਼ਾਮ ਤੱਕ, ਮੀਡੀਆ ਚੈਨਲਾਂ ਉੱਤੇ
ਇਹ ਖਬਰ, ਬਾਰ ਬਾਰ, ਦੁਹਰਾਈ ਜਾਵੇਗੀ :
'ਪੁਲਿਸ ਨੇ, ਅਮਨ ਭੰਗ ਕਰਨ ਦੇ ਦੋਸ਼ ਵਿੱਚ
ਕੁਝ, ਸਿੱਖ, ਕੁਝ, ਹਿੰਦੂ, ਹੁੱਲੜਬਾਜ਼ਾਂ ਨੂੰ
ਗਿ੍ਫਤਾਰ ਕਰ ਲਿਆ ਹੈ
ਜਲਦੀ ਹੀ, ਪੁਲਿਸ, ਕੁਝ, ਹੋਰ ਲੋਕਾਂ ਨੂੰ ਵੀ
ਗਿ੍ਫਤਾਰ ਕਰੇਗੀ'

ਪੁਲਿਸ ਮੁਤਾਬਕ–
ਹੁਣ, ਹਾਲਾਤ ਕਾਬੂ ਵਿੱਚ ਹਨ
ਸ਼ਹਿਰ ਵਿੱਚ, ਪੁਲਿਸ ਦੀ
ਗਸ਼ਤ ਵਧਾ ਦਿੱਤੀ ਗਈ ਹੈ
ਹੁਣ–
–ਸਿੱਖ ਸੰਸਥਾਵਾਂ
–ਹਿੰਦੂ ਸੰਸਥਾਵਾਂ
–ਮੀਡੀਆ
–ਪੁਲਿਸ
ਹਰ ਕੋਈ, ਖੁਸ਼ ਹੈ
ਸ਼ਹਿਰ ਵਿੱਚ, ਅਮਨ ਭੰਗ ਕਰਨ ਵਾਲੇ
ਖੱਪਖਾਨਾ ਮਹਿਕਮੇ ਨਾਲ ਸਬੰਧਤ ਲੋਕਾਂ ਨੂੰ
ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ ਹੈ

ਪੁਲਿਸ ਮੁਖੀ ਨੇ
ਅੱਜ ਸ਼ਾਮ ਨੂੰ, ਹਿੰਦੂ, ਸਿੱਖ, ਸੰਸਥਾਵਾਂ ਦੇ
ਮੁਖੀਆਂ ਨੂੰ, ਪੁਲਿਸ ਸਟੇਸ਼ਨ ਵਿੱਚ
ਚਾਹ-ਪਾਣੀ ਲਈ, ਆਉਣ ਦੀ
ਦਾਅਵਤ ਦਿੱਤੀ ਹੈ

ਲੋਕ ਖੁਸ਼ ਹਨ
ਸ਼ਹਿਰ ਵਿੱਚ, ਹੁਣ, ਹਰ ਪਾਸੇ
ਅਮਨ ਹੈ

ਹਿੰਦੂ, ਧਾਰਮਿਕ ਕੱਟੜਵਾਦੀ ਸੰਸਥਾਵਾਂ ਦੇ ਨੇਤਾ
ਸਿੱਖ, ਧਾਰਮਿਕ ਕੱਟੜਵਾਦੀ ਸੰਸਥਾਵਾਂ ਦੇ ਨੇਤਾ
ਹੁਣ, ਇੱਕ ਦੂਜੇ ਨੂੰ
ਸ਼ਹਿਰ ਵਿੱਚ, ਸੁੱਖ-ਸ਼ਾਂਤੀ
ਪਰਤ ਆਉਣ ਲਈ
ਸ਼ੁਭ ਇਛਾਵਾਂ
ਭੇਜ ਰਹੇ ਹਨ
■

(ਮਾਲਟਨ, ਨਵੰਬਰ 2, 2025)

ਆਪਣੇ ਲੋਕਾਂ ਦੀ ਸਰਕਾਰ

ਲੋਕ ਆਖਦੇ ਹਨ
ਪੰਜਾਬ ਵਿੱਚ, ਹੁਣ
ਆਪਣੇ ਲੋਕਾਂ ਦੀ ਸਰਕਾਰ ਹੈ–

ਹਰ ਕਿਸੀ ਨੂੰ, ਕੁਝ ਵੀ
ਕਰ ਸਕਣ ਦੀ, ਪੂਰੀ ਪੂਰੀ
ਆਜ਼ਾਦੀ ਹੈ

ਪੁਲਿਸ ਦੇ, ਵੱਡੇ ਵੱਡੇ, ਅਹਿਲਕਾਰ
ਜੁਰਮ ਨਾਲ ਸਬੰਧਤ, ਮਾਮਲੇ ਨਿਬੇੜਨ ਲਈ
ਵੱਡੀਆਂ ਵੱਡੀਆਂ ਰਕਮਾਂ, ਰਿਸ਼ਵਤ ਵਜੋਂ
ਲੋਕਾਂ ਤੋਂ, ਬਟੋਰਦੇ ਹਨ

ਰਾਜਨੀਤੀਵਾਨ, ਬਿਨਾ ਕਿਸੀ ਡਰ ਦੇ
ਗੈਂਗਸਟਰਾਂ ਨਾਲ ਮਿਲ ਕੇ, ਨਸ਼ਿਆਂ ਦੀ ਸਮੱਗਲਿੰਗ ਕਰ
ਵੱਡੀਆਂ ਵੱਡੀਆਂ, ਜਾਇਦਾਦਾਂ ਬਣਾਂਦੇ ਹਨ

ਸਰਕਾਰੀ ਮਹਿਕਮਿਆਂ ਦੇ, ਉੱਚ, ਅਫਸਰ
ਫਾਈਲਾਂ ਉੱਤੇ, ਦਸਤਖਤ ਕਰਨ ਲਈ
ਜਨਤਾ ਤੋਂ, ਤੋਹਫਿਆਂ ਵਜੋਂ, ਰੁਪਿਆਂ ਦੀਆਂ ਭਰੀਆਂ
ਥੈਲੀਆਂ ਮੰਗਦੇ ਹਨ

ਹਸਪਤਾਲਾਂ ਵਿਚ, ਡਾਕਟਰ
ਮਰ ਚੁੱਕੇ, ਮਰੀਜ਼ਾਂ ਨੂੰ ਜਿਉਂਦਾ ਦਿਖਾ
ਉਨ੍ਹਾਂ ਦੇ ਇਲਾਜ ਦੇ, ਲੱਖਾਂ ਰੁਪਏ ਦੇ
ਝੂਠੇ, ਬਿੱਲ ਵਸੂਲਦੇ ਹਨ
ਫੈਕਟਰੀਆਂ ਦੇ ਮਾਲਕ, ਜ਼ਹਿਰੀਲੇ ਕੂੜੇ ਨੂੰ

ਸਾਫ਼ ਕਰਨ ਲਈ ਲੋੜੀਂਦੇ ਲੱਖਾਂ ਰੁਪਏ ਬਚਾਉਣ ਵਾਸਤੇ
ਸਰਕਾਰੀ ਅਫਸਰਾਂ ਨੂੰ ਰਿਸ਼ਵਤ ਦੇ ਕੇ, ਆਪਣੀਆਂ
ਫੈਕਟਰੀਆਂ ਦਾ ਕੂੜਾ, ਨਦੀਆਂ, ਦਰਿਆਵਾਂ, ਝੀਲਾਂ, 'ਚ ਸੁੱਟ
ਨਿਰਮਲ ਪਾਣੀਆਂ ਨੂੰ ਪ੍ਰਦੂਸ਼ਿਤ ਕਰ ਦਿੰਦੇ ਹਨ

ਮੀਡੀਆਕਾਰ, ਰਾਜਨੀਤੀਵਾਨਾਂ ਦੀਆਂ, ਝੂਠੀਆਂ
ਤਾਰੀਫਾਂ ਕਰਨ ਬਦਲੇ, ਰਾਜਨੀਤੀਵਾਨਾਂ ਤੋਂ
ਬੀਅਰ, ਵਾਈਨ, ਵਿਸਕੀ, ਦੀਆਂ
ਬੋਤਲਾਂ ਦੇ ਭਰੇ ਬਕਸੇ ਵਸੂਲਦੇ ਹਨ

ਅਧਿਆਪਕ, ਵਿਸ਼ਵ-ਵਿਦਿਆਲਿਆਂ ਵਿੱਚ
ਉੱਚ-ਡਿਗਰੀਆਂ ਲਈ, ਖੋਜ-ਪੱਤਰ ਲਿਖਣ ਬਦਲੇ
ਵਿਦਿਆਰਥੀਆਂ ਦਾ, ਸਰੀਰਕ
ਸ਼ੋਸ਼ਣ ਕਰਦੇ ਹਨ

ਨਸ਼ੇੜੀ, ਨਸ਼ੇ ਖ੍ਰੀਦਣ ਲਈ
ਗਲੀਆਂ, ਬਾਜ਼ਾਰਾਂ, ਸੜਕਾਂ, 'ਤੇ ਤੁਰੀਆਂ ਜਾਂਦੀਆਂ
ਬਜ਼ੁਰਗ, ਮਾਵਾਂ, ਦਾਦੀਆਂ, ਨਾਨੀਆਂ, ਦੇ ਗਲਾਂ 'ਚ ਪਾਏ
ਸੋਨੇ ਦੇ, ਹਾਰ ਲਾਹ ਕੇ ਲੈ ਜਾਂਦੇ ਹਨ

ਅਜੋਕੇ ਸਮਿਆਂ ਵਿੱਚ
ਆਪਣੇ ਲੋਕਾਂ ਦੀ ਸਰਕਾਰ
ਕਹਾਵਤ ਦੇ, ਸ਼ਾਇਦ
ਇਹੀ, ਅਰਥ ਬਣਦੇ ਹਨ-

-ਹਰ ਕਿਸੇ ਨੂੰ
-ਹਰ ਥਾਂ
-ਹਰ ਸਮੇਂ
ਲੁੱਟਣ ਦੀ, ਸਰਕਾਰ
ਪੂਰੀ ਪੂਰੀ, ਖੁੱਲ੍ਹ
ਆਜ਼ਾਦੀ ਦਿੰਦੀ ਹੈ

■ (ਮਾਲਟਨ, ਨਵੰਬਰ 1, 2025)

ਚੱਲੇ ਹੋਏ ਕਾਰਤੂਸ

ਚੋਣਾਂ ਦਾ, ਜਦ ਵੀ, ਮੌਸਮ ਆਉਂਦਾ ਹੈ
ਰਾਜਨੀਤਿਕ ਪਾਰਟੀਆਂ ਦੇ, ਚੱਲੇ ਹੋਏ ਕਾਰਤੂਸ
ਗਿਰਗਟਾਂ ਵਾਂਗ, ਆਪਣੇ
ਰੰਗ ਬਦਲਣ ਲੱਗਦੇ ਹਨ

ਰਾਜਨੀਤਿਕ ਮੰਡੀ ਵਿੱਚ, ਅਜਿਹੇ
ਰਾਜਨੀਤਿਕ ਨੇਤਾ, ਭੇਡਾਂ, ਬੱਕਰੀਆਂ, ਵਾਂਗ
ਵੇਚੇ, ਖ਼ਰੀਦੇ, ਜਾਂਦੇ ਹਨ

ਅਖਬਾਰਾਂ, ਮੈਗਜ਼ੀਨਾਂ, ਰੇਡੀਓ, ਟੀਵੀ, ਚੈਨਲਾਂ ਉੱਤੇ
ਪੱਤਰਕਾਰ, ਮਸਾਲੇ ਲਗਾ ਲਗਾ ਕੇ
ਇਨ੍ਹਾਂ, ਰਾਜਨੀਤਿਕ ਗਿਰਗਟਾਂ ਦੀ
ਖ਼ਰੀਦੋ-ਫਰੋਖਤ ਦੇ ਕਿੱਸੇ
ਬਿਆਨ ਕਰਦੇ ਹਨ

ਰਾਜਨੀਤਿਕ ਗਿਰਗਟਾਂ, ਆਪਣੇ, ਸ਼ਮਲਿਆਂ ਉੱਤੇ
ਰੰਗ-ਬਰੰਗੀਆਂ, ਕਲਗੀਆਂ ਸਜਾ ਕੇ
ਚਿਹਰਿਆਂ ਉੱਤੇ, ਤਰ੍ਹਾਂ ਤਰ੍ਹਾਂ ਦੇ
ਮੁਖੌਟੇ ਸਜਾ ਕੇ, ਲੱਛੇਦਾਰ
ਭਾਸ਼ਨਾਂ ਰਾਹੀਂ, ਇਸ ਗੱਲ ਦੇ
ਦਾਅਵੇ ਕਰਨ ਲੱਗਦੇ ਹਨ-
ਕਿਸੀ, ਨਵੀਂ, ਰਾਜਨੀਤਿਕ ਪਾਰਟੀ ਵਿੱਚ
ਉਨ੍ਹਾਂ ਵੱਲੋਂ, ਛੱਪੜ ਦੇ ਡੱਡੂਆਂ ਵਾਂਗ

ਟਪੂਸੀਆਂ ਮਾਰਨ ਸਦਕਾ
ਸਮੁੱਚਾ ਦੇਸ਼, ਹੁਣ
ਤਰੱਕੀ ਦੀਆਂ ਮੰਜ਼ਿਲਾਂ ਵੱਲ
ਵਧਣ ਲੱਗੇਗਾ

ਸੰਘ ਪਾੜਵੀਆਂ ਆਵਾਜ਼ਾਂ ਵਿੱਚ
ਉਹ, ਦਾਅਵੇ ਕਰਨ ਲੱਗਦੇ ਹਨ–
ਦੇਸ਼ ਵਿੱਚ, ਹੁਣ
ਦੁੱਧ ਦੀਆਂ ਨਹਿਰਾਂ ਵਗਣਗੀਆਂ
ਹਰ ਪਾਸੇ, ਸੁੱਖ-ਸ਼ਾਂਤੀ ਹੋਵੇਗੀ
ਸਭ ਕ੍ਰਿਮਿਨਲ, ਸਭ ਗੈਂਗਸਟਰ, ਸਭ ਡਰੱਗ ਸਮੱਗਲਰ
ਹੁਣ, ਦੇਸ਼ ਨੂੰ ਛੱਡ ਕੇ
ਮੰਗਲ ਗ੍ਰਹਿ ਉੱਤੇ ਚਲੇ ਜਾਣਗੇ
ਦੇਸ਼ ਦੀਆਂ, ਸਰਹੱਦਾਂ ਉੱਤੇ
ਹੁਣ, ਨਿੱਤ, ਬੰਦੂਕਾਂ, ਤੋਪਾਂ, ਦੀ
ਠਾਹ ਠਾਹ ਹੋਣ ਦੀ ਥਾਂ
ਗੁਲਾਬ ਖਿੜਣਗੇ
ਲੋਕ, ਅਮਨ, ਅਮਨ, ਕੂਕਦੇ
ਗਿੱਧਾ, ਭੰਗੜਾ, ਪਾਉਣਗੇ

ਚੱਲੇ ਹੋਏ, ਰਾਜਨੀਤਿਕ ਕਾਰਤੂਸ
ਇਸ ਤਰ੍ਹਾਂ, ਗਿਰਗਟਾਂ ਵਾਂਗ
ਨਿੱਤ, ਰੰਗ ਬਦਲ ਬਦਲ
ਆਪਣੇ ਆਪ ਨੂੰ, ਵੱਡੇ
ਦੇਸ਼ ਭਗਤ ਹੋਣ ਦੀ
ਨੌਟੰਕੀ ਵੀ ਕਰਨਗੇ
■

(ਮਾਲਟਨ, ਜਨਵਰੀ 16, 2026)

ਪੁਤਲੀਆਂ ਦਾ ਤਮਾਸ਼ਾ

ਸੰਤ ਬਾਬੇ ਜਾਂਦੇ, ਜੇਲ੍ਹਾਂ ਵਿੱਚ
ਨਸ਼ੇ ਦੇ ਸੌਦਾਗਰਾਂ ਨਾਲ
ਮੁਲਾਕਾਤਾਂ ਕਰਨ–

ਨਸ਼ੇ ਦੇ ਸੌਦਾਗਰ
ਇਸ ਰਹਿਮਤ ਦਾ, ਆਸਾਨ
ਜਿਤਲਾਉਣ ਖਾਤਿਰ, ਸੰਤ ਬਾਬਿਆਂ ਦੀਆਂ
ਸਿਫਤਾਂ ਦਾ, ਆਲਾਪ ਛੇੜਦੇ

ਭੋਲੀ–ਭਾਲੀ, ਅੰਧਭਗਤ, ਜਨਤਾ
ਸੰਤ ਬਾਬਿਆਂ ਦੀ, ਰਹਿਮਤ ਦੇ ਆਲਾਪ ਨੂੰ
ਉੱਚੀ ਸੁਰ ਵਿੱਚ
ਗਲੀ–ਮੁਹੱਲੇ, ਸੜਕਾਂ, ਬਾਜ਼ਾਰਾਂ, ਬਸਤੀਆਂ, ਵਿੱਚ
ਅੱਖਾਂ ਬੰਦ ਕਰਕੇ, ਸਿਰ ਨਿਵਾ ਕੇ
ਢੋਲਕੀਆ, ਛੈਣੇ, ਲੈ ਕੇ
ਗੁਣਗੁਣਾਂਦੀ

ਸੰਤ ਬਾਬੇ, ਮਿਹਰਬਾਨ ਹੋ
ਬਿਰਤਾਂਤ ਜੋੜਦੇ :
'ਸੰਗਤੇ, ਜੇ ਤੂੰ
'84 ਜੂਨਾਂ ਤੋਂ ਮੁਕਤੀ ਪਾਉਣੀ
ਬਿਆਸ ਦੇ ਪਾਣੀਆਂ ਵਿੱਚ, ਤੂੰ
ਚਿੱਟਾ ਘੋਲ ਘੋਲ, ਦਿਨ–ਰਾਤ
ਪੀਆ ਕਰ'

ਮੂੰਹਾਂ 'ਚੋਂ ਲਾਲਾਂ ਸੁੱਟਦੇ
ਆਪਣੀਆਂ, ਪੂਛਾਂ ਹਿਲਾਉਂਦੇ
ਪੱਤਰਕਾਰ, ਬਲੌਗਰ, ਯੂਟਿਊਬਰ
ਆਪਣੀਆਂ, ਚੈਨਲਾਂ ਉੱਤੇ
ਸੰਤ ਬਾਬਿਆਂ, ਮਹਾਂ ਪੁਰਸ਼ਾਂ, ਵੱਲੋਂ ਸਿਰਜੇ
ਬਿਰਤਾਂਤਾਂ ਨੂੰ, ਝੂਠੀਆਂ ਤਾਰੀਫਾਂ ਦੀ
ਚਾਸ਼ਨੀ ਵਿੱਚ ਡੋਬ ਡੋਬ
ਅਨਪੜ੍ਹ, ਪਿਛਲੱਗ, ਬੌਧਿਕ ਕੰਗਾਲ, ਲੋਕਾਂ ਦੇ
ਦਿਮਾਗ਼ਾਂ ਨੂੰ, ਕੂੜਾਦਾਨ ਸਮਝ, ਉੱਥੇ
ਕੂੜੇ ਦੇ ਪਹਾੜ ਬਣਾਈ ਜਾਂਦੇ

ਦੂਰ ਕਿਤੇ ਛਿੜ ਰਹੀ
ਇਹ, ਮਧੁਰ ਧੁਨ
ਪਹਿਲਾਂ, ਹੌਲੀ ਹੌਲੀ
ਫਿਰ, ਪੂਰੀ ਤਰ੍ਹਾਂ
ਨਗਾਰੇ ਦੀ ਚੋਟ ਵਾਂਗ
ਗੂੰਜਣ ਲੱਗਦੀ:

'ਸੰਤ ਬਾਬਾ ਜੀ, ਤੁਹਾਡੀ
ਦੁਨੀਆ ਨਿਆਰੀ ਹੈ, ਤੁਸੀਂ, ਆਪ
ਹਕੂਮਤ ਦੀ ਪੁਤਲੀ ਬਣਕੇ
ਆਪਣਾ, ਪੁਤਲੀਆਂ ਦਾ ਤਮਾਸ਼ਾ ਦਿਖਾ
ਨਸ਼ਿਆਂ ਦੇ ਸੌਦਾਗਰਾਂ ਦੀ
ਡੁੱਬਦੀ ਜਾਂਦੀ, ਕਿਸ਼ਤੀ
ਭਵਸਾਗਰ ਵਿੱਚ, ਤਾਰੀ ਹੈ'
■

(ਮਾਲਟਨ, ਫਰਵਰੀ 3, 2026)

ਲਾਹਣਤਾਂ ਦੀ ਰਾਜਨੀਤੀ

ਰਾਜਨੀਤਿਕ ਹਲਕਿਆਂ ਵਿੱਚ, ਅੱਜਕੱਲ੍ਹ
ਇੱਕ, ਨਵਾਂ ਹੀ ਰੁਝਾਨ
ਪੈਦਾ ਹੋ ਰਿਹਾ ਹੈ–

ਇੱਕ, ਰਾਜਨੀਤੀਵਾਨ
ਇੱਕ, ਧਰਮੀ, ਸੰਤ ਬਾਬੇ ਨੂੰ, ਇਸ ਲਈ
ਲਾਹਣਤਾਂ ਪਾ ਰਿਹਾ ਹੈ–
ਧਰਮੀ, ਸੰਤ ਬਾਬੇ ਨੂੰ, ਇੱਕ
ਨਸ਼ੇ ਦੇ ਸੌਦਾਗਰ ਦੀ ਤਾਰੀਫ ਵਿੱਚ
ਬਿਰਤਾਂਤ ਸਿਰਜਣਾ ਨਹੀਂ ਚਾਹੀਦਾ ਸੀ

ਇੱਕ, ਧਰਮੀ ਮਹਾਂ ਪੁਰਸ਼
ਇੱਕ, ਹਕੂਮਤ ਦੇ ਅਹਿਲਕਾਰ ਨੂੰ, ਇਸ ਲਈ
ਲਾਹਣਤਾਂ ਪਾ ਰਿਹਾ ਹੈ–
ਹਕੂਮਤ ਨੂੰ ਧਾਰਮਿਕ ਅਦਾਰਿਆਂ ਵਿੱਚ ਹੁੰਦੀ
ਗੋਲਕਾਂ ਦੀ ਲੁੱਟ ਵਿੱਚ, ਬਿਲਕੁਲ ਹੀ
ਦਖ਼ਲਅੰਦਾਜ਼ੀ ਕਰਨੀ ਨਹੀਂ ਚਾਹੀਦੀ ਸੀ

ਇੱਕ, ਵਿਦਿਆਰਥੀ
ਇੱਕ, ਵਿਸ਼ਵ-ਵਿਦਿਆਲੇ ਦੇ ਅਧਿਆਪਕ ਨੂੰ, ਇਸ ਲਈ
ਲਾਹਣਤਾਂ ਪਾ ਰਿਹਾ ਹੈ–
ਵਿਸ਼ਵ-ਵਿਦਿਆਲਿਆਂ ਵਿੱਚ, ਅਧਿਆਪਕਾਂ ਵੱਲੋਂ
ਖੋਜ-ਪੱਤਰ ਲਿਖਵਾਉਣ ਦੇ ਨਾਮ ਉੱਤੇ

ਵਿਦਿਆਰਥੀਆਂ ਦੀ, ਸਰੀਰਕ-ਮਾਨਸਿਕ
ਲੁੱਟ ਕਰਨੀ ਨਹੀਂ ਚਾਹੀਦੀ ਸੀ

ਇੱਕ, ਔਰਤ
ਇੱਕ, ਮੰਤਰੀ ਨੂੰ, ਇਸ ਲਈ
ਲਾਹਣਤਾਂ ਪਾ ਰਹੀ ਹੈ-
ਮੰਤਰੀ ਦੀ ਸਰਕਾਰ ਵੱਲੋਂ, ਔਰਤਾਂ ਨੂੰ
ਹਰ ਮਹੀਨੇ, ਆਰਥਿਕ ਮੱਦਦ ਦਿੱਤੇ ਜਾਣ ਦੇ
ਆਪਣੇ, ਚੋਣ ਵਾਅਦੇ ਤੋਂ
ਮੁੱਕਰ ਜਾਣਾ ਨਹੀਂ ਚਾਹੀਦਾ ਸੀ

ਇੱਕ, ਨੌਜਵਾਨ
ਇੱਕ, ਪੁਲਿਸ ਅਫਸਰ ਨੂੰ, ਇਸ ਲਈ
ਲਾਹਣਤਾਂ ਪਾ ਰਿਹਾ ਹੈ-
ਪੁਲਿਸ ਵੱਲੋਂ, ਸੂਬੇ ਨੂੰ ਨਸ਼ਾ ਮੁਕਤ ਕਰਨ ਦੇ
ਲੋਕਾਂ ਨਾਲ ਕੀਤੇ ਗਏ, ਆਪਣੇ, ਵਾਅਦੇ ਨੂੰ
ਭੁੱਲ ਜਾਣਾ ਨਹੀਂ ਚਾਹੀਦਾ ਸੀ

ਇੱਕ, ਧਾਰਮਿਕ ਮੱਠ ਦਾ ਮਹੰਤ
ਇੱਕ, ਰਾਜਨੀਤਿਕ ਪਾਰਟੀ ਦੇ ਮੁਖੀ ਨੂੰ, ਇਸ ਲਈ
ਲਾਹਣਤਾਂ ਪਾ ਰਿਹਾ ਹੈ-
ਰਾਜਨੀਤਿਕ ਪਾਰਟੀ ਦੇ ਮੁਖੀ ਵੱਲੋਂ, ਆਪ ਹੀ
ਧਾਰਮਿਕ ਮੱਠ ਦੇ ਮਹੰਤਾਂ ਦੀ ਨਿਯੁਕਤੀ ਕਰਕੇ
ਧਾਰਮਿਕ ਮੱਠ ਦੇ ਮਹੰਤਾਂ ਵੱਲੋਂ ਜਾਰੀ ਕੀਤੇ ਗਏ
ਹੁਕਮਨਾਮਿਆਂ ਨੂੰ ਮੰਨਣ ਤੋਂ
ਇਨਕਾਰੀ ਹੋ ਜਾਣਾ ਨਹੀਂ ਚਾਹੀਦਾ ਸੀ

ਰਾਜਨੀਤਿਕ ਹਲਕਿਆਂ ਵਿੱਚ ਪੈਦਾ ਹੋ ਰਹੇ
ਲਾਹਣਤਾਂ ਦੀ ਰਾਜਨੀਤੀ ਦੇ ਰੁਝਾਨ ਨੇ
ਆਮ ਲੋਕਾਂ ਵਿੱਚ, ਰਾਜਨੀਤੀ ਨੂੰ
ਹੁਣ, ਮਹਿਜ਼, ਹਾਸੇ-ਠੱਠੇ ਦਾ ਵਿਸ਼ਾ
ਬਣਾ ਕੇ ਰੱਖ ਦਿੱਤਾ ਹੈ
■

(ਮਾਲਟਨ, ਫਰਵਰੀ 3, 2026)

ਚਿੱਟਾ ਰਾਜਨੀਤਿਕ ਪਾਰਟੀ

ਚਿੱਟਾ ਵੇਚਣ ਵਾਲਿਆ, ਰਾਜਨੀਤੀਵਾਨਾ
ਤੇਰੀ ਗੰਦੀ, ਲੁੱਚੀ, ਭੈੜੀ, ਸੋਚ 'ਤੇ
ਅਸੀਂ, ਮੂਰਖ, ਉਜੱਡ, ਅੰਧਭਗਤ, ਨਸ਼ੇੜੀ
ਪਹਿਰਾ ਦਿਆਂਗੇ, ਅਸੀਂ, ਆਪਣੀਆਂ
ਲੱਤਾਂ, ਬਾਹਾਂ, 'ਚ, ਚਿੱਟੇ ਦੇ ਇੰਜੈਕਸ਼ਨ ਠੋਕ ਕੇ

ਅਸੀਂ, ਇਸ, ਗੰਦੀ, ਨਸ਼ੇੜੀ, ਲਹਿਰ ਵਿੱਚ
ਸਭ, ਡੇਰਿਆਂ ਦੇ, ਲੁੱਚੇ, ਲਫੰਗੇ, ਨਸ਼ੇੜੀ
ਸਾਧਾਂ ਨੂੰ ਸ਼ਾਮਿਲ ਕਰਾਂਗੇ

ਅਸੀਂ, ਉਨ੍ਹਾਂ, ਸਭ
ਲੁਟੇਰਿਆਂ ਦੀਆਂ, ਜਾਦੂਮਈ
ਜੱਫੀਆਂ 'ਚ ਲਿਪਟ, ਉਨ੍ਹਾਂ
ਮੁਖੌਟਾਧਾਰੀ, ਹਕੂਮਤ ਦੇ
ਭੌਂਕਿਆਂ, ਏਜੰਟਾਂ, ਦੇ ਪੈਰਾਂ 'ਚ
ਆਪਣੇ, ਖੋਖਲੇ ਹੋ ਚੁੱਕੇ
ਸਿਰ ਧਰਾਂਗੇ

ਭੋਲੀ-ਭਾਲੀ, ਜਨਤਾ ਨਾਲ
ਸਾਡਾ, ਇਹ, ਵਾਅਦਾ ਰਿਹਾ-
ਅਸੀਂ, ਪਿੰਡ ਪਿੰਡ, ਸ਼ਹਿਰ ਸ਼ਹਿਰ
ਹਰ, ਗਲੀ, ਮੁਹੱਲੇ, ਚੁਰੱਸਤੇ, 'ਚ
ਚਿੱਟਾ ਵੇਚਣ ਵਾਲੇ, ਡਰੱਗ ਗੈਂਗਸਟਰ ਗਰੋਹ

ਪੈਦਾ ਕਰ, ਉਨ੍ਹਾਂ ਦੇ
ਸਿਰਾਂ ਉੱਤੇ, ਆਪਣੀ
ਸਰਪ੍ਰਸਤੀ ਦਾ ਹੱਥ ਧਰਾਂਗੇ

ਧਾਰਮਿਕ ਮੱਠਾਂ ਦੇ, ਸਭ, ਮਹੰਤਾਂ ਦੇ
ਘਰਾਂ ਤੱਕ, ਨੰਗੇ ਪੈਰੀਂ ਜਾਵਾਂਗੇ
ਉਨ੍ਹਾਂ ਦੇ, ਬੂਹਿਆਂ ਉੱਤੇ
ਚਿੱਟਾ ਰਾਜਨੀਤਿਕ ਪਾਰਟੀ ਦੀ
ਹਿਮਾਇਤ ਲਈ, ਅਸੀਂ
ਦਸਤਕ ਕਰਾਂਗੇ

ਨੌਜਵਾਨ ਪੀੜ੍ਹੀ ਦੇ
ਬੁੱਲ੍ਹਾਂ ਉੱਤੇ, ਅਸੀਂ
ਹੁਣ, ਬਸ
ਇੱਕ ਹੀ, ਨਾਅਰਾ
ਧਰਾਂਗੇ :
'ਚਿੱਟਾ ਰਾਜਨੀਤਿਕ ਪਾਰਟੀ
ਜ਼ਿੰਦਾਬਾਦ !'
'ਚਿੱਟਾ ਰਾਜਨੀਤਿਕ ਪਾਰਟੀ
ਜ਼ਿੰਦਾਬਾਦ !'
'ਚਿੱਟਾ ਰਾਜਨੀਤਿਕ ਪਾਰਟੀ
ਜ਼ਿੰਦਾਬਾਦ !'

ਜੇਕਰ, ਗੁਰੂ ਨੇ
ਸਾਡੇ, ਸਿਰਾਂ ਉੱਤੇ
ਹੱਥ ਰੱਖਿਆ

ਜੇਕਰ, ਗੁਰੂ ਦੀ
ਮੇਹਰ ਹੋਈ
ਪੰਜਾਬ ਦਾ ਨਾਮ ਬਦਲਕੇ
ਅਸੀਂ, 'ਚਿੱਟਾਸਤਾਨ'
ਧਰਾਂਗੇ

'ਚਿੱਟਾਸਤਾਨ' ਲਈ, ਅਸੀਂ
ਹੁਣ, ਜੀਆਂਗੇ
'ਚਿੱਟਾਸਤਾਨ' ਲਈ, ਅਸੀਂ
ਹੁਣ, ਮਰਾਂਗੇ
■

(ਮਾਲਟਨ, ਫਰਵਰੀ 10, 2026)

ਠੱਗ

ਪੱਤਰਕਾਰ ਨੇ, ਪਹਿਲਾਂ
ਆਪਣੀ, ਲੰਬੀ ਦਾਹੜੀ ਨੂੰ
ਕੁੱਤੇ ਦੀ ਪੂਛ ਵਾਂਗ, ਪਲੋਸਿਆ
ਫਿਰ, ਕਿਸੀ, ਬਲਾਤਕਾਰੀ, ਢਿੱਡਲ, ਸੰਤ ਬਾਬੇ ਵਾਂਗ
ਆਪਣੇ, ਚਿਹਰੇ ਉੱਤੇ
ਰੇਸ਼ਮੀ ਮੁਸਕਰਾਹਟ ਲਿਆ
ਚੋਣ ਜਲਸੇ ਵਿੱਚ, ਪੂਰੇ ਜੋਸ਼ ਨਾਲ
ਬੋਲਦਿਆਂ ਕਿਹਾ :
ਭੈਣੋਂ ਅਤੇ ਭਰਾਵੋ
ਸਾਡਾ ਸ਼ਹਿਰ, ਮੁਕਤਸਰ, ਕਦੀ
ਚਾਲੀ ਮੁਕਤਿਆਂ ਦੀਆਂ, ਕੁਰਬਾਨੀਆਂ ਕਰਕੇ
ਮਸ਼ਹੂਰ ਸੀ, ਪਰ
ਹੁਣ, ਇਹ ਸ਼ਹਿਰ
ਗੈਂਗਸਟਰਾਂ, ਠੱਗ ਪੱਤਰਕਾਰਾਂ, ਦੇ
ਕਾਰਨਾਮਿਆਂ ਕਰਕੇ ਚਰਚਿਤ ਰਹਿੰਦਾ ਹੈ

ਅਸੀਂ, ਠੱਗ ਪੱਤਰਕਾਰ
ਆਪਣੀ, ਭ੍ਰਿਸ਼ਟ ਪੱਤਰਕਾਰੀ ਰਾਹੀਂ
ਗੁਰਧਾਮਾਂ ਵਿੱਚ, ਕਰੋੜਾਂ ਰੁਪਿਆਂ ਦੀ, ਠੱਗੀ
ਮਾਰਨ ਵਾਲੇ ਰਾਜਨੀਤੀਵਾਨਾਂ ਨੂੰ ਵੀ
ਦੁੱਧ ਧੋਤੇ ਬਣਾ ਕੇ, ਰਾਜਧਾਨੀ ਦਿੱਲੀ ਦੇ
ਤਖ਼ਤ ਉੱਤੇ ਬਿਠਾ ਸਕਦੇ ਹਾਂ

ਅਸੀਂ, ਦਿੱਲੀ ਦੇ ਕਿਸੀ ਵੀ ਠੱਗ ਨੂੰ
ਬਨਾਰਸ ਦੇ ਠੱਗਾਂ ਨਾਲੋਂ ਵੀ ਵੱਧ
ਸਫਲ ਠੱਗ ਬਣਾ ਸਕਦੇ ਹਾਂ

ਅਸੀਂ, ਰਾਜਨੀਤੀ ਦੀ ਠੱਗ ਪੱਤਰਕਾਰੀ ਦੇ
ਸਭ ਨੁਸਖੇ ਜਾਣਦੇ ਹਾਂ, ਅਸੀਂ
ਗੁਰਧਾਮਾਂ 'ਚ ਲੱਖਾਂ/ਕਰੋੜਾਂ ਦੇ ਘਪਲੇ ਕਰਨ ਵਾਲੇ
ਦਿੱਲੀ ਸ਼ਹਿਰ ਦੇ, ਰਾਜਨੀਤਿਕ ਠੱਗਾਂ ਨੂੰ
ਬਨਾਰਸ ਦੇ ਠੱਗਾਂ ਨਾਲੋਂ ਵੀ ਵੱਧ
ਚਲਾਕ ਠੱਗ ਬਣਾ ਸਕਦੇ ਹਾਂ

ਸਾਡਾ, ਠੱਗ ਪੱਤਰਕਾਰੀ ਦਾ ਡੰਕਾ
ਮੁਕਤਸਰ ਸ਼ਹਿਰ ਤੋਂ ਲੈ ਕੇ
ਕੈਨੇਡਾ, ਅਮਰੀਕਾ, ਇੰਗਲੈਂਡ, ਤੱਕ ਵੀ
ਚੱਲਦਾ ਹੈ

ਸਾਡਾ, ਠੱਗ ਪੱਤਰਕਾਰੀ ਦਾ ਡੰਕਾ
ਵਿਸ਼ਵ ਪੰਜਾਬੀ ਸੰਮੇਲਨਾਂ, ਧਾਰਮਿਕ ਸਮਾਰੋਹਾਂ, ਡੇਰਿਆਂ ਦੇ
ਭੀੜ-ਭੜੱਕਿਆਂ, ਟੀਵੀ ਚੈਨਲਾਂ, ਉੱਤੇ ਵੀ
ਚੱਲਦਾ ਹੈ

ਅਸੀਂ, ਨਵੇਂ ਯੁੱਗ ਦੀ
ਮੈਟਾ ਟੈਕਨਾਲੋਜੀ ਦੇ
ਨਵੇਂ, ਮੁਹਾਂਦਰੇ ਵਾਲੇ
ਮੈਟਾ ਠੱਗ ਹਾਂ

ਦੇਖਣ ਨੂੰ, ਭਾਵੇਂ, ਅਸੀਂ
ਕਿਸੀ, ਬਲਾਤਕਾਰੀ, ਸੰਤ ਬਾਬੇ ਵਰਗੇ ਹੀ ਜਾਪੀਏ
ਪਰ, ਹਕੀਕਤ ਵਿੱਚ, ਅਸੀਂ

ਮੁਕਤਸਰੀ, ਪੱਤਰਕਾਰ, ਠੱਗ
ਕਿਸੀ ਵੀ ਘਟਨਾ ਬਾਰੇ
ਗਲੈਸਰੀਨ ਦੇ ਹੰਝੂ ਬਹਾਉਣ ਵਾਲੇ
ਖੂੰਖਾਰ, ਜਬਾੜਿਆਂ ਵਾਲੇ
ਵਹਿਸ਼ੀ, ਮਗਰਮੱਛ ਹਾਂ
■

(ਮਾਲਟਨ, ਜੁਲਾਈ 21, 2025)

ਫੁਕਰੀਆਂ ਦੀ ਟੋਲੀ

ਸ਼ਹਿਰ ਵਿੱਚ ਖਬਰ ਸੀ
ਫੁਕਰੀਆਂ ਦੀ ਟੋਲੀ
ਘੁੰਮ ਰਹੀ ਸੀ–

ਜੋ, ਆਖਦੀ ਹੈ–
ਅਸੀਂ, ਧਨਾਢ, ਪਤੀਆਂ ਦੀਆਂ
ਲਾਡਲੀਆਂ, ਪਤਨੀਆਂ ਹਾਂ
ਸਾਡੇ, ਧਨਾਢ, ਪਤੀ
ਸ਼ਹਿਰ ਵਿੱਚ ਹੋਣ ਵਾਲੇ
ਹਰ, ਰੌਣਕ ਮੇਲੇ ਦੇ ਪ੍ਰਬੰਧਕਾਂ ਨੂੰ
ਵੱਡੇ, ਵੱਡੇ, ਡੋਨੇਸ਼ਨ ਚੈੱਕ
ਭੇਟ ਕਰਦੇ ਹਨ

ਜਿਸ ਦੇ ਫਲਸਰੂਪ ਵਜੋਂ, ਅਸੀਂ
ਸ਼ਹਿਰ ਵਿੱਚ, ਹੋਣ ਵਾਲੇ
ਹਰ, ਰੌਣਕ ਮੇਲੇ ਵਿੱਚ ਵੱਜਦੇ
ਟੀਨ-ਕਨਸਤਰ ਦੀਆਂ, ਬੇਸੁਰ ਧੁਨਾਂ ਉੱਤੇ ਵੀ
ਆਪਣੇ, ਲੱਕ ਮਟਕਾ ਸਕਦੀਆਂ ਹਾਂ
ਆਪਣੀਆਂ, ਘੱਗਰੀਆਂ ਘੁਮਾ ਸਕਦੀਆਂ ਹਾਂ
ਬਿਊਟੀ ਪਾਰਲਰਾਂ 'ਚੋਂ ਲਿੱਪਾ ਪੋਚੀ ਕਰਵਾਏ ਹੋਏ
ਆਪਣੇ, ਨਚਾਰ-ਨੁਮਾ, ਮੁਖੌਟਿਆਂ ਦੇ
ਟੀਵੀ ਕੈਮਰਿਆਂ ਸਾਹਮਣੇ, ਟਪੂਸੀਆਂ ਮਾਰ ਮਾਰ
ਹਜ਼ਾਰਾਂ, ਬਜ਼ਾਰੂ, ਪੋਜ਼ ਬਣਾ ਸਕਦੀਆਂ ਹਾਂ

ਸ਼ਹਿਰ ਵਿੱਚ ਖਬਰ ਸੀ
ਫੁਕਰੀਆਂ ਦੀ ਟੋਲੀ

ਘੁੰਮ ਰਹੀ ਹੈ–

ਜੋ, ਦੂਰ–ਦੁਰਾਡੇ ਦੇਸ਼ਾਂ 'ਚ ਜਾ ਕੇ
ਰੌਣਕ ਮੇਲਿਆਂ ਦੇ ਪ੍ਰਬੰਧਕਾਂ ਨੂੰ
ਅਨੇਕਾਂ ਤਰ੍ਹਾਂ ਦੇ, ਲਾਲਚ ਦੇ ਕੇ
ਉਨ੍ਹਾਂ ਦੀਆਂ, ਸੈਕਸ ਅਦਾਵਾਂ ਭੜਕਾਅ ਕੇ
ਉਨ੍ਹਾਂ ਨੂੰ, ਮਜਬੂਰ ਕਰਦੀਆਂ ਸਨ
ਸਿਰੋਪਾਓ–ਨੁਮਾ, ਬੋਅ ਮਾਰਦੀਆਂ, ਲੋਈਆਂ ਨਾਲ
ਉਨ੍ਹਾਂ ਨੂੰ, ਸਨਮਾਨਿਤ ਕੀਤਾ ਜਾਵੇ
ਉਨ੍ਹਾਂ ਦੇ, ਗਲਾਂ ਵਿੱਚ
ਸ਼ਰਮਿੰਦਗੀ ਨਾਲ ਭਰੇ
ਕਾਗਜ਼ੀ ਫੁੱਲਾਂ ਦੇ, ਹਾਰ
ਲਟਕਾਏ ਜਾਣ

ਇਹ, ਫੁਕਰੀਆਂ ਦੀ ਟੋਲੀ
ਅਕਸਰ, ਬੋਅ ਮਾਰਦੀਆਂ, ਸਿਰੋਪਾਓ–ਨੁਮਾ
ਲੋਈਆਂ ਦੇ ਭਾਰ ਨਾਲ, ਉਨ੍ਹਾਂ ਦੀ ਬਦਬੂ ਨਾਲ
ਬੀਮਾਰ ਹੋ ਕੇ, ਘਰਾਂ ਨੂੰ ਪਰਤਦੀ

ਪਰ, ਫਿਰ ਵੀ
ਇਹਨਾਂ, ਫੁਕਰੀਆਂ ਦੀ ਟੋਲੀ
ਆਪਣੇ, ਹੋਛੇਪਣ, ਘੁਮੰਡਪੁਣੇ, ਤੋਂ
ਬਾਜ ਨ ਆਉਂਦੀ

ਇਹ, ਫੁਕਰੀਆਂ ਦੀ ਟੋਲੀ
ਬੋਅ ਮਾਰਦੀਆਂ ਲੋਈਆਂ, ਲੈ ਲੈ ਕੇ
ਨ ਰੱਜਦੀ–
ਇਹਨਾਂ, ਸ਼ੁਹਰਤ ਦੀਆਂ ਭੁੱਖੀਆਂ ਦੀ
ਕਦੀ, ਨੀਯਤ ਨ ਭਰਦੀ
■

ਪਾਣੀ ਬੰਬ

ਹਕੂਮਤਾਂ, ਆਪਣੀਆਂ
ਵਿਰੋਧੀ ਸਰਕਾਰਾਂ, ਵਿਰੋਧੀ ਲੋਕ ਭੀੜਾਂ, ਵਿਰੋਧੀ ਦੇਸ਼ਾਂ, ਨੂੰ
ਭੈਭੀਤ ਕਰਨ ਲਈ, ਨਵੇਂ ਜ਼ਮਾਨੇ ਦੇ
ਹਥਿਆਰਾਂ ਦੀ ਵਰਤੋਂ
ਕਰਦੀਆਂ ਹਨ–

ਉਹ–
ਵਿਗਿਆਨਕ ਤਜਰਬੇ ਕਰਨ ਦੇ ਨਾਮ ਉੱਤੇ
ਨਕਲੀ ਬੱਦਲ ਪੈਦਾ ਕਰਕੇ, ਧਰਤੀ ਦੇ
ਕਿਸੀ ਵੀ ਹਿੱਸੇ ਵਿੱਚ, ਕਈ ਕਈ ਦਿਨ
ਲਗਾਤਾਰ, ਮੂਸਲਾਧਾਰ, ਬਰਸਾਤਾਂ ਦਾ ਕਹਿਰ
ਵਰਤਾਅ ਸਕਦੀਆਂ ਹਨ

ਉਹ–
ਵੱਡੇ ਵੱਡੇ, ਡੈਮਾਂ ਦੇ, ਸਰੋਵਰਾਂ ਵਿੱਚ
ਬਰਸਾਤਾਂ ਦਾ ਅਥਾਹ ਪਾਣੀ ਸੰਭਾਲ ਕੇ
ਕਿਸੀ ਵੀ ਇਲਾਕੇ, ਪ੍ਰਾਂਤ, ਸ਼ਹਿਰ, ਦੇਸ਼, ਨੂੰ
ਕਿਸੀ ਗੱਲ ਦੀ, ਸਜ਼ਾ ਦੇਣ ਲਈ
ਪਾਣੀ ਨੂੰ ਹੜ੍ਹ ਦਾ ਰੂਪ ਬਣਾ ਕੇ
ਸੜਕਾਂ, ਖੇਤ, ਘਰ, ਸਭ ਕੁਝ
ਪੂਰੀ ਤਰ੍ਹਾਂ, ਪਾਣੀ ਵਿੱਚ
ਡੋਬ ਸਕਦੀਆਂ ਹਨ

ਉਹ–
ਸਮੁੰਦਰ ਵਿੱਚ, ਐਟਮੀ ਤਜਰਬੇ ਕਰਕੇ
ਸੁਨਾਮੀ ਲਿਆ ਸਕਦੀਆਂ ਹਨ

ਅਸਮਾਨ ਛੂੰਹਦੀਆਂ, ਪਾਣੀ ਦੀਆਂ
ਲਹਿਰਾਂ ਦਾ ਕਹਿਰ ਵਰਤਾਅ ਸਕਦੀਆਂ ਹਨ
ਸਮੁੰਦਰ ਦੇ ਕੰਢੇ ਵਸਦੇ, ਸ਼ਹਿਰਾਂ, ਬਸਤੀਆਂ, ਨੂੰ
ਸਮੁੰਦਰੀ ਛੱਲਾਂ ਦੇ ਹੜ੍ਹ ਨਾਲ ਤਬਾਹ ਕਰ ਸਕਦੀਆਂ ਹਨ
ਮਨੁੱਖੀ ਲਾਸ਼ਾਂ ਦੇ ਅੰਬਾਰ ਲਗਾ ਸਕਦੀਆਂ ਹਨ

ਉਹ–
ਗਵਾਂਢੀ ਦੇਸ਼ਾਂ ਵਿੱਚ ਵਹਿੰਦੇ, ਸਾਂਝੇ
ਦਰਿਆਵਾਂ ਉੱਤੇ ਡੈਮ ਬਣਾ ਕੇ
ਦਰਿਆਵਾਂ ਦੇ ਪਾਣੀ ਦਾ ਵਹਾਅ
ਆਪਣੇ, ਕਾਬੂ ਹੇਠ ਰੱਖ ਸਕਦੀਆਂ ਹਨ
ਗਵਾਂਢੀ ਦੇਸ਼ਾਂ ਵੱਲ ਜਾਂਦੇ ਦਰਿਆਵਾਂ ਦੇ ਪਾਣੀ ਨੂੰ
ਮਨ–ਮਰਜ਼ੀ ਨਾਲ ਰੋਕ ਕੇ, ਗਵਾਂਢੀ ਦੇਸ਼ਾਂ ਵਿੱਚ
ਸੋਕੇ ਵਾਲੇ ਹਾਲਾਤ ਪੈਦਾ ਕਰ ਸਕਦੀਆਂ ਹਨ

ਨਵੇਂ ਯੁੱਗ ਵਿੱਚ
ਮਨੁੱਖ, ਤਬਾਹੀ ਦੇ
ਨਵੇਂ ਨਵੇਂ ਢੰਗ
ਲੱਭ ਰਿਹਾ ਹੈ–

ਵਿਗਿਆਨਕ ਖੋਜਾਂ, ਤਾਂ
ਮਨੁੱਖੀ, ਬੇਹਤਰੀ ਲਈ
ਵਰਤੀਆਂ ਜਾਣੀਆਂ ਸਨ

ਪਰ–
ਕਦੀ ਕਦੀ, ਮਨੁੱਖ ਅੰਦਰ
ਸੱਤਾ ਦੀ ਭੁੱਖ, ਇਸ ਹੱਦ ਤੱਕ
ਭਾਰੂ ਹੋ ਜਾਂਦੀ ਹੈ
ਉਸ ਦੇ, ਅੰਦਰਲਾ ਸ਼ੈਤਾਨ

ਉਸ ਨੂੰ–
ਮਨੁੱਖ ਤੋਂ ਹੈਵਾਨ
ਬਣਾ ਦਿੰਦਾ ਹੈ
ਇੱਕ, ਦੇਵਤੇ ਤੋਂ
ਸ਼ੈਤਾਨ ਬਣਾ ਦਿੰਦਾ ਹੈ
■

(ਮਾਲਟਨ, 7 ਸਤੰਬਰ, 2025)

ਫੇਕ ਐਨਕਾਊਂਟਰ ਕਲਚਰ

ਜਦੋਂ, ਰਾਜਨੀਤੀ
ਮੁਸ਼ਕ ਮਾਰਨ ਲੱਗ ਜਾਵੇ
ਜਦੋਂ, ਰਾਜਨੀਤੀਵਾਨ
ਭ੍ਰਿਸ਼ਟਾਚਾਰ ਵਿੱਚ ਗਰਕ ਜਾਣ
ਜਦੋਂ, ਧਾਰਮਿਕ ਮੱਠ
ਕਾਤਲਾਂ ਦੇ ਰੈਣ ਬਸੇਰੇ ਬਣ ਜਾਣ
ਜਦੋਂ, ਹਕੂਮਤਾਂ ਦੇ ਅਹਿਲਕਾਰ
ਗੈਂਗਸਟਰਾਂ ਦੇ ਮੁਖਬਰਾਂ ਦਾ ਰੂਪ ਧਾਰ ਲੈਣ
ਜਦੋਂ, ਹਕੂਮਤਾਂ ਦੇ ਸੁਰੱਖਿਆ ਦਲਾਂ 'ਚ
ਬਹਾਦਰੀ ਦੇ, ਝੂਠੇ ਮੈਡਲ ਮੋਢਿਆਂ 'ਤੇ
ਸਜਾਉਣ ਦਾ ਮੋਹ ਜਾਗ ਜਾਵੇ

ਉਦੋਂ, ਫੇਕ ਐਨਕਾਊਂਟਰ ਕਲਚਰ ਦਾ
ਜਨਮ ਹੁੰਦਾ ਹੈ

ਪੰਜਾਬ ਨੇ, ਬਾਰ ਬਾਰ
ਫੇਕ ਐਨਕਾਊਂਟਰਾਂ ਦਾ
ਸੰਤਾਪ ਹੰਢਾਇਆ ਹੈ

ਸੱਤਾ ਦੀਆਂ ਕੁਰਸੀਆਂ ਦੀ ਭੁੱਖ ਨੇ
ਭ੍ਰਿਸ਼ਟ ਰਾਜਨੀਤੀਵਾਨਾਂ ਤੋਂ, ਇਹ ਕੁਕਰਮ
ਬਾਰ ਬਾਰ, ਕਰਵਾਇਆ ਹੈ

ਰਾਜਸਿੰਘਾਸਨ ਉੱਤੇ ਬੈਠੀਆਂ, ਗਿਰਝਾਂ ਨੇ
ਮਾਸੂਮ, ਬੇਗੁਨਾਹ, ਲੋਕਾਂ ਦੀਆਂ ਲਾਸ਼ਾਂ ਦਾ
ਮੁੜ, ਮੁੜ, ਅੰਬਾਰ ਲਗਾਇਆ ਹੈ

ਰਾਜਨੀਤੀ, ਜਦ, ਜਦ, ਵੀ
ਮੁਸ਼ਕ ਮਾਰੇਗੀ–
ਮਨੁੱਖੀ ਇਤਿਹਾਸ ਦੀ ਫਿਤਰਤ
ਇਹ ਦ੍ਰਿਸ਼, ਮੁੜ, ਮੁੜ ਦੁਹਰਾਵੇਗੀ
■

(ਮਾਲਟਨ, ਫਰਵਰੀ 27, 2026)

ਚਾਪਲੂਸ ਸਮਿਆਂ ਦੀ ਕਥਾ

ਚਾਪਲੂਸ ਸਮਿਆਂ ਵਿੱਚ
ਸਾਹਿਤਕਾਰਾਂ ਦਾ ਕੰਮ
ਹਕੂਮਤ ਦੇ ਅਹਿਲਕਾਰ, ਸਾਹਿਤਕ ਮਹੰਤਾਂ ਨੂੰ
ਦੁਆ-ਸਲਾਮ ਕਰਨਾ, ਉਨ੍ਹਾਂ ਦੀ
ਜੀ ਹਜ਼ੂਰੀ ਕਰਨ ਤੱਕ ਹੀ
ਸੀਮਿਤ ਹੋ ਕੇ ਰਹਿ ਜਾਂਦਾ ਹੈ

ਦੁਆ-ਸਲਾਮ ਦੀ ਪੱਧਰ ਦਾ
ਅਨੁਮਾਨ ਲਗਾ ਕੇ ਹੀ, ਅਹਿਲਕਾਰ ਸਾਹਿਤਕ ਮਹੰਤ
ਫੈਸਲਾ ਕਰਦੇ ਹਨ, ਕਿਸੀ
ਸਾਹਿਤਕਾਰ ਨੂੰ, ਕਿਸੀ
ਸਾਹਿਤਕ ਸਮਾਰੋਹ ਦਾ
-ਪ੍ਰਧਾਨਗੀ ਅਹੁਦਾ ਸੌਂਪਣਾ ਹੈ
-ਸਵਾਗਤੀ ਅਹੁਦਾ ਸੌਂਪਣਾ ਹੈ
-ਆਲੋਚਨਾਤਮਿਕ ਅਹੁਦਾ ਸੌਂਪਣਾ ਹੈ

ਦੁਆ-ਸਲਾਮ ਦੀ ਪੱਧਰ ਦਾ
ਅਨੁਮਾਨ ਲਗਾ ਕੇ ਹੀ, ਅਹਿਲਕਾਰ ਸਾਹਿਤਕ ਮਹੰਤ
ਫੈਸਲਾ ਕਰਦੇ ਹਨ, ਕੋਈ
ਸਾਹਿਤਕਾਰ, ਕਿਸੀ
ਸਮਾਰੋਹ ਵਿੱਚ
-ਖੋਜ-ਪੱਤਰ ਪੇਸ਼ ਕਰੇਗਾ
-ਪੈਨਲ ਵਿਚਾਰ ਚਰਚਾ ਵਿੱਚ ਹਿੱਸਾ ਲਵੇਗਾ
-ਸਾਹਿਤਕ ਸਮਾਰੋਹ ਦਾ ਮੰਚ ਸੰਚਾਲਨ ਕਰੇਗਾ

ਦੁਆ-ਸਲਾਮ ਦੀ ਪੱਧਰ ਦਾ
ਅਨੁਮਾਨ ਲਗਾ ਕੇ ਹੀ, ਅਹਿਲਕਾਰ ਸਾਹਿਤਕ ਮਹੰਤ
ਫੈਸਲਾ ਕਰਦੇ ਹਨ, ਕਿਸੀ
ਸਾਹਿਤਕਾਰ ਨੂੰ, ਕੋਈ
-ਸਿਰੋਪਾਓ ਮਿਲੇਗਾ
-ਸਨਮਾਨ ਮਿਲੇਗਾ
-ਐਵਾਰਡ ਮਿਲੇਗਾ

ਚਾਪਲੂਸ ਸਮਿਆਂ ਵਿੱਚ
ਹਕੂਮਤ ਦੇ ਅਹਿਲਕਾਰ, ਸਾਹਿਤਕ ਮਹੰਤਾਂ ਨੂੰ
ਇਸ ਗੱਲ ਦਾ, ਕੋਈ
ਫਿਕਰ ਨਹੀਂ ਹੁੰਦਾ
ਸਾਹਿਤਕਾਰ ਦੀਆਂ ਸਾਹਿਤਕ ਰਚਨਾਵਾਂ
-ਮਿਆਰੀ ਹਨ
-ਲੋਕ ਮਸਲਿਆਂ ਦੀ ਪੇਸ਼ਕਾਰੀ ਕਰਦੀਆਂ ਹਨ
-ਪੜ੍ਹਨ ਯੋਗ ਹਨ
-ਮਾਂ ਬੋਲੀ ਪੰਜਾਬੀ ਦਾ ਮਾਣ ਵਧਾਉਂਦੀਆਂ ਹਨ

ਚਾਪਲੂਸ ਸਮਿਆਂ ਵਿੱਚ
ਹਕੂਮਤ ਦੇ ਅਹਿਲਕਾਰ, ਸਾਹਿਤਕ ਮਹੰਤਾਂ ਨੂੰ
ਮਹਿਜ਼, ਇਹੀ ਦੇਖਣਾ ਹੁੰਦਾ ਹੈ-
ਦੁਆ-ਸਲਾਮ ਕਰ ਰਿਹਾ
ਸਾਹਿਤਕਾਰ, ਸਾਡੇ
-ਧੜੇ ਦਾ ਬੰਦਾ ਹੈ ਜਾਂ ਨਹੀਂ
-ਸਾਡੀ ਹਾਂ ਵਿੱਚ ਹਾਂ ਮਿਲਾਂਦਾ ਹੈ ਜਾਂ ਨਹੀਂ
-ਸਾਡੀ ਖੁਸ਼ਾਮਦ ਵਿੱਚ ਲਿਖਤਾਂ ਲਿਖਦਾ ਹੈ ਜਾਂ ਨਹੀਂ

ਚਾਪਲੂਸ ਸਮਿਆਂ ਦੀ ਕਥਾ
ਇਤਿਹਾਸ ਦੇ, ਹਰ ਦੌਰ ਵਿੱਚ ਹੀ
ਲਿਖੀ ਜਾਂਦੀ ਹੈ

ਇਤਿਹਾਸ ਦੇ, ਹਰ ਦੌਰ ਵਿੱਚ ਹੀ
ਦਰਬਾਰੀ ਸਾਹਿਤਕਾਰਾਂ ਦੀ ਭੂਮਿਕਾ
ਲੋਕ ਚਰਚਾ ਦਾ ਵਿਸ਼ਾ ਬਣਦੀ ਹੈ

■

(ਮਾਲਟਨ, ਫਰਵਰੀ 28, 2026)

ਜੁੰਡਲੀ

ਉਨ੍ਹਾਂ, ਆਖਿਆ:
ਅਸੀਂ, ਸ਼ਹਿਰ ਦੇ
ਮੋਹਤਬਰ ਸਾਹਿਤਕਾਰ ਹਾਂ
ਸਾਡੇ, ਕਹੇ ਬਿਨਾ
ਸਾਹਿਤਕ ਪੱਤਾ ਵੀ ਨਹੀਂ
ਹਿੱਲ ਸਕਦਾ–

ਉਨ੍ਹਾਂ, ਆਖਿਆ:
ਸਾਡੀ, 'ਜੁੰਡਲੀ' ਹੀ
ਫੈਸਲੇ ਕਰੇਗੀ, ਸਰਕਾਰੀ ਗ੍ਰਾਂਟਾਂ ਦੀ ਥੈਲੀ
ਸਾਡੇ, ਕਿਸ ਕਿਸ ਝੋਲੀਚੁੱਕ ਦੇ
ਹਿੱਸੇ ਆਵੇਗੀ

ਉਨ੍ਹਾਂ, ਆਖਿਆ:
ਅਸੀਂ ਹੀ, ਫੈਸਲਾ ਕਰਾਂਗੇ
ਸਾਹਿਤਕ ਸਮਾਰੋਹਾਂ ਦੇ, ਪ੍ਰਧਾਨਗੀ ਮੰਡਲਾਂ ਵਿੱਚ
ਸਾਡਾ, ਕਿਹੜਾ ਕਿਹੜਾ, ਗੜਵੱਈਆ
ਮੰਚ ਉੱਤੇ ਲੱਗੀਆਂ, ਕੁਰਸੀਆਂ ਉੱਤੇ
ਸਸ਼ੋਭਤ ਹੋਵੇਗਾ

ਉਨ੍ਹਾਂ, ਆਖਿਆ:
ਅਸੀਂ ਹੀ, ਐਲਾਨ ਕਰਾਂਗੇ
ਸਾਹਿਤਕ ਆਲੋਚਨਾਤਮਿਕ ਨਿਬੰਧਾਂ ਵਿੱਚ
ਸਾਡੇ ਆਲੋਚਕਾਂ ਨੇ, ਕਿਸ ਕਿਸ

ਸਾਹਿਤਕਾਰ ਨੂੰ ਬੁਲੰਦੀਆਂ ਉੱਤੇ ਪਹੁੰਚਾਉਣਾ ਹੈ
ਕਿਸ ਕਿਸ, ਸਾਹਿਤਕਾਰ ਨੂੰ
ਧਰਤੀ ਉੱਤੇ ਡੇਗਣਾ ਹੈ

ਉਨ੍ਹਾਂ, ਆਖਿਆਃ
ਅਸੀਂ ਹੀ, ਸਭ, ਸਾਹਿਤਕ ਐਵਾਰਡਾਂ ਦੀ ਚੋਣ ਕਰਾਂਗੇ
ਅਸੀਂ, ਸਭ, ਸਾਹਿਤਕ ਐਵਾਰਡ
ਉਨ੍ਹਾਂ, ਸਾਹਿਤਕਾਰਾਂ ਦੀ ਝੋਲੀ ਹੀ ਪਾਵਾਂਗੇ
ਜੋ, ਸਾਡੀ, ਧੜੇਬੰਦੀ ਦੀ
ਦਿਨ ਰਾਤ, ਜੈ ਜੈ ਕਾਰ ਕਰਨਗੇ

ਉਨ੍ਹਾਂ, ਆਖਿਆਃ
ਅਸੀਂ ਹੀ, ਪੁਸਤਕਾਂ ਦਾ ਨਿਰੀਖਣ ਕਰਾਂਗੇ
ਅਸੀਂ, ਵਿਸ਼ਵ-ਵਿਦਿਆਲਿਆਂ ਵਿੱਚ
ਉਨ੍ਹਾਂ, ਸਾਹਿਤਕਾਰਾਂ ਦੀਆਂ ਪੁਸਤਕਾਂ ਹੀ
ਪੜ੍ਹਾਵਾਂਗੇ, ਜੋ, ਸਾਡੀ
'ਜੁੰਡਲੀ' ਦੇ ਸਾਹਿਤਕਾਰਾਂ ਦੀਆਂ ਪੁਸਤਕਾਂ ਦੀ ਹੀ
ਸਿਫਤ ਸਲਾਹੁਤਾ ਕਰਨਗੇ

ਉਨ੍ਹਾਂ, ਆਖਿਆਃ
ਅਸੀਂ ਹੀ, ਰੁਜ਼ਗਾਰ ਦੇਵਾਂਗੇ
ਅਸੀਂ, ਕਾਲਿਜਾਂ, ਯੂਨੀਵਰਸਿਟੀਆਂ, ਸੰਸਥਾਵਾਂ, ਲਈ
ਉਨ੍ਹਾਂ ਲੋਕਾਂ ਨੂੰ ਹੀ ਭਰਤੀ ਕਰਾਂਗੇ
ਜੋ, ਸਾਡੇ ਹੀ ਚੇਲੇ/ਚੇਲੀਆਂ
ਜਾਂ, ਸਾਡੇ, ਸ਼ੁਭ-ਚਿੰਤਕ ਹੋਣਗੇ

ਉਨ੍ਹਾਂ, ਆਖਿਆਃ
ਅਸੀਂ, ਸ਼ਹਿਰ ਦੇ
ਮੋਹਤਬਰ ਸਾਹਿਤਕਾਰ ਹਾਂ
ਸਾਡੇ, ਕਹੇ ਬਿਨਾ
ਸਾਹਿਤਕ ਪੱਤਾ ਵੀ ਨਹੀਂ
ਹਿੱਲ ਸਕਦਾ–

ਅਸੀਂ, ਜੁੰਡਲੀਬਾਜ਼
ਆਪਣੇ, ਇਨ੍ਹਾਂ, ਵਿਚਾਰਾਂ ਦਾ
ਅਹਿਸਾਸ, ਹਰ ਕਿਸੀ ਨੂੰ
–ਆਪਣੀਆਂ, ਸਾਜ਼ਿਸ਼ੀ
ਜੁਗਤਾਂ ਰਾਹੀਂ ਕਰਾਵਾਂਗੇ
–ਆਪਣੀਆਂ, ਮੁਖੌਟਾਧਾਰੀ
ਹਰਕਤਾਂ ਰਾਹੀਂ ਕਰਾਵਾਂਗੇ
–ਆਪਣੀਆਂ, ਝੂਠੀਆਂ
ਲਿਖਤਾਂ ਰਾਹੀਂ ਕਰਾਵਾਂਗੇ
■

(ਮਾਲਟਨ, ਨਵੰਬਰ 9, 2025)

ਸਾਡੇ ਸਮਿਆਂ ਦੇ ਕਵੀ

ਸਾਡੇ ਸਮਿਆਂ ਦੇ ਕਵੀ
ਜਦੋਂ, ਸ਼ਾਮ ਸਮੇਂ
ਦੋ ਕੁ ਪੈੱਗ ਵਿਸਕੀ ਦੇ
ਪੀ ਲੈਂਦੇ ਹਨ, ਤਾਂ
ਉਨ੍ਹਾਂ ਨੂੰ, ਝੱਟ
ਮਹਾਤਮਾ ਬੁੱਧ ਦੀ ਯਾਦ
ਆਉਣ ਲੱਗਦੀ ਹੈ–

ਉਹ, ਆਪਣੇ ਆਪ ਨੂੰ
ਬੁੱਧ ਸਮਝ, ਜ਼ਿੰਦਗੀ ਜਿਉਣ ਬਾਰੇ
ਲੰਬੇ ਲੰਬੇ, ਵਿਖਿਆਨ
ਕਰਨ ਲੱਗਦੇ ਹਨ

ਪਰ, ਜਦੋਂ, ਉਹ
ਤੰਦੂਰੀ ਮੁਰਗੇ ਦੀਆਂ
ਦੋ ਕੁ ਲੱਤਾਂ ਵੀ
ਹਜ਼ਮ ਕਰ ਜਾਂਦੇ ਹਨ, ਤਾਂ
ਉਹ, ਯਸ਼ੋਧਰਾ ਬਾਰੇ ਵੀ
ਗੱਲਾਂ ਕਰਨ ਲੱਗਦੇ ਹਨ

ਮਹਿਲਾਂ ਵਰਗੀਆਂ, ਕੋਠੀਆਂ ਦਾ
ਆਨੰਦ ਮਾਣਦੇ, ਮਹਿੰਗੀਆਂ ਕਾਰਾਂ 'ਚ
ਰਾਤ ਦਿਨ, ਝੂਟੇ ਲੈਂਦੇ, ਸੱਤ ਸਤਾਰਾ ਹੋਟਲਾਂ 'ਚ
ਸਾਹਿਤ ਅਕਾਦਮੀਆਂ ਦੇ ਸੱਦਾ–ਪੱਤਰਾਂ ਉੱਤੇ

ਸ਼ਾਹੀ ਭੋਜਨਾਂ ਦੇ ਸਵਾਦ ਚੱਖਦਿਆਂ
ਉਨ੍ਹਾਂ ਨੂੰ, ਅਕਸਰ, ਬਾਬਾ ਨਾਨਕ ਦੀਆਂ
ਉਦਾਸੀਆਂ ਵੀ ਯਾਦ ਆਉਂਦੀਆਂ ਹਨ

ਫਿਰ, ਉਹ, ਲੋਰ ਵਿੱਚ ਆ ਕੇ
ਚਮਕੌਰ ਦੀ ਗੜ੍ਹੀ ਵਿੱਚ
ਗੁਰੂ ਗੋਬਿੰਦ ਸਿੰਘ ਵੱਲੋਂ, ਲੜੇ ਯੁੱਧ ਨੂੰ ਵੀ
ਯਾਦ ਕਰਦੇ ਹਨ, ਗੁਰੂ ਤੇਗ ਬਹਾਦਰ ਦੀ ਮਹਾਨ
ਕੁਰਬਾਨੀ ਅੱਗੇ ਵੀ ਨਤਮਸਤਕ ਹੁੰਦੇ ਹਨ

ਪਰ, ਜਦੋਂ, ਉਹ
ਵਿਸਕੀ ਦਾ ਤੀਜਾ-ਚੌਥਾ
ਪੈੱਗ ਵੀ ਡੀਕ ਜਾਂਦੇ ਹਨ, ਤਾਂ
ਉਨ੍ਹਾਂ ਨੂੰ, ਪਤਾ ਨਹੀਂ ਕਿਵੇਂ
ਅਚਾਨਕ, ਸ਼ਹਿਰ ਵਿੱਚ
ਘਰਾਂ, ਦਫਤਰਾਂ, ਰੇਡੀਓ ਸਟੇਸ਼ਨਾਂ, ਪਟਰੋਲ ਪੰਪਾਂ, ਉੱਤੇ
ਗੈਂਗਸਟਰਾਂ ਵੱਲੋਂ ਕੀਤੀ ਜਾ ਰਹੀ, ਅੰਧਾਧੁੰਦ
ਗੋਲੀਆਂ ਦੀ ਬਰਸਾਤ ਵੀ ਯਾਦ ਆਉਂਦੀ ਹੈ

ਉਦੋਂ ਹੀ, ਉਨ੍ਹਾਂ ਨੂੰ
ਕਬੱਡੀ ਖੇਡ ਮੈਦਾਨਾਂ ਵਿੱਚ
ਗੈਂਗਸਟਰਾਂ ਵੱਲੋਂ ਲੜਿਆ ਜਾ ਰਿਹਾ
ਗੈਂਗ-ਯੁੱਧ ਵੀ ਯਾਦ ਆਉਂਦਾ ਹੈ

ਉਦੋਂ ਹੀ, ਉਨ੍ਹਾਂ ਨੂੰ
ਪਿੰਡਾਂ, ਸ਼ਹਿਰਾਂ, ਖੇਤਾਂ, ਚੌਰਸਤਿਆਂ, ਵਿੱਚ
ਚਿੱਟੇ ਨਸ਼ੇ ਦੇ ਟੀਕੇ ਲਗਾ ਲਗਾ ਕੇ ਮਰ ਰਹੇ
ਨੌਜਵਾਨ, ਮੁੰਡਿਆਂ, ਕੁੜੀਆਂ, ਦੀਆਂ
ਲਾਸ਼ਾਂ ਦੇ ਅੰਬਾਰ ਵੀ ਯਾਦ ਆਉਂਦੇ ਹਨ

ਪਰ, ਉਦੋਂ ਤੱਕ
ਉਨ੍ਹਾਂ ਦੀ, ਮਦਹੋਸ਼ੀ
ਇਸ ਹੱਦ ਤੱਕ
ਵੱਧ ਚੁੱਕੀ ਹੁੰਦੀ ਹੈ

ਉਹ, ਬਸ
ਦੋਨੋਂ, ਹੱਥ ਜੋੜ ਕੇ
ਇਹੀ ਕਹਿ ਸਕਦੇ ਹਨਃ
'ਸੱਚਾ ਪਾਤਸ਼ਾਹ, ਸਾਡੇ
ਸਭ ਉੱਤੇ ਮਿਹਰ ਕਰੇਗਾ'

ਅਗਲੇ ਪਲ, ਉਹ
ਗੂੜ੍ਹੀ ਨੀਂਦ ਵਿੱਚ ਗੁਆਚੇ
ਦੂਰ ਕਿਤੇ, ਵੱਜ ਰਹੇ
ਨਗਾਰੇ ਦੀ ਆਵਾਜ਼ ਵਾਂਗ
ਉੱਚੀ ਉੱਚੀ, ਘੁਰਾੜੇ
ਮਾਰ ਰਹੇ ਹੁੰਦੇ ਹਨ
■

(ਮਾਲਟਨ, ਦਸੰਬਰ 26, 2025)

ਸੱਚੇ ਪਾਤਸ਼ਾਹ ਦੀ ਮਿਹਰ

ਬਹੁਤ ਸਾਰੇ ਲੇਖਕ, ਤਾਂ
ਇਹ ਵੀ ਨਹੀਂ ਜਾਣਦੇ
ਉਹ, ਕਿਉਂ ਲਿਖਦੇ ਹਨ–

ਉਨ੍ਹਾਂ ਨੂੰ, ਜੇਕਰ, ਕਦੀ, ਕੋਈ
ਰੇਡੀਓ, ਟੀਵੀ, ਅਖਬਾਰ, ਮੈਗਜ਼ੀਨ, ਦਾ
ਪੱਤਰਕਾਰ, ਪੁੱਛ ਲਵੇ :
ਸ਼੍ਰੀ ਮਾਨ ਜੀ, ਕੀ ਤੁਸੀਂ
ਦਸ ਸਕਦੇ ਹੋ, ਤੁਸੀਂ
ਕਿਉਂ ਲਿਖਦੇ ਹੋ–

ਉਹ, ਪਹਿਲਾਂ, ਤਾਂ
ਇਹ, ਸੁਆਲ ਸੁਣ ਕੇ
ਕੁਝ ਦੇਰ ਤੱਕ, ਚੁੱਪੀ ਵੱਟੀ ਰੱਖਣਗੇ
ਫਿਰ, ਆਪਣੇ, ਚਿਹਰੇ ਉੱਤੇ
ਰੇਸ਼ਮੀ ਮੁਸਕਰਾਹਟ ਲਿਆ ਕੇ
ਉਹ, ਆਪਣੇ, ਮੂੰਹੋਂ
ਧੀਮੀ ਜਿਹੀ, ਆਵਾਜ਼ ਵਿੱਚ
ਇਹ, ਬੋਲ ਉਚਾਰਨਗੇ :
ਮੇਰੀਆਂ, ਲਿਖਤਾਂ ਵਿੱਚ
ਮੇਰੀ, ਤਾਂ, ਕੋਈ ਦੇਣ ਨਹੀਂ ਹੈ
ਇਹ, ਤਾਂ, ਬਸ
ਸੱਚੇ ਪਾਤਸ਼ਾਹ ਦੀ ਮਿਹਰ
ਹੀ ਹੁੰਦੀ ਹੈ, ਉਹੀ

ਮੇਰੇ ਕੋਲੋਂ, ਇਹ, ਸਭ
ਕਵਿਤਾ, ਕਹਾਣੀ, ਨਾਵਲ, ਨਾਟਕ
ਲਿਖਵਾ ਲੈਂਦਾ ਹੈ

ਫਿਰ, ਜਦੋਂ
ਉਨ੍ਹਾਂ ਨੂੰ, ਪੁੱਛਿਆ ਜਾਂਦਾ ਹੈ :
ਜੇਕਰ, ਇਨ੍ਹਾਂ, ਲਿਖਤਾਂ ਨੂੰ
ਲਿਖਣ ਵਿੱਚ, ਤੁਹਾਡਾ, ਆਪਣਾ
ਕੋਈ, ਯੋਗਦਾਨ ਹੀ ਨਹੀਂ ਹੈ, ਤਾਂ
ਤੁਸੀਂ, ਇਨ੍ਹਾਂ, ਸਭ ਕਿਤਾਬਾਂ ਉੱਤੇ
ਆਪਣਾ, ਨਾਮ ਕਿਉਂ ਲਿਖਦੇ ਹੋ

ਤਾਂ, ਉਸ ਸਮੇਂ
ਉਹ, ਬਸ, ਆਪਣੇ
ਲਹਿਜ਼ੇ ਵਿੱਚ, ਢੀਠਤਾ ਦਾ
ਪ੍ਰਗਟਾਵਾ ਕਰਦਿਆਂ
ਮਹਿਜ਼, ਇੰਨਾ ਕੁ ਹੀ
ਕਹਿਣ ਦੀ ਜੁਰਅੱਤ ਕਰਦੇ ਹਨ:
ਬਸ ਜੀ...ਬਸ ਜੀ...ਬਸ ਜੀ...
■

(ਮਾਲਟਨ, ਦਸੰਬਰ 28, 2025)

ਗਾਉਂਦਾ ਕਵੀ ਦਰਬਾਰ

ਹਕੂਮਤ ਦੇ, ਅਹਿਲਕਾਰਾਂ ਦੀ
ਜ਼ਿਦ ਸੀ, ਹਰ ਕਵੀ
ਤਰੰਨਮ ਵਿੱਚ ਹੀ, ਆਪਣੀ
ਨਜ਼ਮ ਪੇਸ਼ ਕਰੇਗਾ–

ਕਵੀ, ਵੀ, ਜਾਣਦੇ ਸਨ
ਹਕੂਮਤ ਦੇ, ਅਹਿਲਕਾਰਾਂ ਦੀ
ਮਰਜ਼ੀ ਨ ਮੰਨੀ, ਤਾਂ
ਰੰਗਦਾਰ ਨੋਟਾਂ ਵਾਲਾ ਲਿਫਾਫਾ
ਵਿਸਕੀ ਦੀ ਬੋਤਲ, ਤੰਦੂਰੀ ਮੁਰਗੇ ਦਾ ਤੋਹਫਾ
ਉਨ੍ਹਾਂ ਦੀ, ਝੋਲੀ ਨਹੀਂ ਪਵੇਗਾ

ਕਿਸੀ ਬਰਾਤ ਵਿੱਚ ਲਿਆਂਦੇ ਗਏ
ਕਿਰਾਏ ਦੇ, ਨਚਾਰਾਂ ਵਾਂਗ
ਕਵੀ ਵੀ, ਵਾਰੋ ਵਾਰੀ
ਸਟੇਜ ਉੱਤੇ ਲੱਗੇ, ਮਾਈਕ ਸਾਹਮਣੇ
ਖਲੋ, ਤਰੰਨਮ 'ਚ
ਨਜ਼ਮਾਂ ਪੜ੍ਹਨ ਲੱਗੇ

ਬਸ, ਤਰੰਨਮ 'ਚ
ਨਜ਼ਮਾਂ ਪੜ੍ਹਨ ਦੀ ਮਜਬੂਰੀ ਸੀ

ਜਿਵੇਂ, ਜਲਾਦ ਦੀ
ਤਲਵਾਰ ਉਨ੍ਹਾਂ ਦੇ ਸਿਰਾਂ ਉੱਤੇ
ਲਟਕ ਰਹੀ ਹੋਵੇ–

ਵਿਚਾਰੇ ਕਵੀ, ਮਜਬੂਰੀ ਵੱਸ
ਤਰੰਨਮ 'ਚ ਨਜ਼ਮਾਂ ਪੜ੍ਹਦੇ, ਇੰਝ
ਆਵਾਜ਼ਾਂ ਕੱਢ ਰਹੇ ਸਨ–
–ਜਿਵੇਂ, ਕੋਈ, ਫਟਿਆ ਬਾਂਸ ਹੋਵੇ
–ਜਿਵੇਂ, ਕੋਈ, ਬਿੱਲੀ ਰੋ ਰਹੀ ਹੋਵੇ
–ਜਿਵੇਂ, ਕੋਈ, ਭੇਡ ਮੈਂ ਮੈਂ ਕਰ ਰਹੀ ਹੋਵੇ
–ਜਿਵੇਂ, ਕੋਈ, ਬੱਕਰੀ ਮਿਨ ਮਿਨ ਕਰ ਰਹੀ ਹੋਵੇ
–ਜਿਵੇਂ, ਕੋਈ, ਕੁੱਤਾ ਭੌਂਕ ਰਿਹਾ ਹੋਵੇ
–ਜਿਵੇਂ, ਕੋਈ, ਮੱਝ ਅੜਿੰਗ ਰਹੀ ਹੋਵੇ
–ਜਿਵੇਂ, ਕੋਈ, ਗਧਾ ਢੀਂਚੂ ਢੀਂਚੂ ਕਰ ਰਿਹਾ ਹੋਵੇ

ਆਖਰ, ਮਜਬੂਰੀ
ਬੰਦੇ ਨੂੰ, ਉਹ, ਸਭ ਕੁਝ
ਕਰਨ ਲਈ, ਮਜਬੂਰ ਕਰ ਦਿੰਦੀ ਹੈ

ਜੋ, ਹੋਸ਼ ਹਵਾਸ ਵਿੱਚ
ਬੰਦਾ, ਕਦੀ, ਕਰਨ ਬਾਰੇ
ਸੋਚ ਵੀ ਨਹੀਂ ਸਕਦਾ
■

(ਮਾਲਟਨ, ਨਵੰਬਰ 23, 2025)

ਸਾਹਿਤ ਅਕੈਡਮੀਆਂ

ਸਾਹਿਤ ਅਕੈਡਮੀਆਂ, ਸਾਹਿਤਕਾਰਾਂ ਲਈ
ਸਾਹਿਤਕ ਮੱਠ ਹਨ–
ਜਿੱਥੇ, ਉਹ, ਖਾਸ ਮੌਕਿਆਂ ਉੱਤੇ
ਆਯੋਜਿਤ ਕੀਤੇ ਜਾਂਦੇ, ਸਾਹਿਤਕ ਸਮਾਰੋਹਾਂ ਵਿੱਚ
ਨਤਮਸਤਕ ਹੋਣ ਲਈ ਜਾਂਦੇ ਹਨ

ਜਿਵੇਂ ਕਿ, ਸਾਹਿਤ ਅਕੈਡਮੀਆਂ ਦੇ
ਅਹੁਦੇਦਾਰਾਂ ਦੀਆਂ ਸਾਲਾਨਾ ਚੋਣਾਂ–
ਇਹ ਚੋਣ ਸਰਗਰਮੀਆਂ, ਇੰਝ
ਆਯੋਜਿਤ ਕੀਤੀਆਂ ਜਾਂਦੀਆਂ ਹਨ
ਜਿਵੇਂ ਕਿਤੇ, ਦੇਸ਼ ਦੀ ਪਾਰਲੀਮੈਂਟ ਲਈ
ਮੈਂਬਰ ਚੁਣੇ ਜਾ ਰਹੇ ਹੋਣ
ਸਾਹਿਤਕਾਰਾਂ, ਬੁੱਧੀਜੀਵੀਆਂ, ਸੰਪਾਦਕਾਂ, ਪੱਤਰਕਾਰਾਂ, ਵੱਲੋਂ
ਚੋਣ ਲੜ ਰਹੇ, ਉਮੀਦਵਾਰਾਂ ਦੇ ਹੱਕ ਵਿੱਚ
ਸੋਸ਼ਲ ਮੀਡੀਆ ਉੱਤੇ, ਇਸ਼ਤਿਹਾਰਬਾਜ਼ੀ ਕੀਤੀ ਜਾਂਦੀ ਹੈ
ਉਮੀਦਵਾਰਾਂ ਦੀਆਂ ਤਾਰੀਫਾਂ ਦੇ ਪੁਲ ਬੰਨ੍ਹੇ ਜਾਂਦੇ ਹਨ
ਸਾਹਿਤਕਾਰਾਂ ਵੱਲੋਂ, ਆਪਣੇ, ਆਪਣੇ, ਧੜੇ ਦੇ
ਉਮੀਦਵਾਰਾਂ ਦੀ ਚਮਚਾਗਿਰੀ ਕਰਨ ਦੀਆਂ
ਸਭ ਸੀਮਾਵਾਂ ਪਾਰ ਕਰਕੇ, ਸੋਹਲੇ ਗਾਏ ਜਾਂਦੇ ਹਨ

ਚੋਣ ਸਮਾਪਤੀ ਤੋਂ ਬਾਅਦ
ਜਿੱਤ ਸਮਾਰੋਹ ਆਯੋਜਿਤ ਕੀਤੇ ਜਾਂਦੇ ਹਨ
ਵਿਸਕੀ, ਵਾਈਨ, ਬੀਅਰ, ਦੀਆਂ ਬੋਤਲਾਂ ਦੇ ਡੱਟ
ਇੰਝ, ਖੁੱਲ੍ਹਦੇ ਹਨ, ਜਿਵੇਂ

ਕੋਈ, ਵਿਆਹ ਸਮਾਰੋਹ ਹੋ ਰਿਹਾ ਹੋਵੇ
ਢੋਲ ਵੱਜਦੇ ਹਨ, ਭੰਗੜਾ ਪੈਂਦਾ ਹੈ
ਗਿੱਧੇ ਦੀਆਂ ਬੋਲੀਆਂ ਗੂੰਜਦੀਆਂ ਹਨ
ਤੰਦੂਰੀ ਮੁਰਗੇ, ਮੱਛੀ, ਬੱਕਰੇ ਦੇ ਮੀਟ ਦੀ
ਖੁਸ਼ਬੋ, ਹਰ ਪਾਸੇ, ਫੈਲਣ ਲੱਗਦੀ ਹੈ

ਪਰ, ਸਾਹਿਤ ਅਕੈਡਮੀਆਂ ਦੇ, ਇਹ
ਚੁਣੇ ਹੋਏ ਅਹਿਲਕਾਰ, ਕਦੀ ਵੀ
ਅਜਿਹੇ ਮੌਕਿਆਂ ਉੱਤੇ, ਆਪਣੇ
ਮੂੰਹੋਂ, ਨਹੀਂ ਬੋਲਦੇ–
–ਸਾਹਿਤਕ ਭ੍ਰਿਸ਼ਟਾਚਾਰ ਕੋਹੜ ਵਾਂਗੂੰ ਫੈਲ ਰਿਹਾ ਹੈ
–ਨਸ਼ਿਆਂ ਦੇ ਛੇਵੇਂ ਦਰਿਆ ਵਿੱਚ ਨੌਜੁਆਨ ਡੁੱਬ ਰਹੇ ਹਨ
–ਅਮਰੀਕਾ, ਇਜ਼ਰਾਈਲ, ਵਰਗੇ ਦੇਸ਼ ਦੁਨੀਆ ਨੂੰ
ਤੀਜੇ ਵਿਸ਼ਵ-ਯੁੱਧ ਵੱਲ ਧਕੇਲ ਰਹੇ ਹਨ
–ਸਾਹਿਤਕਾਰਾਂ ਵਿੱਚ ਫੈਲ ਰਹੀ ਬੌਧਿਕ ਕੰਗਾਲੀ ਸਾਹਿਤ ਵਿੱਚ
ਖੜੋਤ ਪੈਦਾ ਕਰੇਗੀ
–ਗੈਂਗਸਟਰ ਪੰਜਾਬੀ ਗਾਇਕੀ ਪੰਜਾਬੀ ਸਭਿਆਚਾਰ ਨੂੰ
ਤਬਾਹੀ ਵੱਲ ਲਿਜਾ ਰਹੀ ਹੈ
–ਰਾਜਨੀਤੀਵਾਨ ਵਿਧਾਨ ਸਭਾਵਾਂ ਵਿੱਚ ਗੈਂਗਸਟਰਾਂ ਵਾਂਗ
ਵਰਤਾਓ ਕਰ ਰਹੇ ਹਨ

ਅਜੋਕੇ ਸਮਿਆਂ ਵਿੱਚ, ਸਾਹਿਤ ਅਕੈਡਮੀਆਂ
ਆਪਣੇ, ਆਪਣੇ, ਧੜੇ ਦੀ ਤਾਕਤ ਦਾ ਮੁਜਾਹਰਾ ਕਰਨ
ਆਪਣੇ, ਆਪਣੇ, ਧੜੇ ਦੇ
ਸਾਹਿਤਕਾਰਾਂ, ਬੁੱਧੀਜੀਵੀਆਂ, ਪੱਤਰਕਾਰਾਂ, ਦੇ ਗਲਾਂ ਵਿੱਚ
ਸਿਰੋਪਾਓ ਪਾਉਣ, ਐਵਾਰਡ ਦੇਣ, ਤੋਂ ਸਿਵਾਏ

ਹੋਰ ਕੁਝ ਵੀ ਸਾਰਥਿਕ
ਕਰਨ ਦੇ ਯੋਗ ਨਹੀਂ ਰਹਿ ਗਈਆਂ

ਸ਼ਾਇਦ, ਸਾਡੇ ਸਮਿਆਂ ਵਿੱਚ
ਇਸ ਨੂੰ ਹੀ, ਲੋਕ
ਸਾਹਿਤਕ ਰਾਜਨੀਤੀ ਦਾ
ਨਾਮ ਦਿੰਦੇ ਹਨ
■

(ਮਾਲਟਨ, ਮਾਰਚ 14, 2026)

ਵਾਹ ਜੀ ਵਾਹ

ਫੇਸਬੁੱਕ ਉੱਤੇ
ਹੁਣ, ਭਾਵੇਂ, ਜੋ ਮਰਜ਼ੀ
ਊਲ-ਜਲੂਲ ਲਿਖਤ ਲਗਾ ਦਿਓ-
ਵਾਹ ਜੀ ਵਾਹ
ਕਰਨ ਵਾਲਿਆਂ ਦੀ
ਲੰਬੀ ਕਤਾਰ ਲੱਗ ਜਾਵੇਗੀ

ਵਾਹ ਜੀ ਵਾਹ
ਕਰਨ ਵਾਲਿਆਂ ਦੀ
ਇਹ, ਖੋਖਲੀ ਭੀੜ
ਅਨੇਕਾਂ ਵਾਰ, ਵਾਹ ਜੀ ਵਾਹ
ਕਹਿਣ ਲਈ, ਏਨੀ ਕਾਹਲ ਵਿੱਚ
ਹੁੰਦੀ ਹੈ, ਉਹ
ਇਹ ਵੀ ਨਹੀਂ ਦੇਖਦੀ-
ਇਹ ਲਿਖਤ, ਕਿਸੀ ਦੀ
ਮੌਤ ਦੀ ਖਬਰ ਹੈ ਜਾਂ
ਕਿਸੀ ਦੀ, ਕੋਈ, ਵੱਡੀ
ਪ੍ਰਾਪਤੀ ਦੀ ਖਬਰ ਹੈ
ਕਿਸੀ, ਡਰੱਗ ਸਮੱਗਲਰ ਦੇ
ਮਾਰੇ ਜਾਣ ਦੀ ਖਬਰ ਹੈ
ਜਾਂ, ਉਸ ਦੇ, ਜੇਹਲ 'ਚੋਂ
ਸਲਾਖਾਂ ਤੋੜ ਕੇ
ਭੱਜ ਜਾਣ ਦੀ ਖਬਰ ਹੈ

ਵਾਹ ਜੀ ਵਾਹ
ਕਰਨ ਵਾਲੇ, ਤਾਂ, ਕਿਸੇ
ਸੰਤ ਬਾਬੇ, ਵੱਲੋਂ ਕੀਤੇ ਗਏ
ਕਿਸੀ ਬਾਲੜੀ ਦੇ
ਬਲਾਤਕਾਰ ਕਰਨ ਦੀ
ਖਬਰ ਪੜ੍ਹ ਕੇ ਵੀ
ਖੁਸ਼ੀ ਦਾ ਇਜ਼ਹਾਰ
ਕਰ ਜਾਂਦੇ ਹਨ

ਵਾਹ ਜੀ ਵਾਹ
ਕਰਨ ਵਾਲਿਆਂ ਵਿੱਚ
ਸਾਹਿਤਕ ਭੇਡਾਂ ਦੀ
ਭੀੜ ਵੀ ਸ਼ਾਮਿਲ ਹੈ–
ਜੋ, ਮਹਿਜ਼
ਕਿਸੀ ਦੀ, ਤਸਵੀਰ ਦੇਖ ਕੇ ਹੀ
ਵਾਹ ਜੀ ਵਾਹ ਲਿਖ ਕੇ
ਸੁਰਖੁਰੂ ਹੋ ਜਾਂਦੀ ਹੈ

ਭਾਵੇਂ, ਉਸ ਤਸਵੀਰ ਦੇ ਨਾਲ
ਕਿਸੀ ਨੇ, ਮਾਵਾਂ, ਧੀਆਂ, ਭੈਣਾਂ, ਦੀਆਂ
ਲੁੱਚੀਆਂ, ਗਾਹਲਾਂ ਹੀ ਕਿਉਂ ਨ ਲਿਖੀਆਂ ਹੋਣ
ਜਾਂ, ਆਪਣੀ, ਕਿਸੀ ਗਰਲਫਰੈਂਡ
ਬੁਆਏਫਰੈਂਡ ਨੂੰ, ਕਿੱਲੋ ਕਿੱਲੋ ਭਾਰ ਦੀਆਂ
ਲਾਹਨਤਾਂ ਹੀ ਪਾਈਆਂ ਹੋਣ

ਫੇਸਬੁੱਕ ਉੱਤੇ
ਵਾਹ ਜੀ ਵਾਹ

ਕਰਨ ਵਾਲਿਆਂ ਵਿੱਚ
ਧਰਮੀ ਯੋਧਿਆਂ ਦੀਆਂ
ਲੰਬੀਆਂ, ਕਤਾਰਾਂ ਵੀ ਹੁੰਦੀਆਂ ਹਨ
ਜੋ, ਆਪਣੇ ਆਪ ਨੂੰ, ਵੱਡੇ
ਧਰਮੀ ਯੋਧੇ ਸਿੱਧ ਕਰਨ ਲਈ
ਗੱਲ ਗੱਲ ਵਿੱਚ, ਗੁਰੂਘਰ, ਗੁਰੂਘਰ
ਕਰਦੇ ਥੱਕਦੇ ਨਹੀਂ–
ਪਰ, ਪਲਾਂ, ਛਿਣਾਂ, ਵਿੱਚ ਹੀ
ਆਪਣੇ, ਮੁਖਾਰਬਿੰਦ 'ਚੋਂ
ਲੁੱਚੀਆਂ, ਗਾਹਲਾਂ ਦੀ
ਬਰਖਾ ਕਰਨ ਲੱਗਦੇ ਹਨ

ਵਾਹ ਜੀ ਵਾਹ
ਕਰਨ ਵਾਲਿਆਂ ਦਾ
ਇਹ, ਖੋਖਲਾ ਕਲਚਰ
ਦਰਅਸਲ–
ਸਾਡੇ, ਅੰਦਰਲੇ, ਖੋਖਲੇਪਣ ਦੀ ਹੀ
ਤਸਵੀਰ ਪੇਸ਼ ਕਰਦਾ ਹੈ
■

(ਮਾਲਟਨ, ਸਤੰਬਰ 28, 2025)

ਜਾਨਵਰਾਂ ਦੀ ਆਜ਼ਾਦੀ

ਹਿੰਦੁਸਤਾਨ, ਇੱਕ ਧਰਮੀ ਦੇਸ਼ ਹੈ
ਜਿੱਥੇ, ਜਾਨਵਰਾਂ ਨੂੰ ਵੀ
ਹਰ ਤਰ੍ਹਾਂ ਦੀ, ਪੂਰੀ
ਆਜ਼ਾਦੀ ਹੈ–

ਬਾਂਦਰ, ਕੁੱਤੇ, ਗਾਵਾਂ, ਸਾਨ੍ਹ, ਸੂਰ
ਪੂਰੀ ਆਜ਼ਾਦੀ ਨਾਲ
ਸ਼ਹਿਰ ਦੀਆਂ, ਗਲੀਆਂ, ਬਾਜ਼ਾਰਾਂ, ਚੌਰਸਤਿਆਂ, 'ਚ
ਘੁੰਮ ਸਕਦੇ ਹਨ, ਖੌਰੂ ਪਾ ਸਕਦੇ ਹਨ
ਖੁਫੀਆ ਏਜੰਸੀਆਂ ਦੇ, ਏਜੰਟਾਂ ਵਾਂਗ
ਉਹ, ਕਿਸੀ ਵੀ ਘਰ ਵਿੱਚ ਵੀ
ਆਪਣੀ, ਧੌਂਸ ਦਿਖਾ ਕੇ
ਵੜ ਸਕਦੇ ਹਨ

ਰਾਜਨੀਤੀਵਾਨਾਂ ਨੇ, ਕੁੱਤਿਆਂ ਨੂੰ
ਏਨੀ, ਆਜ਼ਾਦੀ ਦੇ ਰੱਖੀ ਹੈ
ਉਹ, ਚੁੱਪ ਚਾਪ, ਹਸਪਤਾਲਾਂ 'ਚ ਵੜ
ਨਵ–ਜੰਮੇ ਬੱਚਿਆਂ ਨੂੰ, ਆਪਣੇ
ਮੂੰਹਾਂ ਵਿੱਚ ਪਾ ਕੇ, ਚੁੱਕ ਲਿਜਾਂਦੇ ਹਨ
ਨਵ–ਜੰਮੇ, ਬੱਚਿਆਂ ਦਾ ਮਾਸ
ਸੁਆਦ ਲੈ ਲੈ, ਖਾਂਦੇ ਹਨ

ਉਹ, ਸੜਕਾਂ ਉੱਤੇ, ਤੁਰੇ ਜਾਂਦੇ
ਨਿੱਕੇ ਨਿੱਕੇ, ਬੱਚਿਆਂ ਨੂੰ

ਆਪਣੇ, ਤਿੱਖੇ, ਦੰਦਾਂ ਨਾਲ, ਨੋਚ ਨੋਚ ਕੇ
ਉਨ੍ਹਾਂ ਦੇ, ਜਿਸਮ ਚੀਥੜਾ ਚੀਥੜਾ ਕਰ ਦਿੰਦੇ ਹਨ

ਉਹ, ਪਾਰਕਾਂ ਵਿੱਚ ਬੈਠੇ
ਖੁੱਲ੍ਹੀਆਂ, ਹਵਾਵਾਂ, ਹਰਿਆਲੀ ਦੀ ਤਾਜ਼ਗੀ, ਮਾਣ ਰਹੇ
ਬਜ਼ੁਰਗਾਂ ਦੀਆਂ, ਲੱਤਾਂ, ਬਾਹਾਂ, ਵਿੱਚ
ਆਪਣੇ, ਤਿੱਖੇ ਦੰਦ ਖੋਭ ਕੇ
ਉਨ੍ਹਾਂ ਦਾ, ਜਿਉਣਾ
ਮੁਸ਼ਕਿਲ ਕਰ ਦਿੰਦੇ ਹਨ
ਗਾਵਾਂ, ਸਾਨ੍ਹ, ਤਾਂ
ਗਲੀਆਂ, ਬਾਜ਼ਾਰਾਂ, ਹਾਈਵੇ, ਨੂੰ
ਆਪਣੀ, ਮਾਲਕੀਅਤ ਹੀ ਸਮਝਦੇ ਹਨ–

ਗਲੀਆਂ, ਬਾਜ਼ਾਰਾਂ, ਵਿੱਚ
ਤੁਰੇ ਜਾ ਰਹੇ, ਕਿਸੇ ਵੀ
ਮਰਦ, ਔਰਤ, ਬੱਚੇ, ਬੁੱਢੇ, ਜੁਆਨ, ਨੂੰ
ਆਪਣੇ, ਸਿੰਗਾਂ ਉੱਤੇ ਚੁੱਕ ਕੇ
ਧਰਤੀ ਉੱਤੇ, ਪਟਕਾ ਪਟਕਾ ਕੇ
ਮਾਰਦੇ ਹਨ

ਕਾਰਾਂ, ਸਕੂਟਰਾਂ, ਮੋਟਰਸਾਈਕਲ, ਸਵਾਰਾਂ ਲਈ
ਤਾਂ, ਇਹ, ਮੁਸੀਬਤ ਬਣੇ ਹੀ ਰਹਿੰਦੇ ਹਨ–
ਅਨੇਕਾਂ ਲੋਕ, ਹਾਈਵੇ ਉੱਤੇ, ਇਨ੍ਹਾਂ ਜਾਨਵਰਾਂ ਨਾਲ
ਟਕਰਾ ਕੇ, ਮੌਤ ਦੇ ਮੂੰਹ ਵਿੱਚ ਚਲੇ ਜਾਂਦੇ ਹਨ

ਬਾਂਦਰ, ਤਾਂ, ਆਪਣੇ ਆਪ ਨੂੰ
ਕੋਈ, ਮਿਥਿਹਾਸਕ, ਦੇਵਤਾ ਹੀ ਸਮਝਦੇ ਹਨ–

ਉਨ੍ਹਾਂ ਨੂੰ, ਤਾਂ, ਹਕੂਮਤ ਵੱਲੋਂ
ਏਨੀ, ਆਜ਼ਾਦੀ ਮਿਲੀ ਹੋਈ ਹੈ
ਉਹ, ਦੇਸ ਦੀ, ਰਾਜਧਾਨੀ ਦਿੱਲੀ ਦੀਆਂ
ਯੂਨੀਵਰਸਿਟੀਆਂ, ਕਾਲਜਾਂ, ਸਕੂਲਾਂ, ਅਦਾਲਤਾਂ, ਧਰਮੀ ਸਥਾਨਾਂ
ਦੀਆਂ ਇਮਾਰਤਾਂ ਵਿੱਚ ਵੀ, ਬੇਖੌਫ਼
ਘੁੰਮਦੇ ਰਹਿੰਦੇ ਹਨ
ਜੋ ਚੀਜ਼, ਉਨ੍ਹਾਂ ਨੂੰ, ਚੰਗੀ ਲੱਗੇ
ਚੁੱਕ ਕੇ ਲੈ ਜਾਂਦੇ ਹਨ
ਕਿਉਂਕਿ, ਉਹ, ਜਾਣਦੇ ਹਨ
ਦੇਸ਼ ਦਾ, ਕੋਈ ਵੀ ਕਾਨੂੰਨ
ਉਨ੍ਹਾਂ ਉੱਤੇ, ਲਾਗੂ ਨਹੀਂ ਹੁੰਦਾ

ਧਰਮੀ ਦੇਸ਼ ਨੇ
ਜਾਨਵਰਾਂ ਨੂੰ, ਏਨੀ ਖੁੱਲ੍ਹ ਦੇ ਕੇ
ਮਨੁੱਖਾਂ ਨੂੰ, ਦੇਸ਼ ਦੇ, ਦੂਜੇ ਦਰਜੇ ਦੇ
ਸ਼ਹਿਰੀ ਬਣਾ ਦਿੱਤਾ ਹੈ

ਦੇਸ਼ ਦਾ, ਹਰ ਨਾਗਰਿਕ
ਜਾਨਵਰਾਂ ਤੋਂ, ਡਰ ਕੇ, ਆਪਣੀ
ਜ਼ਿੰਦਗੀ ਜਿਉਣ ਲਈ
ਮਜਬੂਰ ਹੋ ਚੁੱਕਾ ਹੈ

ਸੜਕਾਂ, ਘਰ, ਚੌਰਸਤੇ, ਹਾਈਵੇ
ਹਰ ਜਗ੍ਹਾ ਹੀ, ਜਾਨਵਰਾਂ ਦੀ ਹੀ
ਹਕੂਮਤ ਚਲਦੀ ਹੈ
■

(ਮਾਲਟਨ, ਨਵੰਬਰ 8, 2025)

ਗਾਵਾਂ, ਬਾਂਦਰਾਂ, ਕੁੱਤਿਆਂ, ਦਾ ਦੇਸ

ਇਸ, ਧਰਤੀ ਉੱਤੇ
ਇੱਕ, ਅਜਿਹਾ ਵੀ ਦੇਸ ਹੈ–
ਜਿੱਥੇ, ਗਾਵਾਂ, ਬਾਂਦਰਾਂ, ਕੁੱਤਿਆਂ, ਨੂੰ
ਦੇਵਤੇ ਬਣਾ ਕੇ, ਘਰਾਂ, ਬਾਜ਼ਾਰਾਂ, ਚੌਰਸਤਿਆਂ, ਵਿੱਚ
ਪੂਜਿਆ ਜਾਂਦਾ ਹੈ

ਕਿਉਂਕਿ, ਹਕੂਮਤ ਕਰ ਰਹੇ
ਅਹਿਲਕਾਰ, ਪਸ਼ੂਆਂ, ਜਾਨਵਰਾਂ, ਵਾਲੀ
ਮਾਨਸਿਕਤਾ ਰੱਖਦੇ ਹਨ

ਉਨ੍ਹਾਂ ਲਈ, ਪਸ਼ੂਆਂ, ਜਾਨਵਰਾਂ, ਦੀ ਔਕਾਤ
ਮਨੁੱਖਾਂ ਦੀ ਔਕਾਤ ਨਾਲੋਂ
ਵੱਧ ਮਹੱਤਵ ਰੱਖਦੀ ਹੈ

ਉਹ–
ਗਾਵਾਂ, ਬਾਂਦਰਾਂ, ਕੁੱਤਿਆਂ, ਦੀ ਮੌਤ ਬਦਲੇ
–ਸੈਂਕੜੇ, ਮਨੁੱਖਾਂ ਦਾ ਖ਼ੂਨ ਬਹਾ ਸਕਦੇ ਹਨ
–ਸੈਂਕੜੇ, ਘਰਾਂ ਨੂੰ ਫੂਕ ਕੇ ਸਵਾਹ ਦ ਢੇਰ ਬਣਾ ਸਕਦੇ ਹਨ
–ਸੈਂਕੜੇ, ਧਰਮੀ ਸਥਾਨਾਂ ਦੀ ਇੱਟ ਨਾਲ ਇੱਟ ਵਜਾ ਸਕਦੇ ਹਨ
–ਸੈਂਕੜੇ, ਮਾਸੂਮ ਬਾਲੜੀਆਂ ਦੇ ਬਲਾਤਕਾਰ ਕਰ ਸਕਦੇ ਹਨ

ਉਹ–
–ਦੇਸ ਦੀਆਂ ਵਿਧਾਨ ਸਭਾਵਾਂ, ਪਾਰਲੀਮੈਂਟਾਂ, ਵਿੱਚ
ਪਸ਼ੂਆਂ, ਜਾਨਵਰਾਂ, ਦੀ ਸੁਰੱਖਿਆ ਲਈ ਕਾਨੂੰਨ ਬਣਾ ਸਕਦੇ ਹਨ
–ਦੇਸ ਦੇ ਪਿੰਡਾਂ, ਸ਼ਹਿਰਾਂ, ਕਸਬਿਆਂ, ਵਿੱਚ

ਪਸ਼ੂਆਂ, ਜਾਨਵਰਾਂ, ਲਈ ਆਰਾਮ ਘਰ ਬਣਵਾ ਸਕਦੇ ਹਨ
–ਦੇਸ ਦੇ ਕੋਨੇ ਕੋਨੇ ਵਿੱਚ
ਪਸ਼ੂਆਂ, ਜਾਨਵਰਾਂ, ਦੀ ਸਿਹਤ ਬੇਹਤਰੀ ਲਈ ਹਸਪਤਾਲ
ਬਣਵਾ ਸਕਦੇ ਹਨ

ਉਹ–
–ਪਸ਼ੂਆਂ, ਜਾਨਵਰਾਂ, ਦੀ ਸੁਰੱਖਿਆ ਲਈ
ਅਨੇਕਾਂ, ਗੈਂਗਸਟਰ ਗ੍ਰੋਹ ਖੜ੍ਹੇ ਕਰ ਸਕਦੇ ਹਨ
–ਪਸ਼ੂਆਂ, ਜਾਨਵਰਾਂ, ਨੂੰ, ਆਪਣੀਆਂ
ਮਾਵਾਂ, ਪਿਤਾਵਾਂ, ਬਜ਼ੁਰਗਾਂ, ਦਾ ਨਾਮ ਦੇ ਸਕਦੇ ਹਨ
–ਪਸ਼ੂਆਂ, ਜਾਨਵਰਾਂ, ਨੂੰ, ਆਪਣੇ
ਧਰਮੀ ਸਥਾਨਾਂ ਦੇ ਪੂਜਾ ਸਥਾਨਾਂ ਉੱਤੇ ਬੈਠਾ ਸਕਦੇ ਹਨ
–ਪਸ਼ੂਆਂ, ਜਾਨਵਰਾਂ, ਦੀਆਂ ਮੂਰਤੀਆਂ
ਵਿਧਾਨ ਸਭਾਵਾਂ, ਪਾਰਲੀਮੈਂਟ ਇਮਾਰਤਾਂ, ਵਿੱਚ ਬਣਵਾ ਸਕਦੇ ਹਨ

ਇਸ, ਧਰਤੀ ਉੱਤੇ
ਇੱਕ, ਅਜਿਹਾ ਵੀ ਦੇਸ ਹੈ–
ਜਿੱਥੇ, ਗਾਵਾਂ, ਬਾਂਦਰਾਂ, ਕੁੱਤਿਆਂ, ਨੂੰ
ਭਗਵਾਨ ਬਣਾ ਕੇ, ਧਰਮੀ ਸਥਾਨਾਂ ਵਿੱਚ
ਉਨ੍ਹਾਂ ਦੀ, ਪੂਜਾ ਕੀਤੀ ਜਾਂਦੀ ਹੈ
ਜਿੱਥੇ, ਮਨੁੱਖਾਂ ਨੂੰ, ਨੀਚ ਜਾਤ ਦੇ ਕਹਿ ਕੇ
ਜਿਉਂਦੇ, ਅਗਨ–ਭੇਟ
ਕੀਤਾ ਜਾਂਦਾ ਹੈ
■

(ਮਾਲਟਨ, ਅਕਤੂਬਰ 8, 2025)

ਆਸਤੀਨ ਦੇ ਸੱਪ

ਅੱਜਕੱਲ੍ਹ, ਲੋਕ
ਆਪਣੇ, ਮਿੱਤਰਾਂ ਤੋਂ ਹੀ
ਡਰਦੇ ਹਨ–

ਮਿੱਤਰ ਹੀ, ਅਕਸਰ
ਆਸਤੀਨ ਦੇ, ਸੱਪਾਂ ਵਾਂਗ
ਤੁਹਾਡੇ, ਡੰਗ ਮਾਰਦੇ ਹਨ

ਦੁਸ਼ਮਣ, ਹਮੇਸ਼ਾ
ਆਪਣੇ, ਗੁੱਸੇ ਦਾ ਇਜ਼ਹਾਰ ਕਰਨ ਲਈ
ਤੁਹਾਨੂੰ, ਬਾਰ ਬਾਰ
ਚੁਣੌਤੀਆਂ ਦਿੰਦਾ ਹੈ

ਦੁਸ਼ਮਣ ਵੱਲੋਂ, ਤੁਸੀਂ
ਹਮੇਸ਼ਾ, ਚੌਕੰਨੇ ਰਹਿਣ ਦੀਆਂ
ਕੋਸ਼ਿਸ਼ਾਂ ਕਰਦੇ ਹੋ

ਪਰ, ਮਿੱਤਰ
ਆਸਤੀਨ ਦੇ, ਸੱਪਾਂ ਵਾਂਗ–
ਡੰਗ ਮਾਰਨ ਲਈ, ਮਹਿਜ਼
ਸਹੀ, ਮੌਕੇ ਦੀ ਤਲਾਸ਼ ਵਿੱਚ
ਹੀ ਰਹਿੰਦੇ ਹਨ

ਦੁਸ਼ਮਣ, ਆਪਣੀ
ਨਰਾਜ਼ਗੀ ਦਿਖਾਉਣ ਲਈ
ਅਨੇਕਾਂ ਵਾਰ, ਭਰੀ ਮਹਿਫ਼ਲ ਵਿੱਚ

ਆਪਣੇ, ਗੁੱਸੇ ਦਾ
ਇਜ਼ਹਾਰ ਕਰਦਾ ਹੈ

ਪਰ, ਮਿੱਤਰ
ਜੋ, ਤੁਹਾਡੇ ਨਾਲ
ਈਰਖਾ ਕਰਦੇ ਹਨ–
ਉਹ, ਹਮੇਸ਼ਾ
ਆਪਣੇ, ਅੰਦਰ
ਤੁਹਾਡੇ ਵਿਰੁੱਧ
ਵਿਸ ਘੋਲਦੇ ਰਹਿੰਦੇ ਹਨ

ਤੁਹਾਡੇ ਸਾਹਮਣੇ
ਮਿੱਠੇ ਮਿੱਠੇ, ਸ਼ਬਦ ਬੋਲਦੇ ਹਨ
ਆਪਣੇ, ਚਿਹਰਿਆਂ ਉੱਤੇ
ਰੇਸ਼ਮੀ, ਮੁਸਕਰਾਹਟ ਦਾ
ਮੁਖੌਟਾ ਪਹਿਣ ਕੇ
ਰੱਖਦੇ ਹਨ

ਅੱਜਕੱਲ੍ਹ, ਆਸਤੀਨ ਦੇ
ਸੱਪਾਂ ਦਾ ਯੁੱਗ ਹੈ–

ਅੱਜਕੱਲ੍ਹ, ਪੂੰਜੀਵਾਦ ਦੇ ਸਭਿਆਚਾਰ ਵਿੱਚ
ਜਵਾਨ ਹੋ ਰਹੇ, ਮਨੁੱਖਾਂ ਦੀ ਦੌੜ
ਨਿੱਜਵਾਦ ਦੀਆਂ, ਪ੍ਰਾਪਤੀਆਂ ਵਿੱਚ ਹੀ
ਲੱਗੀ ਹੋਈ ਹੈ

ਭਾਵੇਂ, ਉਨ੍ਹਾਂ ਨੂੰ
ਆਪਣੇ, ਕਰੀਬੀਆਂ, ਸਕੇ-ਸੰਬੰਧੀਆਂ, ਨੂੰ
ਲਹੂ-ਲੁਹਾਨ ਕਰਕੇ
ਸੜਕਾਂ ਕਿਨਾਰੇ, ਖੇਤਾਂ ਵਿੱਚ
ਜਾਂ ਚੌਰਸਤਿਆਂ ਵਿੱਚ ਹੀ
ਕਿਉਂ ਨ, ਸੁੱਟਣਾ ਪਵੇ
■

(ਮਾਲਟਨ, ਅਕਤੂਬਰ 10, 2025)

ਧਮਾਕਾ

ਧਮਕਾ ਸ਼ਬਦ, ਸੁਣਦਿਆਂ ਹੀ
ਸਾਡੀ, ਚੇਤਨਾ ਵਿੱਚ
ਦੋ ਸ਼ਬਦ, ਅੰਗੜਾਈ
ਲੈਣ ਲੱਗਦੇ ਹਨ:
–ਧਮਾਕਾ ਹੋਇਆ
–ਧਮਾਕਾ ਕਰਵਾਇਆ

ਹਕੂਮਤਾਂ, ਸਮੇਂ ਸਮੇਂ
ਇਹ ਖੇਡ, ਦੇਸ ਦੇ
ਵੱਖੋ ਵੱਖ ਹਿੱਸਿਆਂ ਵਿੱਚ
ਖੇਡਦੀਆਂ ਰਹਿੰਦੀਆਂ ਹਨ
–ਕਦੀ, ਪੁਲਵਾਮਾ
–ਕਦੀ, ਪਹਿਲਗਾਮ
–ਕਦੀ, ਦਿੱਲੀ
–ਕਦੀ, ਮੁੰਬਈ
–ਕਦੀ, ਅਹਿਮਦਾਬਾਦ
–ਕਦੀ, ਮਾਲਗਾਓਂ

ਕੁਝ, ਅਣਪਛਾਤੇ, ਵਿਅਕਤੀ
ਅਚਾਨਕ, ਕਿਧਰੋਂ, ਆਉਂਦੇ ਹਨ–
ਏ.ਕੇ.–47 ਮਸ਼ੀਨ ਗੰਨਾਂ ਨਾਲ
ਕਾਰਾਂ 'ਚ ਭਰੇ ਵਿਸਫੋਟਕ ਪਦਾਰਥਾਂ ਨਾਲ
ਠੂਹ ਠਾਹ, ਠੂਹ ਠਾਹ, ਠੂਹ ਠਾਹ

ਬੰਬ ਬਲਾਸਟ ਕਰ ਜਾਂਦੇ ਹਨ
ਪਲਾਂ, ਛਿਣਾਂ, 'ਚ ਹੀ
ਲਾਸ਼ਾਂ ਦੇ ਅੰਬਾਰ ਲਗਾ ਜਾਂਦੇ ਹਨ

ਹਕੂਮਤ ਦੇ ਦਲਾਲ
ਰੇਡੀਓ, ਟੀਵੀ, ਅਖਬਾਰਾਂ, ਮੈਗਜ਼ੀਨਾਂ, ਦੇ ਪੱਤਰਕਾਰ
ਸੰਘ ਪਾੜ ਪਾੜ
ਇਸ, ਧਮਾਕੇ ਦੀ ਖਬਰ
ਮਸਾਲਾ ਲਗਾ ਲਗਾ ਕੇ
ਸੁਣਾਉਣ ਲੱਗਦੇ ਹਨ

ਇਹ, ਪੱਤਰਕਾਰ, ਬਾਰ ਬਾਰ
ਇਹ ਹੀ, ਸ਼ਬਦ ਦੁਹਰਾਉਂਦੇ ਹਨ:
ਹਕੂਮਤ, ਇਸ ਮਾਮਲੇ ਦੀ, ਪੜਤਾਲ ਕਰੇਗੀ
ਕਿਸੇ ਵੀ, ਜ਼ਿੰਮੇਵਾਰ, ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ

ਦੇਸ਼ ਦਾ ਮੀਡੀਆ
ਇਸ ਗੱਲ ਕਰਕੇ, ਖੁਸ਼ ਹੁੰਦਾ ਹੈ
ਕੁਝ ਦਿਨਾਂ ਲਈ, ਮਸਾਲਾ ਲਗਾ ਲਗਾ ਕੇ
ਖਬਰਾਂ ਸੁਣਾਉਣ ਲਈ, ਉਨ੍ਹਾਂ ਨੂੰ
ਇੱਕ, ਵਧੀਆ, ਵਿਸ਼ਾ
ਮਿਲ ਗਿਆ ਹੈ

ਇਹ, ਧਮਾਕੇ
ਦੇਸ਼ ਵਿੱਚ, ਉਦੋਂ ਹੀ
ਵਾਪਰਦੇ ਹਨ, ਜਦੋਂ
ਦੇਸ਼ ਦੇ, ਕਿਸੀ ਨ ਕਿਸੀ ਹਿੱਸੇ ਵਿੱਚ
ਚੋਣਾਂ ਹੋਣ ਦੀ ਤਾਰੀਕ
ਨੇੜੇ ਆ ਰਹੀ ਹੋਵੇ

ਇਨ੍ਹਾਂ, ਧਮਾਕਿਆਂ ਬਾਰੇ ਗੱਲ ਕਰਨ ਲਈ
ਹਕੂਮਤ ਕੋਲ, ਬਣਿਆ ਬਣਾਇਆ
ਬਿਰਤਾਂਤ ਹੁੰਦਾ ਹੈ–
ਹਕੂਮਤ ਦੇ ਅਹਿਲਕਾਰ, ਜਨਤਾ ਨੂੰ
ਦੇਸ਼ ਭਗਤੀ ਦੇ ਨਾਮ ਉੱਤੇ, ਭੜਕਾਉਣ ਲਈ
ਇਸ ਧਮਾਕੇ ਲਈ, ਕਿਸੀ, ਗਵਾਂਢੀ ਦੇਸ਼ ਨੂੰ ਹੀ
ਜ਼ਿੰਮੇਵਾਰ ਆਖਦੇ ਹਨ

ਦੇਸ਼ ਦੀ ਜਨਤਾ
ਹਕੂਮਤ ਨੂੰ, ਆਪਣੀ
ਦੇਸ਼ ਭਗਤੀ ਦਾ ਸਬੂਤ ਦੇਣ ਲਈ
ਭੇਡਾਂ, ਬੱਕਰੀਆਂ, ਵਾਂਗ
ਮੈਂ ਮੈਂ ਮੈਂ ਮੈਂ ਮੈਂ ਮੈਂ
ਕਰਨ ਲੱਗਦੀ ਹੈ

ਚੋਣਾਂ ਦੀ ਹਵਾ
ਹਕੂਮਤ ਦੇ ਹੱਕ ਵਿੱਚ
ਹੋਣ ਲੱਗਦੀ ਹੈ

ਹਕੂਮਤ, ਆਪਣੀ
ਸਾਜ਼ਿਸ਼ੀ, ਰਾਜਨੀਤੀ ਦਾ
ਜਸ਼ਨ ਮਨਾਉਂਦੀ ਹੈ

ਸਾਲਾਂ ਦੇ ਸਾਲ ਬੀਤ ਜਾਂਦੇ ਹਨ
ਪਰ, ਹਕੂਮਤ, ਕਦੀ ਵੀ
ਪੁਲਵਾਮਾ, ਪਹਿਲਗਾਮ, ਦਿੱਲੀ, ਮਾਲਗਾਓਂ, ਜਿਹੇ
ਦਹਿਸ਼ਤਗਰਦੀ ਦੇ ਹਮਲਿਆਂ ਦੀ
ਕੋਈ ਰਿਪੋਰਟ ਪੇਸ਼ ਨਹੀਂ ਕਰਦੀ

ਕਿਸੀ, ਅਣਪਛਾਤੇ, ਦਹਿਸ਼ਤਗਰਦ ਦੀ
ਗ੍ਰਿਫਤਾਰੀ ਨਹੀਂ ਕਰਦੀ

ਹੌਲੀ, ਹੌਲੀ, ਲੋਕ
ਇਨ੍ਹਾਂ, ਦਹਿਸ਼ਤਗਰਦੀ ਹਮਲਿਆਂ ਨੂੰ
ਇਨ੍ਹਾਂ, ਹਮਲਿਆਂ ਨਾਲ ਹੋਈ ਭਾਰੀ ਤਬਾਹੀ ਨੂੰ
ਭੁੱਲ ਭੁਲਾ ਜਾਂਦੇ ਹਨ

ਹਕੂਮਤ, ਦੇਸ਼ ਦੇ
ਕਿਸੀ ਹੋਰ ਹਿੱਸੇ ਵਿੱਚ
ਹੋਣ ਵਾਲੀਆਂ, ਚੋਣਾਂ ਦੀ
ਤਿਆਰੀ ਕਰਨ ਲੱਗਦੀ ਹੈ

ਜਨਤਾ, ਹੋਣ ਵਾਲੇ, ਕਿਸੀ ਹੋਰ
ਧਮਾਕੇ ਦਾ, ਬੇਸਬਰੀ ਨਾਲ
ਇੰਤਜ਼ਾਰ ਕਰਨ ਲੱਗਦੀ ਹੈ

ਦੇਸ਼ ਦਾ ਦਲਾਲ ਮੀਡੀਆ
ਮਸਾਲੇਦਾਰ, ਖਬਰਾਂ ਪੇਸ਼ ਕਰਨ ਲਈ
ਕਿਸੀ, ਧਮਾਕੇ ਦੀ ਉਡੀਕ ਵਿੱਚ
ਆਪਣੇ, ਕੈਮਰਿਆਂ ਦੇ ਸ਼ੀਸ਼ਿਆਂ ਦੀ
ਸਫਾਈ ਕਰਨ ਲੱਗਦਾ ਹੈ
■

(ਮਾਲਟਨ, ਨਵੰਬਰ 12, 2025)

ਕਥਾ ਇੱਕ ਇਸ਼ਕ ਦੀ

ਕਿੱਸਿਆਂ ਦੀ
ਇੱਕ, ਕਹਾਣੀ ਵਾਂਗ
ਇਸ਼ਕ ਦੀ
ਇੱਕ, ਕਹਾਣੀ ਸੁਲਗੀ–

ਦੇਖਦਿਆਂ, ਦੇਖਦਿਆਂ, ਹੀ
ਇਸ਼ਕ ਦੀ, ਇਹ, ਚੰਗਿਆੜੀ
ਬਾਲੀਵੁੱਡ ਦੀਆਂ, ਹਿੰਦੀ ਫਿਲਮਾਂ ਦੀ
ਕਿਸੀ, ਕ੍ਰਾਈਮ, ਕਹਾਣੀ ਦਾ
ਰੂਪ ਲੈ ਕੇ, ਅੱਗ ਦਾ
ਭਾਂਬੜ ਬਣ ਗਈ

ਹੀਰੋਇਨ ਨੇ, ਕਹਾਣੀ ਦੇ
ਖਲਨਾਇਕ, ਆਪਣੇ
ਆਸ਼ਿਕ ਨਾਲ, ਸਾਜ਼ਿਸ਼ ਦੀ
ਬੁਣਤੀ ਬੁਣ ਕੇ, ਆਪਣੇ, ਪਤੀ
ਕਹਾਣੀ ਦੇ ਹੀਰੋ ਦੀ, ਸਭ
ਜਾਇਦਾਦ ਹੜੱਪ
ਖਲਨਾਇਕ, ਆਸ਼ਿਕ, ਨਾਲ
ਉਮਰ ਭਰ, ਪਿਆਰ ਦੀਆਂ
ਪੀਂਘਾਂ ਝੂਟਣ ਲਈ

ਹੀਰੋ ਨੂੰ, ਦੁੱਧ 'ਚ
ਜ਼ਹਿਰ ਘੋਲ ਕੇ
ਪਿਲਾ ਦਿੱਤਾ

ਪਰ, ਜਦੋਂ, ਦੇਖਿਆ
ਹੀਰੋ, ਤਾਂ, ਜ਼ਹਿਰ ਨਾਲ ਵੀ ਨਹੀਂ ਮਰਿਆ
ਤਾਂ, ਹੀਰੋ ਦੇ, ਚਿੱਟੇ ਨਸ਼ੇ ਦਾ
ਟੀਕਾ ਲਗਾ ਦਿੱਤਾ

ਪਰ, ਜਦੋਂ, ਦੇਖਿਆ
ਚਿੱਟੇ ਦਾ ਟੀਕਾ ਵੀ ਬੇਅਸਰ ਸੀ
ਤਾਂ, ਹੀਰੋਇਨ ਨੇ, ਆਪਣੇ
ਆਸ਼ਿਕ, ਖਲਨਾਇਕ, ਨਾਲ ਮਿਲ ਕੇ
ਹੀਰੋ ਦਾ, ਬੜੀ ਬੇਰਹਿਮੀ ਨਾਲ
ਕਤਲ ਕਰ ਦਿੱਤਾ

ਪਤੀ, ਹੀਰੋ, ਪੁਰਾਤਨ ਸਮਿਆਂ ਦੀਆਂ
ਲੋਕ ਕਥਾਵਾਂ ਵਾਲਾ, ਇੱਕ, ਨੇਕ ਪੁਰਸ਼ ਸੀ
ਪਰ, ਹੀਰੋਇਨ, ਪਤਨੀ
ਪੂੰਜੀਵਾਦ ਦੀਆਂ ਕਦਰਾਂ–ਕੀਮਤਾਂ ਦੀ
ਪੁਜਾਰਨ ਸੀ–

ਉਸਦੀ, ਮਾਨਸਿਕਤਾ ਵਿੱਚ
ਮਨੁੱਖੀ ਰਿਸ਼ਤਿਆਂ ਤੋਂ ਉੱਪਰ
ਵਸਤਾਂ ਦੀ ਚਮਕ–ਦਮਕ ਭਾਰੂ ਸੀ
ਵੱਡੀਆਂ, ਵੱਡੀਆਂ, ਜਾਇਦਾਦਾਂ
ਬੈਂਕਾਂ ਦੀਆਂ ਤਜੌਰੀਆਂ 'ਚ
ਲੱਖਾਂ–ਕਰੋੜਾਂ–ਅਰਬਾਂ, ਰੁਪਿਆਂ ਦੀ ਹੁੰਦੀ

ਖੜਕਾਹਟ ਨਾਲ, ਉਸ ਦੀ ਰੂਹ
ਨਸ਼ਿਆਂਦੀ ਸੀ–

ਸ਼ਾਇਦ, ਉਹ
ਦਿਨ, ਰਾਤ–
ਦੰਮ ਮਾਰੋ ਦੰਮ
ਮਿਟ ਜਾਏ ਗ਼ਮ
ਬੋਲੋ, ਸੁਬਾਹ ਸ਼ਾਮ
ਹਰੇ ਕ੍ਰਿਸ਼ਨਾ, ਹਰੇ ਰਾਮ
ਅਲਾਪਦੀ ਹੋਈ
ਚਰਸ, ਕਰੈਕ, ਕੁਕੇਨ, ਚਿੱਟੇ, ਦੇ
ਸੂਟੇ ਲਗਾਉਣ, ਨਸ਼ੀਲੇ ਧੂੰਏਂ ਦੇ
ਬੱਦਲਾਂ 'ਚ ਮਸਤ ਰਹਿਣ ਵਾਲੀ
ਅਜੋਕੇ ਸਮਿਆਂ ਦੀ, ਕੋਈ
ਖ਼ੁਦਪਰਸਤ ਔਰਤ ਸੀ

ਜਿਸ ਲਈ, ਕਿਸੀ ਮਨੁੱਖੀ
ਜਾਨ ਦੀ ਕੀਮਤ
ਆਪਣੇ, ਆਸ਼ਿਕ ਦੀਆਂ
ਬਾਹਵਾਂ 'ਚ ਬਿਤਾਏ
ਮਹਿਜ਼, ਇੱਕ ਸੈਕਸੀ
ਹੁਲਾਰੇ ਦੇ ਆਨੰਦ ਤੋਂ ਵੱਧ
ਕੁਝ ਵੀ ਨਹੀਂ ਸੀ
ਆਪਣੇ, ਆਸ਼ਿਕ ਦੀਆਂ
ਬਾਹਾਂ 'ਚ ਸਿਮਟ
ਨਸ਼ੀਲੇ, ਸੂਟੇ ਦੇ ਧੂੰਏਂ ਨਾਲ

ਬਣਾਏ ਬੱਦਲਾਂ ਤੋਂ ਮਿਲੇ
ਪਲ ਭਰ ਦੇ
ਆਨੰਦ ਤੋਂ ਵੱਧ
ਕੁਝ ਵੀ ਨਹੀਂ ਸੀ
■

(ਮਾਲਟਨ, ਦਸੰਬਰ 8, 2025)

ਸਾਡਾ ਗਵਾਂਢੀ ਦੇਸ਼

ਸਾਡਾ ਗਵਾਂਢੀ ਦੇਸ਼, ਅਮਰੀਕਾ
ਪਹਿਲਾਂ, ਵੱਡੇ ਭਰਾਵਾਂ ਵਾਂਗ
ਹਰ, ਦੁੱਖ-ਸੁੱਖ ਵਿੱਚ
ਸਾਡੇ ਦੇਸ਼, ਕੈਨੇਡਾ ਦੇ
ਨਾਲ ਖੜ੍ਹਦਾ ਸੀ-

ਇੱਥੋਂ ਤੱਕ, ਦੋਹਾਂ, ਗਵਾਂਢੀ ਦੇਸ਼ਾਂ ਦੀਆਂ
ਆਪਸੀ, ਸਰਹੱਦਾਂ ਦੇ ਦਰਵਾਜ਼ੇ ਵੀ
ਦੇਸ਼ ਵਾਸੀਆਂ ਦੇ, ਆਉਣ ਜਾਣ ਲਈ
ਦਿਨ-ਰਾਤ, ਖੁੱਲ੍ਹੇ ਰਹਿੰਦੇ ਸਨ

ਪਰ, ਹੁਣ, ਅਮਰੀਕਾ ਦਾ
ਨਵਾਂ, ਮੁਖੀਆ, ਸਾਡੇ ਦੇਸ਼, ਕੈਨੇਡਾ ਵੱਲ
ਬਹੁਤ ਹੀ, ਬੁਰੀ ਨਜ਼ਰ ਨਾਲ
ਦੇਖਣ ਲੱਗ ਪਿਆ ਹੈ

ਉਸਦੀ ਨਿਗਾਹ, ਸਾਫ ਸੁਥਰੇ ਪਾਣੀ ਦੇ ਭੰਡਾਰਾਂ
ਕੈਨੇਡਾ ਦੀਆਂ, ਨਦੀਆਂ, ਦਰਿਆਵਾਂ, ਝੀਲਾਂ
ਖਣਿਜ ਪਦਾਰਥਾਂ ਦੇ, ਅਨੰਤ, ਜ਼ਖੀਰਿਆਂ, ਉੱਤੇ
ਟਿਕੀ ਹੋਈ ਹੈ, ਉਹ, ਇਸ ਸਭ ਕੁਝ ਵੱਲ
ਹਾਬੜੇ ਹੋਏ ਬੰਦਿਆਂ ਵਾਂਗ
ਵੇਖ ਰਿਹਾ ਹੈ

ਕਈ ਵੇਰ, ਇੰਝ, ਜਾਪਣ ਲੱਗਦਾ ਹੈ
ਜਿਵੇਂ, ਅਮਰੀਕਾ ਦੇ ਮੁਖੀਏ ਅੰਦਰ

ਹਿਟਲਰ ਦੀ ਰੂਹ ਪ੍ਰਵੇਸ਼ ਕਰ ਗਈ ਹੋਵੇ

ਉਹ, ਆਪਣੇ, ਆਂਢ-ਗੁਆਂਢ ਦੇ ਦੇਸ਼ਾਂ ਦੇ
ਅਨੰਤ, ਭੰਡਾਰਾਂ ਨੂੰ ਹੜੱਪ ਜਾਣ ਲਈ, ਆਪਣੇ
ਮਗਰਮੱਛ ਵਰਗੇ, ਖੂੰਖਾਰ ਜੁਬਾੜੇ
ਦਿਖਾ ਦਿਖਾ ਡਰਾਉਂਦਾ ਹੋਇਆ
ਆਖਦਾ ਹੈ:
'ਮੈਂ, ਤੁਹਾਡੇ ਦੇਸ਼ਾਂ ਨੂੰ ਹੜੱਪ ਕੇ
ਮਹਾਂ-ਅਮਰੀਕਾ ਦਾ
ਹਿੱਸਾ ਬਣਾ ਲਵਾਂਗਾ'

ਹੁਣ, ਗਵਾਂਢੀ ਦੇਸ਼ਾਂ ਨੇ ਵੀ
ਇਸ, ਹਾਬੜੇ ਹੋਏ ਦੈਂਤ ਨੂੰ
ਚੁਣੌਤੀ ਦੇਣ ਲਈ, ਆਪਣੇ, ਨੇਜ਼ੇ, ਭਾਲੇ
ਇਕੱਠੇ ਕਰਨੇ ਸ਼ੁਰੂ ਕਰ ਦਿੱਤੇ ਹਨ

ਅਨੇਕਾਂ ਦੇਸ਼ਾਂ ਦੇ ਮੁਖੀ
ਹੁਣ, ਕਹਿਣ ਲੱਗੇ ਹਨ:
ਅਸੀਂ, ਇਸ, ਹਾਬੜੇ ਦੈਂਤ ਦੇ
ਜੁਬਾੜੇ ਭੰਨ ਦੇਵਾਂਗੇ, ਅਸੀਂ
ਆਪਣੇ, ਆਪਣੇ, ਦੇਸ਼ ਦੇ ਲੋਕਾਂ ਦੀ
ਜਾਨ-ਮਾਲ ਦੀ ਰਾਖੀ ਕਰਨ ਲਈ
ਵਚਨਬੱਧ ਹਾਂ-

ਗਵਾਂਢੀ ਦੇਸ਼, ਅਮਰੀਕਾ ਦੇ ਲੋਕ ਵੀ
ਇਸ ਗੱਲ ਵੱਲੋਂ, ਸੁਚੇਤ ਹੋ ਕੇ, ਹੁਣ
ਆਪਣੀਆਂ, ਬੁਲੰਦ ਆਵਾਜ਼ਾਂ ਵਿੱਚ
ਆਪਣੀਆਂ, ਚਿੰਤਾਵਾਂ ਦਾ
ਇਜ਼ਹਾਰ, ਕੁਝ, ਇਸ ਅੰਦਾਜ਼ ਵਿੱਚ

ਕਰਨ ਲੱਗੇ ਹਨ :
ਸਾਡੇ, ਦੇਸ਼ ਦੇ ਮੁਖੀ ਵਿੱਚ
ਪ੍ਰਵੇਸ਼ ਕਰ ਗਈ ਹਿਟਲਰ ਦੀ ਰੂਹ
ਜੋ, ਅੱਜ, ਆਂਢੀ-ਗੁਆਂਢੀ, ਦੇਸ਼ਾਂ ਦੇ ਲੋਕਾਂ ਲਈ
ਖਤਰਨਾਕ ਬਣ ਰਹੀ ਹੈ, ਉਹ, ਨਾਜ਼ੀ ਰੂਹ
ਕਿਸੇ ਦਿਨ, ਆਪਣੇ ਹੀ ਦੇਸ਼
ਅਮਰੀਕਾ ਦੇ ਲੋਕਾਂ ਲਈ ਵੀ
ਜਾਨ-ਮਾਲ ਦੀ, ਦੁਸ਼ਮਣ
ਬਣ ਸਕਦੀ ਹੈ

ਉਹ, ਹਿਟਲਰ ਦੀ ਰੂਹ
ਹਿਟਲਰ ਵੱਲੋਂ ਕੀਤੇ ਗਏ, ਦਰਿੰਦਗੀ ਭਰੇ
ਸਭ, ਨਸਲਵਾਦੀ ਕੰਮ
ਦੁਹਰਾ ਸਕਦੀ ਹੈ

ਉਹ, ਹਿਟਲਰ ਦੀ ਰੂਹ
ਅਮਰੀਕਾ ਦੇ, ਬਹੁ-ਰੰਗੇ, ਬਹੁ-ਨਸਲੀ, ਬਹੁ-ਧਰਮੀ, ਲੋਕਾਂ ਨੂੰ ਵੀ
ਕੈਦਖਾਨਿਆਂ ਵਿੱਚ ਸੁੱਟ ਸਕਦੀ ਹੈ
ਗੈਸ ਚੈਂਬਰਾਂ ਵਿੱਚ ਸੁੱਟ
ਸਵਾਹ ਦੇ ਢੇਰ ਬਣਾ ਸਕਦੀ ਹੈ
■

(ਮਾਲਟਨ, ਜਨਵਰੀ 25, 2026)

ਸ਼ਰਮ ਦੀ ਲੋਈ

ਬੇਸ਼ਰਮਾਂ ਵਾਂਗੂੰ, ਅਮਰੀਕਾ ਨੇ
ਹੁਣ, ਆਪਣੇ, ਮੂੰਹ ਤੋਂ
ਸ਼ਰਮ ਦੀ ਲੋਈ ਲਾਹ ਦਿੱਤੀ ਹੈ–

ਹੁਣ, ਅਮਰੀਕਾ
ਹਿਟਲਰ ਵਾਂਗੂੰ, ਵਿਸ਼ਵ ਦੀਆਂ ਮੰਡੀਆਂ ਉੱਤੇ
ਕਬਜ਼ਾ ਕਰਨ ਦੇ ਰਾਹ ਉੱਤੇ
ਤੁਰ ਪਿਆ ਹੈ

ਹੁਣ, ਉਸ ਨੇ
ਇਜ਼ਰਾਈਲ ਵਰਗੇ ਲੁਟੇਰੇ ਵੀ
ਆਪਣੀ, ਜੁੰਡਲੀ ਵਿੱਚ
ਸ਼ਾਮਿਲ ਕਰ ਲਏ ਹਨ

ਹੁਣ, ਉਹ, ਨੰਗੇ ਮੂੰਹ
ਕੈਨੇਡਾ, ਈਰਾਨ, ਕਿਊਬਾ, ਵੇਨੇਜ਼ੁਏਲਾ, ਨੂੰ
ਧਮਕੀਆਂ ਦਿੰਦਾ ਹੈ:
ਆਪਣੇ, ਆਪਣੇ, ਦੇਸ਼ ਦੇ
ਰਾਜਸਿੰਘਾਸਨ ਉੱਤੇ, ਮੇਰੇ
ਪਿੱਠੂ ਲੋਕਾਂ ਨੂੰ ਬਿਠਾਓ
ਜਾਂ, ਫਿਰ, ਮੇਰੀ
ਬੇਰਹਿਮ, ਸਜ਼ਾ ਭੁਗਤਣ ਲਈ
ਤਿਆਰ ਹੋ ਜਾਓ

ਅਹਿਮਦ ਸ਼ਾਹ ਅਬਦਾਲੀ, ਮਹਿਮੂਦ ਗਜ਼ਨਵੀ,
ਨਾਦਰ ਸ਼ਾਹ, ਚੰਗੇਜ਼ ਖਾਂ, ਜਿਹੇ
ਖ਼ੂੰਖਾਰ, ਲੁਟੇਰਿਆਂ ਦੇ ਨਾਵਾਂ ਨਾਲ
ਇਤਿਹਾਸ ਭਰਿਆ ਪਿਆ ਹੈ, ਜਿਵੇਂ
ਉਹ, ਸੋਮਨਾਥ ਮੰਦਿਰ ਦਾ
ਸੋਨਾ ਲੁੱਟਣ ਲਈ ਭਾਰਤ ਆਉਂਦੇ ਸਨ
ਹੁਣ, ਉਨ੍ਹਾਂ, ਖ਼ੂੰਖਾਰ, ਲੁਟੇਰਿਆਂ ਦੀ ਸੂਚੀ ਵਿੱਚ
ਇੱਕ ਹੋਰ ਨਾਮ ਜੁੜ ਗਿਆ:
ਡੋਨਲਡ ਟਰੰਪ

ਉਸ ਦੀ, ਲਾਲਚੀ ਅੱਖ
ਹਰ ਦੇਸ਼ ਦੇ-
-ਤੇਲ ਦੇ ਖੂਹਾਂ
-ਕੀਮਤੀ ਧਾਤਾਂ ਦੇ ਜ਼ਖੀਰਿਆਂ
-ਸਾਫ ਪਾਣੀ ਦੀਆਂ ਝੀਲਾਂ, ਨਦੀਆਂ, ਦਰਿਆਵਾਂ
ਉੱਤੇ ਹੈ

ਉਹ, ਆਪਣਾ, ਮਤਲਬ ਹੱਲ ਕਰਨ ਲਈ
ਹਰ, ਫੌਜੀ ਦਾਅ ਵਰਤੇਗਾ:
-ਬੰਦੂਕਾਂ, ਤੋਪਾਂ, ਟੈਂਕਾਂ, ਨਾਲ ਅੱਗ ਬਰਸਾਏਗਾ
-ਹਵਾਈ ਜਹਾਜ਼ਾਂ ਨਾਲ ਹਮਲੇ ਕਰਕੇ, ਗੋਲਾਬਾਰੀ ਕਰੇਗਾ
-ਮਿਜ਼ਾਈਲਾਂ ਨਾਲ ਸਕੂਲ, ਹਸਪਤਾਲ, ਸ਼ੌਪਿੰਗ ਪਲਾਜ਼ੇ, ਬਰਬਾਦ ਕਰੇਗਾ
-ਫੌਜੀ ਬੂਟਾਂ ਨਾਲ, ਘਰ ਘਰ ਦਹਿਸ਼ਤ ਫੈਲਾਏਗਾ
ਬੇਸ਼ਰਮਾਂ ਵਾਂਗੂੰ, ਅਮਰੀਕਾ ਨੇ
ਹੁਣ, ਆਪਣੇ, ਮੂੰਹ ਤੋਂ
ਸ਼ਰਮ ਦੀ ਲੋਈ ਲਾਹ ਦਿੱਤੀ ਹੈ

ਹਾਬੜੇ ਹੋਏ, ਦੈਂਤਾਂ ਵਾਂਗੂੰ
ਆਦਮ-ਬੋਅ, ਆਦਮ-ਬੋਅ, ਕਰਦਾ, ਅਮਰੀਕਾ
ਥਾਂ ਥਾਂ, ਜੰਗ ਦੇ ਭਾਂਬੜ ਬਾਲ ਰਿਹਾ ਹੈ

ਅਮਰੀਕਾ ਦੀ, ਦਹਿਸ਼ਤ ਦੇਖ ਕੇ
ਹਰ ਗਲੀ, ਹਰ ਚੌਰਸਤੇ, ਹਰ ਘਰ, ਵਿੱਚ
ਹਰ ਕੋਈ, ਇਹ ਚਰਚਾ ਛੇੜ ਰਿਹਾ ਹੈ :

ਕੀ, ਹੁਣ
ਤੀਜਾ ਵਿਸ਼ਵ-ਯੁੱਧ ਹੋਵੇਗਾ

ਕੀ, ਹੁਣ
ਫਿਰ, ਇਸ ਧਰਤੀ ਉੱਤੇ
ਥਾਂ ਥਾਂ, ਹੱਸਦੇ-ਵੱਸਦੇ
ਘਰਾਂ, ਮੁਹੱਲਿਆਂ, ਬਸਤੀਆਂ, ਨੂੰ
ਕਬਰਸਤਾਨਾਂ ਵਿੱਚ ਬਦਲ ਦਿੱਤਾ ਜਾਵੇਗਾ
■

(ਮਾਲਟਨ, ਮਾਰਚ 7, 2026)

ਧੁਖਦੀ ਅੱਗ ਅਜੇ ਭਾਂਬੜ ਬਣੇਗੀ

ਆਪਣੀ, ਧੌਂਸ ਦਿਖਾਉਣ ਲਈ
ਅਮਰੀਕਾ ਨੇ, ਮਿਡਲ ਈਸਟ ਵਿੱਚ
ਜੋ, ਤੀਲੀ ਲਾਈ ਹੈ, ਇਹ
ਧੁਖਦੀ ਅੱਗ ਅਜੇ ਭਾਂਬੜ ਬਣੇਗੀ

ਇਹ ਅੱਗ, ਅਮਰੀਕਾ ਦੇ
ਝੋਲੀਚੁੱਕ ਦੇਸ਼ਾਂ ਦੇ ਬੂਹਿਆਂ ਤੱਕ ਵੀ ਜਾਵੇਗੀ
ਹਵਾ ਦੇ ਰੁਖ ਦਾ ਕੀ ਭਰੋਸਾ
ਇਹ ਅੱਗ, ਅਮਰੀਕਾ ਦੀਆਂ
ਅਸਮਾਨ ਛੂੰਹਦੀਆਂ, ਇਮਾਰਤਾਂ ਨੂੰ ਵੀ
ਆਪਣੇ, ਘੇਰੇ ਵਿੱਚ ਲੈ ਸਕਦੀ ਹੈ

ਅਜੇ, ਤਾਂ, ਅਮਰੀਕਾ, ਇਜ਼ਰਾਈਲ, ਸਾਊਦੀ ਅਰਬ
ਇਨ੍ਹਾਂ ਦੀ, ਹਿਟਲਰਵਾਦੀ ਜੁੰਡਲੀ
ਸ਼ਹਿਰ ਸ਼ਹਿਰ, ਦੇਸ਼ ਦੇਸ਼, ਡਿਸਕੋ ਡਾਂਸ
ਕਰੇਗੀ, ਹੱਸੇਗੀ, ਗਾਏਗੀ

ਪਰ, ਸਮਾਂ, ਤਾਂ, ਆਪਣੀ
ਤੋਰ ਹੈ ਤੁਰਦਾ–
–ਵੀਅਤਨਾਮ ਵਿੱਚ ਅਮਰੀਕਾ
ਆਪਣੀ, ਪੂਛ ਲਪੇਟ ਕੇ ਭੱਜਿਆ ਸੀ
–ਅਫਗਾਨਿਸਤਾਨ ਦੇ ਗੁਰੀਲਿਆਂ ਨੇ
ਅਮਰੀਕਾ ਦੀਆਂ ਨੱਕ ਨਾਲ ਲਕੀਰਾਂ ਕਢਵਾ ਦਿੱਤੀਆਂ ਸਨ
–ਉੱਤਰੀ ਯਮਨ ਅਮਰੀਕਾ ਦੇ ਸਮੁੰਦਰੀ ਜਹਾਜ਼ਾਂ ਲਈ

ਵੱਡੀ ਸਿਰਦਰਦੀ ਬਣਿਆ ਹੋਇਆ ਸੀ
–ਮੁਸਲਿਮ ਦਹਿਸ਼ਤਗਰਦਾਂ ਨੇ ਅਮਰੀਕਾ ਦਾ ਮਾਣ
ਨਿਊਯਾਰਕ ਵਰਲਡ ਟਰੇਡ ਸੈਂਟਰ ਟਾਵਰ ਢਹਿ ਢੇਰੀ ਕਰ ਦਿੱਤਾ ਸੀ

ਹਿਟਲਰਵਾਦੀ ਸ਼ਕਤੀ, ਜਦ ਵੀ
ਇਸ, ਧਰਤੀ ਉੱਤੇ ਉੱਠੀ ਹੈ
ਲੋਕ–ਸ਼ਕਤੀ ਨੇ, ਉਸ
ਮਗਰਮੱਛ ਦੇ ਖ਼ੂਨੀ ਦੰਦ ਭੰਨ ਦਿੱਤੇ ਹਨ

ਅਮਰੀਕਾ ਨੇ, ਮਿਡਲ ਈਸਟ ਵਿੱਚ
ਜੋ, ਅੱਗ ਬਾਲੀ ਹੈ–
ਉਹ, ਹੌਲੀ ਹੌਲੀ
ਅਮਰੀਕਾ ਦੇ, ਦਰਵਾਜ਼ੇ ਉੱਤੇ ਵੀ
ਦਸਤਕ ਦੇਵੇਗੀ, ਇਹ ਅੱਗ
ਅਮਰੀਕਾ ਨੂੰ ਵੀ, ਬੇਚੈਨ ਕਰੇਗੀ
■

(ਮਾਲਟਨ, ਮਾਰਚ 1, 2026)

ਵਿਸ਼ਵ-ਯੁੱਧ ਵੱਲ ਵਧ ਰਹੇ ਕਦਮ

ਵਿਸ਼ਵ ਦੇ, ਦੋ ਮਹਾਂ-ਗੁੰਡਾ ਦਲਾਂ
ਅਮਰੀਕਾ ਅਤੇ ਇਜ਼ਰਾਈਲ ਨੇ
ਈਰਾਨ ਉੱਤੇ ਫੌਜੀ ਹਮਲਾ ਕਰਕੇ
ਮਿਡਲ ਈਸਟ ਵਿੱਚ, ਫਿਰ
ਜੰਗ ਦੇ ਭਾਂਬੜ ਬਾਲ ਦਿੱਤੇ ਹਨ

ਪਿੰਡ ਦੇ, ਦੋ ਵੱਡੇ ਬਦਮਾਸ਼ਾਂ ਵਾਂਗ
ਟਰੰਪ ਅਤੇ ਨੇਤਨਯਾਹੂ ਇਹ ਚਾਹੁੰਦੇ ਹਨ
ਮਿਡਲ ਈਸਟ ਵਿੱਚ, ਕੋਈ ਵੀ ਦੇਸ਼
ਉਨ੍ਹਾਂ ਦੀ ਮਰਜ਼ੀ ਬਿਨਾਂ
ਸਾਹ ਵੀ ਨ ਲੈ ਸਕੇ

ਇਹ, ਦੋ ਦਹਿਸ਼ਤਗਰਦ ਦੇਸ਼ਾਂ ਦੀ ਜੁੰਡਲੀ
ਜਦੋਂ ਵੀ ਚਾਹੇ, ਕਿਸੀ-ਨ-ਕਿਸੀ ਬਹਾਨੇ
-ਕਦੀ ਇਰਾਕ
-ਕਦੀ ਸੀਰੀਆ
-ਕਦੀ ਲਿਬਨਾਨ
-ਕਦੀ ਈਰਾਨ
-ਕਦੀ ਯਮਨ
-ਕਦੀ ਇਜਿਪਟ
-ਕਦੀ ਫਲਸਤੀਨ
ਵਿੱਚ, ਜੰਗ ਦੇ ਭਾਂਬੜ
ਬਾਲ ਦਿੰਦੀ ਹੈ
ਮਨੁੱਖੀ ਖ਼ੂਨ ਦੇ ਪਿਆਸੇ

ਇਹ ਦੋ ਦੇਸ਼, ਅਮਰੀਕਾ ਅਤੇ ਇਜ਼ਰਾਈਲ
ਆਦਮ-ਬੋ, ਆਦਮ-ਬੋ, ਕਰਦੇ
ਨਿਹੱਥੇ ਲੋਕਾਂ ਉੱਤੇ, ਹਵਾਈ ਹਮਲੇ ਕਰਕੇ
ਫੌਜੀ ਟੈਂਕਾਂ ਦੀ ਦਗੜ ਦਗੜ ਕਰਕੇ
-ਮਨੁੱਖੀ ਖ਼ੂਨ ਦੇ ਦਰਿਆ ਵਗਾ ਦਿੰਦੇ ਹਨ
-ਹੱਸਦੇ ਵੱਸਦੇ ਘਰਾਂ ਨੂੰ ਕਬਰਿਸਤਾਨ ਬਣਾ ਦਿੰਦੇ ਹਨ
-ਹਵਾ, ਪਾਣੀ, ਧਰਤੀ, ਨੂੰ ਪ੍ਰਦੂਸ਼ਿਤ ਕਰ ਦਿੰਦੇ ਹਨ
-ਖੇਤਾਂ 'ਚ ਲਹਿਲਹਾਂਦੀਆਂ ਫਸਲਾਂ ਨੂੰ ਝੁਲਸ ਦਿੰਦੇ ਹਨ
-ਸਕੂਲਾਂ, ਕਾਲਿਜਾਂ, ਹਸਪਤਾਲਾਂ, ਨੂੰ ਖੰਡਰ ਬਣਾ ਦਿੰਦੇ ਹਨ

ਦਰਿੰਦਗੀ ਭਰੇ ਕਾਰਨਾਮੇ ਕਰਨ ਨੂੰ
ਵਿਸ਼ਵ ਦੇ, ਇਹ ਗੁੰਡਾ ਦਲ
ਵਿਸ਼ਵ-ਰਾਜਨੀਤੀ ਦਾ ਨਾਮ ਦਿੰਦੇ ਹਨ

ਇਹ, ਮਹਾਂ ਗੁੰਡੇ
ਇਸ, ਸ਼ੈਤਾਨਗੀ ਨੂੰ
ਵਿਸ਼ਵ ਸ਼ਾਂਤੀ ਲਈ ਕੀਤੇ ਗਏ
ਆਪਣੇ, ਕੰਮਾਂ ਦਾ ਨਾਮ ਦਿੰਦੇ ਹਨ

ਪਰ, ਬੇਸ਼ਰਮੀ ਦੀ ਹੱਦ ਦੇਖੋ
ਇਨ੍ਹਾਂ, ਘੋਰ ਅਪਰਾਧਾਂ ਸਦਕਾ ਹੀ
ਇਹ, ਗੁੰਡੇ, ਆਪਣੇ ਆਪ ਨੂੰ
'ਅਮਨ ਨੋਬਲ ਐਵਾਰਡ ' ਲਈ
ਯੋਗ, ਉਮੀਦਵਾਰ ਸਮਝਦੇ ਹਨ
■

(ਮਾਲਟਨ, ਫਰਵਰੀ 28, 2026)

ਚਿੜੀਆਂ ਦਾ ਮਰਨ ਗੰਵਾਰਾਂ ਦਾ ਹਾਸਾ

ਮਹਿਜ਼, ਆਪਣੀ, ਫੌਜੀ ਦਾਦਾਗਿਰੀ ਦਿਖਾਉਣ ਲਈ
ਅਮਰੀਕਾ ਨੇ, ਮਿਡਲ ਈਸਟ ਵਿੱਚ
ਜੰਗ ਦੇ ਭਾਂਬੜ ਬਾਲ ਦਿੱਤੇ ਹਨ

ਪਹਿਲਾਂ, ਅਮਰੀਕਾ ਦੀ ਸ਼ਹਿ ਉੱਤੇ
ਇਜ਼ਰਾਈਲ ਨੇ, ਗਾਜ਼ਾ ਵਿੱਚ
ਫਲਸਤੀਨ ਲੋਕਾਂ ਦੀਆਂ
ਲਾਸ਼ਾਂ ਦੇ ਅੰਬਾਰ ਲਗਾ ਦਿੱਤੇ ਸਨ

ਇਜ਼ਰਾਈਲ, ਹੁਣ, ਅਮਰੀਕਾ ਦੇ ਕੰਧਾੜੇ ਚੜ੍ਹ
ਈਰਾਨ ਵਿੱਚ, ਲਾਸ਼ਾਂ ਦੇ ਅੰਬਾਰ ਲਗਾਉਣ ਲਈ
ਆਪਣੇ, ਪੱਟਾਂ ਉੱਤੇ ਥਾਪੀਆਂ ਮਾਰ ਰਿਹਾ ਹੈ

ਵਿਸ਼ਵ ਸ਼ਾਂਤੀ ਦੀ ਨਿਗਰਾਨ, ਯੂ.ਐੱਨ.ਓ.
ਰਿਸ਼ਵਤਖੋਰ ਅਹਿਲਕਾਰਾਂ ਵਾਂਗ
ਨਿੱਤ, ਮਿਡਲ ਈਸਟ ਵਿੱਚ ਹੁੰਦਾ
ਇਹ, ਕਤਲੇਆਮ
ਚੁੱਪ ਚਾਪ, ਦੇਖ ਰਹੀ ਹੈ

ਇਹ, ਹਿਟਲਰਵਾਦੀ ਤਾਕਤਾਂ
ਮੁੜ, ਮੁੜ, ਦੁਨੀਆ ਨੂੰ
ਤੀਸਰੇ ਵਿਸ਼ਵ-ਯੁੱਧ ਵੱਲ ਧੱਕਣ ਦੀਆਂ
ਆਪਣੀਆਂ, ਨਾਪਾਕ, ਕੋਸ਼ਿਸ਼ਾਂ ਵਿੱਚ
ਰੁੱਝੀਆਂ ਹੋਈਆਂ ਹਨ

ਹਥਿਆਰਾਂ ਦੇ ਬੇਰਹਿਮ ਵਿਉਪਾਰੀ
ਇਸ ਗੱਲ ਨੂੰ ਲੈ ਕੇ ਹੀ ਖੁਸ਼ ਹਨ–
ਸਮੁੱਚਾ, ਮਿਡਲ ਈਸਟ, ਹੁਣ
ਹਥਿਆਰ ਵੇਚਣ ਲਈ
ਉਨ੍ਹਾਂ ਦੀ, ਮੰਡੀ ਬਣ ਗਿਆ ਹੈ

ਅਮਰੀਕਾ, ਇਜ਼ਰਾਈਲ, ਅਤੇ
ਉਨ੍ਹਾਂ ਦੀ, ਗੁੰਡਾ ਫੌਜੀ ਜੁੰਡਲੀ ਸਾਹਵੇਂ
ਹੁਣ, ਕੋਈ ਵੀ ਦੇਸ਼, ਆਪਣਾ
ਮੂੰਹ ਖੋਹਲਣ ਦੀ ਜੁਰੱਅਤ ਨਹੀਂ ਕਰਦਾ

ਹਰ ਕੋਈ ਸੋਚਦਾ ਹੈ–
ਕੀ ਪਤਾ ਕਦੋਂ, ਅਮਰੀਕਾ ਅਤੇ ਉਸਦੇ
ਪਾਲਤੂ ਹਥਿਆਰਬੰਦ ਦੇਸ਼
ਕੋਈ ਬਹਾਨਾ ਬਣਾ ਕੇ, ਉਸ ਉੱਤੇ ਵੀ
ਝਪਟ ਪੈਣ, ਉਸ ਦੇਸ਼ ਵਿੱਚ ਵੀ
ਲਾਸ਼ਾਂ ਦੇ ਅੰਬਾਰ ਲਗਾ ਦੇਣ
ਸਮੁੱਚੇ ਦੇਸ਼ ਨੂੰ ਖੰਡਰ ਬਣਾ ਦੇਣ

ਦੁਨੀਆ, ਫਲਸਤੀਨ ਲੋਕਾਂ ਦੀਆਂ
ਲਾਸ਼ਾਂ ਦੇ ਅੰਬਾਰ ਲੱਗਦੇ ਦੇਖ ਚੁੱਕੀ ਹੈ

ਦੁਨੀਆ, ਗਾਜ਼ਾ ਨੂੰ
ਖੰਡਰ ਬਣਦਾ ਦੇਖ ਚੁੱਕੀ ਹੈ
■

(ਮਾਲਟਨ, ਮਾਰਚ 2, 2026)

ਅਨਪੜ੍ਹ, ਉਜੱਡ, ਬਲੌਂਗਰ

ਫੇਸਬੁੱਕ ਮੀਡੀਆ, ਅੱਜਕੱਲ੍ਹ
ਅਨਪੜ੍ਹ, ਉਜੱਡ, ਬਲੌਂਗਰਾਂ ਲਈ
ਖੇਡ ਦਾ ਮੈਦਾਨ ਬਣਿਆ ਹੋਇਆ ਹੈ–

ਸਵੇਰ ਹੁੰਦਿਆਂ ਹੀ, ਉਹ
ਫੇਸਬੁੱਕ ਉੱਤੇ, ਆਪਣਾ
ਵੀਡੀਓ ਪ੍ਰਵਚਨ
ਪੋਸਟ ਕਰ ਦਿੰਦੇ ਹਨ :

ਜਿਹੜਾ ਕੋਈ ਵਿਅਕਤੀ
ਵੀਡੀਓ ਵਿੱਚ, ਦਿਖ ਰਹੇ ਦਰੱਖਤ ਉੱਤੇ ਬੈਠੇ
ਚਿੱਟੇ ਕਾਂ ਨੂੰ ਵੇਖ ਕੇ, ਤਿੰਨ ਵਾਰ
ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ, ਕਹੇਗਾ
ਉਸ ਦੀਆਂ, 84 ਜੂਨਾਂ ਕੱਟੀਆਂ ਜਾਣਗੀਆਂ

ਜਿਹੜਾ ਕੋਈ ਵਿਅਕਤੀ
ਗੈਂਗਸਟਰ ਡਰੱਗ ਸਮੱਗਲਰ ਨੇਤਾ ਦੇ
ਹੱਕ ਵਿੱਚ ਨਾਅਰਾ ਲਗਾਵੇਗਾ:
'ਗੈਂਗਸਟਰਾ ਤੇਰੀ ਸੋਚ 'ਤੇ
ਪਹਿਰਾ ਦਿਆਂਗੇ ਠੋਕ ਕੇ'
ਉਸ ਵਿਅਕਤੀ ਦੇ ਘਰ ਵਿੱਚ
ਕਦੀ ਵੀ, ਮਾਇਆ ਦੀ
ਤੋਟ ਨਹੀਂ ਆਵੇਗੀ

ਜਿਹੜਾ ਕੋਈ ਵਿਅਕਤੀ
ਨੀਲੀ ਘੋੜੀ ਵਾਲੇ ਬਾਬਿਆਂ ਦੇ
ਧਰਮੀ ਮੱਠ ਉੱਤੇ, ਵਿਸਕੀ ਦੀ ਬੋਤਲ ਦਾ
ਚੜ੍ਹਾਵਾ ਚੜ੍ਹਾ ਕੇ ਆਵੇਗਾ
ਉਸਦਾ, ਕੈਨੇਡਾ, ਅਮਰੀਕਾ, ਅਸਟ੍ਰੇਲੀਆ, ਦਾ
ਵੀਜ਼ਾ, ਪੰਦਰਾਂ ਦਿਨਾਂ ਵਿੱਚ ਲੱਗ ਜਾਵੇਗਾ
ਇਹ, ਬਾਬਿਆਂ ਦੀ ਗਰੰਟੀ ਹੈ

ਜਿਹੜਾ ਕੋਈ ਵਿਅਕਤੀ
ਚੁੰਮੀਆਂ ਦੇਣ ਵਾਲੀ ਮਾਤਾ ਦੇ
ਦਰਸ਼ਨ ਕਰੇਗਾ, ਉਸਦੇ ਘਰ
ਛੇ ਮਹੀਨੇ ਦੇ ਅੰਦਰ ਅੰਦਰ
ਚੰਨ ਵਰਗੇ, ਸੋਹਣੇ ਮੁੱਖੜੇ ਵਾਲਾ
ਇੱਕ, ਪੁੱਤਰ ਪੈਦਾ ਹੋਵੇਗਾ

ਜਿਹੜਾ ਕੋਈ ਵਿਅਕਤੀ
ਚਰਸ ਦੇ ਸੂਟੇ ਲਗਾਉਣ ਵਾਲੇ
ਸੰਤ-ਬਾਬਿਆਂ ਦੇ ਕਛਹਿਰਿਆਂ ਵਿੱਚੋਂ ਚੌਂਦਾ
ਪਾਣੀ ਪੀਵੇਗਾ, ਉਸ ਵਿਅਕਤੀ ਦੀਆਂ
ਸੱਤ ਪੀੜ੍ਹੀਆਂ ਤਰ ਜਾਣਗੀਆਂ

ਜਿਹੜਾ ਕੋਈ ਵਿਅਕਤੀ
ਤਿੰਨ ਤਿੰਨ ਸਿਗਰਟਾਂ ਦਾ, ਇੱਕੋ ਵੇਲੇ
ਸੂਟਾ ਲਗਾਉਣ ਵਾਲੇ ਬਾਲਕ ਬਾਬਾ ਜੀ ਨਾਲ ਮਿਲ ਕੇ
ਤਿੰਨ ਤਿੰਨ ਸਿਗਰਟਾਂ, ਇੱਕੋ ਵੇਲੇ, ਪੀ ਕੇ ਦਿਖਾਵੇਗਾ
ਉਸਦੇ ਵਿਉਪਾਰ ਵਿੱਚ
ਦਿਨ ਦੁੱਗਣਾ, ਰਾਤ ਚੌਗਣਾ, ਵਾਧਾ ਹੋਵੇਗਾ

ਜਿਹੜਾ ਕੋਈ ਵਿਅਕਤੀ
30 ਦਿਨ ਲਗਾਤਾਰ, ਗਊ ਮਾਤਾ ਦਾ
ਮੂਤਰ ਪੀਵੇਗਾ, ਇੰਨੇ ਹੀ ਦਿਨ
ਜੇਕਰ, ਕੋਈ ਵਿਅਕਤੀ, ਗਊ ਮਾਤਾ ਦੇ
ਗੋਬਰ ਨੂੰ ਭੋਜਣ ਸਮਝ ਕੇ ਖਾਵੇਗਾ
ਉਸ ਵਿਅਕਤੀ ਦੀ, ਕੈਂਸਰ ਵਰਗੀ
ਭਿਆਨਕ ਬੀਮਾਰੀ ਵੀ, ਦਿਨਾਂ ਵਿੱਚ ਹੀ
ਦੂਰ ਹੋ ਜਾਵੇਗੀ

ਅਨਪੜ੍ਹ, ਉਜੱਡ, ਬਲੌਗਰਾਂ ਨੇ
ਫੇਸਬੁੱਕ ਮੀਡੀਆ ਨੂੰ, ਆਪਣਾ
ਖੇਡ ਦਾ ਮੈਦਾਨ ਬਣਾ ਲਿਆ ਹੈ

ਕੋਈ ਵੀ ਸਮਝਦਾਰ ਵਿਅਕਤੀ
ਇਨ੍ਹਾਂ, ਉਜੱਡ ਲੋਕਾਂ ਨੂੰ
ਸਮਝਾਉਣ ਦੀ ਕੋਸ਼ਿਸ਼ ਕਰੇ, ਤਾਂ
ਇਹ, ਭੱਦਰ ਪੁਰਸ਼, ਉਸ ਵਿਅਕਤੀ ਉੱਤੇ
ਮਾਵਾਂ, ਭੈਣਾਂ, ਧੀਆਂ, ਦੀਆਂ
ਲੁੱਚੀਆਂ, ਗੰਦੀਆਂ, ਗਾਹਲਾਂ ਦੀ
ਬੁਛਾੜ ਕਰ ਦਿੰਦੇ ਹਨ

ਬਿਲਕੁਲ, ਓਵੇਂ ਹੀ
ਜਿਵੇਂ, ਅਜੋਕੇ ਸਮਿਆਂ ਵਿੱਚ
ਜਿਹੜਾ ਵੀ ਦੇਸ਼ ਸੁਪਰਪਾਵਰ ਅਮਰੀਕਾ ਦੀ
ਹਾਂ ਵਿੱਚ ਹਾਂ ਨ ਮਿਲਾਵੇ, ਤਾਂ
ਇਸ, ਸਮੁੱਚੀ ਧਰਤੀ ਨੂੰ
ਆਪਣੀਆਂ, ਜੰਗੀ ਖੇਡਾਂ ਖੇਡਣ ਦਾ ਮੈਦਾਨ ਸਮਝ

ਆਪਣੇ, ਮਾਰੂ ਹਥਿਆਰਾਂ ਦੀ ਸ਼ਕਤੀ ਪਰਖਣ ਲਈ
ਉਸ ਦੇਸ਼ ਉੱਤੇ, ਹਵਾਈ ਜਹਾਜ਼ਾਂ ਨਾਲ ਬੰਬਾਰੀ ਕਰਨ
ਬੱਚਿਆਂ, ਬੁੱਢਿਆਂ, ਜਵਾਨਾਂ, ਮਰਦਾਂ, ਔਰਤਾਂ, ਦਾ
ਕਤਲ ਕਰਨ ਦਾ, ਅਮਰੀਕਾ
ਹੁਕਮ ਦੇ ਦਿੰਦਾ ਹੈ
■

(ਮਾਲਟਨ, ਮਾਰਚ 20, 2026)

ਜੰਗ ਦੀਆਂ ਧਰਾਤਲਾਂ

ਜੰਗ, ਅਨੇਕਾਂ ਧਰਾਤਲਾਂ ਉੱਤੇ ਲੜੀ ਜਾਂਦੀ ਹੈ–

ਜੰਗ, ਕਿਸੀ ਦੇਸ਼ ਦਾ ਬਿੰਬ ਵਿਗਾੜਨਾ ਹੁੰਦਾ ਹੈ
ਜੰਗ, ਕਿਸੀ ਦੇਸ਼ ਉੱਤੇ ਧੌਂਸ ਜਮਾਉਣਾ ਹੁੰਦਾ ਹੈ
ਜੰਗ, ਕਿਸੀ ਦੇਸ਼ ਦਾ ਪ੍ਰਬੰਧਕੀ ਢਾਂਚਾ ਤਹਿਸ-ਨਹਿਸ ਕਰਨਾ ਹੁੰਦਾ ਹੈ
ਜੰਗ, ਕਿਸੀ ਦੇਸ਼ ਦੇ ਆਰਥਿਕ ਵਸੀਲਿਆਂ ਨੂੰ ਲੁੱਟਣਾ ਹੁੰਦਾ ਹੈ

ਜੰਗ, ਝੂਠ ਉੱਤੇ ਉਸਰੀਆਂ ਖਬਰਾਂ ਨਾਲ ਲੜੀ ਜਾਂਦੀ ਹੈ
ਜੰਗ, ਜਾਸੂਸੀ ਰਾਹੀਂ ਅਹਿਮ ਜਾਣਕਾਰੀ ਪ੍ਰਾਪਤ ਕਰਕੇ ਲੜੀ ਜਾਂਦੀ ਹੈ
ਜੰਗ, ਮਨੋਵਿਗਿਆਨਕ ਤੌਰ ਉੱਤੇ
ਜਿੱਤ ਦਾ ਪ੍ਰਭਾਵ ਪੈਦਾ ਕਰਕੇ ਲੜੀ ਜਾਂਦੀ ਹੈ
ਜੰਗ, ਖਤਰਨਾਕ ਹਥਿਆਰਾਂ ਦਾ ਦਿਖਾਵਾ ਕਰਕੇ ਲੜੀ ਜਾਂਦੀ ਹੈ

ਜੰਗ, ਆਪਣੇ ਦੇਸ਼ ਦੇ ਲੋਕਾਂ ਅੰਦਰ ਦੇਸ਼ ਪਿਆਰ ਜਗਾ ਕੇ ਲੜੀ ਜਾਂਦੀ ਹੈ
ਜੰਗ, ਆਪਣੇ ਦੇਸ਼ ਦੇ ਲੋਕਾਂ ਨੂੰ ਇੱਕ ਮੁੱਠ ਕਰਕੇ ਲੜੀ ਜਾਂਦੀ ਹੈ
ਜੰਗ, ਆਪਣੇ ਦੇਸ਼ ਅੰਦਰ ਵਧਦੀਆਂ ਕੀਮਤਾਂ ਨੂੰ
ਠੱਲ੍ਹ ਪਾ ਕੇ ਲੜੀ ਜਾਂਦੀ ਹੈ
ਜੰਗ, ਆਪਣੇ ਦੇਸ਼ ਅੰਦਰ
ਸੁਰੱਖਿਆ ਦੀ ਭਾਵਨਾ ਪੈਦਾ ਕਰਕੇ ਲੜੀ ਜਾਂਦੀ ਹੈ

ਜੰਗ, ਕਿਸੀ ਦੇਸ਼ ਦਾ ਜਾਨੀ ਮਾਲੀ ਨੁਕਸਾਨ ਕਰਕੇ ਹੀ ਨਹੀਂ ਜਿੱਤੀ ਜਾਂਦੀ
ਜੰਗ, ਕਿਸੀ ਦੇਸ਼ ਦਾ ਪ੍ਰਬੰਧਕੀ ਢਾਂਚਾ ਡੇਗਕੇ ਹੀ ਨਹੀਂ ਜਿੱਤੀ ਜਾਂਦੀ
ਜੰਗ, ਕਿਸੀ ਦੇਸ਼ ਨੂੰ ਖੰਡਰ ਬਣਾ ਕੇ ਹੀ ਨਹੀਂ ਜਿੱਤੀ ਜਾਂਦੀ
ਜੰਗ, ਲਾਸ਼ਾਂ ਦਾ ਅੰਬਾਰ ਲਗਾ ਕੇ ਹੀ ਨਹੀਂ ਜਿੱਤੀ ਜਾਂਦੀ

ਜੰਗ, ਸ਼ਤਰੰਜ ਦੀ ਖੇਡ ਵਾਂਗ ਹੁੰਦੀ ਹੈ–
ਤੁਹਾਡੇ ਵੱਲੋਂ ਚੱਲੀ ਗਈ ਇੱਕ ਵੀ ਗਲਤ ਚਾਲ
ਤੁਹਾਡੀ ਜਿੱਤ ਦੇ ਜਸ਼ਨਾਂ ਨੂੰ
ਹਾਰ ਵਿੱਚ ਬਦਲ ਸਕਦੀ ਹੈ
ਤੁਹਾਡੀਆਂ ਚਾਲਾਂ ਦੇ ਭੇਤ ਅਚਾਨਕ ਖੁੱਲ੍ਹ ਜਾਣ ਨਾਲ
ਤੁਹਾਡੇ ਬੁੱਲ੍ਹਾਂ ਉੱਤੇ ਆਏ ਹਾਸਿਆਂ ਨੂੰ
ਤੁਹਾਡੇ ਰੋਣ ਵਿੱਚ ਬਦਲ ਸਕਦੀ ਹੈ
■

(ਮਾਲਟਨ, ਮਾਰਚ 24, 2026)

ਮੌਤ ਦੇ ਵਿਉਪਾਰੀ

ਮੌਤ ਦੇ ਵਿਉਪਾਰੀ ਹੀ
ਜੰਗ ਦੇ ਵਿਉਪਾਰੀਆਂ ਦਾ
ਭੇਖ ਧਾਰਦੇ–

ਉਨ੍ਹਾਂ ਨੂੰ, ਬਸ
ਇਹੀ, ਪਤਾ ਹੁੰਦਾ
ਜੰਗ ਲੱਗੇਗੀ, ਤਾਂ
ਹਥਿਆਰ ਵਿਕਣਗੇ

ਹਥਿਆਰ ਵਿਕਣਗੇ, ਤਾਂ
ਉਨ੍ਹਾਂ ਦੇ, ਬੈਂਕ ਖਾਤਿਆਂ 'ਚ
ਡਾਲਰਾਂ ਦੇ ਅੰਬਾਰ ਲੱਗਣਗੇ

ਉਨ੍ਹਾਂ ਨੂੰ, ਇਸ ਗੱਲ ਨਾਲ
ਕੋਈ, ਚਿੰਤਾ ਨਹੀਂ ਹੁੰਦੀ
ਜੰਗ ਲੱਗੇਗੀ, ਤਾਂ
ਲਾਸ਼ਾਂ ਦੇ ਅੰਬਾਰ ਵੀ ਲੱਗਣਗੇ

ਲਾਸ਼ਾਂ ਦੇ ਅੰਬਾਰ ਲੱਗਣਗੇ, ਤਾਂ
ਘਰਾਂ ਦੇ, ਚੁੱਲ੍ਹਿਆਂ ਦੀ ਸਵਾਹ
ਘਰਾਂ 'ਚ ਵਸਦੇ ਲੋਕਾਂ ਦੇ
ਸਿਰਾਂ ਵਿੱਚ ਪਵੇਗੀ

ਚੁੱਲ੍ਹਿਆਂ ਦੀ ਸਵਾਹ
ਸਿਰਾਂ ਉੱਤੇ ਪਵੇਗੀ, ਤਾਂ
ਬੱਚੇ ਅਨਾਥ ਹੋ ਕੇ
ਸੜਕਾਂ ਉੱਤੇ ਰੁਲਣਗੇ

ਬੱਚੇ ਅਨਾਥ ਹੋ ਕੇ ਰੁਲਣਗੇ, ਤਾਂ
ਗੈਂਗਸਟਰ ਗ਼ੋਹਾਂ ਦੇ ਰਹਿਮ ਉੱਤੇ ਪਲਣਗੇ
ਕ੍ਰਾਈਮ ਦੀ ਦੁਨੀਆ ਦਾ ਅੰਗ ਬਨਣਗੇ

ਜੰਗ ਦੇ ਵਿਉਪਾਰੀ ਹੀ
ਮਨੁੱਖਤਾ ਨੂੰ, ਮੌਤ ਦੀ ਭੱਠੀ ਵੱਲ
ਧਕੇਲਦੇ ਹਨ

ਜੰਗ ਦੇ ਵਿਉਪਾਰੀ ਹੀ
ਬੱਚਿਆਂ, ਜੁਆਨਾਂ, ਬੁੱਢਿਆਂ, ਦੀਆਂ ਲਾਸ਼ਾਂ ਨੂੰ
ਗਿਰਝਾਂ ਵਾਂਗ, ਖਾਂਦੇ ਹਨ

ਜੰਗ ਦੇ ਵਿਉਪਾਰੀ
ਕੋਈ ਵੀ, ਨਾਅਰਾ ਲਗਾ ਕੇ
ਆ ਸਕਦੇ ਹਨ–
–ਦੇਸ਼ ਦੀ ਸੁਰੱਖਿਆ ਨੂੰ ਖਤਰਾ ਹੈ
–ਧਰਮ ਨੂੰ ਖਤਰਾ ਹੈ
–ਕੌਮ ਨੂੰ ਖਤਰਾ ਹੈ
–ਸਭਿਆਚਾਰ ਨੂੰ ਖਤਰਾ ਹੈ
–ਬੋਲੀ ਨੰ ਖਤਰਾ ਹੈ
–ਹਵਾ ਨੂੰ ਖਤਰਾ ਹੈ
–ਪਾਣੀ ਨੂੰ ਖਤਰਾ ਹੈ
–ਧਰਤੀ ਨੂੰ ਖਤਰਾ ਹੈ

ਜੰਗ ਦੇ ਵਿਉਪਾਰੀ
ਕੋਈ ਵੀ, ਮੁਖੌਟਾ ਪਾ ਕੇ
ਕੋਈ ਵੀ, ਬਹਾਨਾ ਬਣਾ ਕੇ
ਆਪਣੇ, ਮੰਤਵ ਹਿੱਤ
ਧਰਤੀ ਦੇ ਕਿਸੇ ਵੀ ਹਿੱਸੇ ਵਿੱਚ-
-ਜੰਗ ਦੇ ਭਾਂਬੜ ਬਾਲ ਸਕਦੇ ਹਨ
-ਅਮਨ ਨੂੰ ਅੱਗ ਲਗਾ ਸਕਦੇ ਹਨ
-ਲਾਸ਼ਾਂ ਦੇ ਅੰਬਾਰ ਲਗਾ ਸਕਦੇ ਹਨ
■

(ਮਾਲਟਨ, ਮਾਰਚ 25, 2026)

ਵਿਚਾਰ ਆਪੋ ਆਪਣੇ

ਕੁਝ, ਲੋਕ ਆਖਦੇ ਹਨ :
ਜੰਗ ਲੱਗੀ ਹੈ, ਤਾਂ
ਲੱਗੀ ਰਹੇ–
–ਅਸੀਂ, ਤਾਂ, ਈਦ ਦੀਆਂ ਖੁਸ਼ੀਆਂ ਵਿੱਚ ਮਸਤ ਹਾਂ
–ਅਸੀਂ, ਤਾਂ, ਕ੍ਰਿਸਮਸ ਦੀਆਂ ਖੁਸ਼ੀਆਂ ਵਿੱਚ ਮਸਤ ਹਾਂ
–ਅਸੀਂ, ਤਾਂ, ਹਾਨੂਕਾਅ ਦੀਆਂ ਖੁਸ਼ੀਆਂ ਵਿੱਚ ਮਸਤ ਹਾਂ
–ਅਸੀਂ, ਤਾਂ, ਦੀਵਾਲੀ ਦੀਆਂ ਖੁਸ਼ੀਆਂ ਵਿੱਚ ਮਸਤ ਹਾਂ
–ਅਸੀਂ, ਤਾਂ, ਵਿਸਾਖੀ ਦੀਆਂ ਖੁਸ਼ੀਆਂ ਵਿੱਚ ਮਸਤ ਹਾਂ

ਜੇਕਰ, ਕਿਸੀ ਨੂੰ ਵੀ
ਇਸ, ਜੰਗ ਨਾਲ, ਕੋਈ
ਵਾਸਤਾ ਨਹੀਂ, ਤਾਂ
ਫਿਰ, ਉਹ, ਲੋਕ ਕੌਣ ਹਨ–
ਜੋ, ਬੱਚਿਆਂ ਦੇ, ਸਕੂਲਾਂ ਉੱਤੇ
ਟੋਮਾਹੌਕ ਮਿਜ਼ਾਈਲਾਂ ਸੁੱਟ ਕੇ
ਬੱਚਿਆਂ ਦੀਆਂ, ਲਾਸ਼ਾਂ ਦੇ
ਅੰਬਾਰ ਲਗਾ ਰਹੇ ਹਨ

ਜੇਕਰ, ਕਿਸੀ ਨੂੰ ਵੀ
ਇਸ, ਜੰਗ ਨਾਲ, ਕੋਈ
ਵਾਸਤਾ ਨਹੀਂ, ਤਾਂ
ਫਿਰ, ਉਹ, ਲੋਕ ਕੌਣ ਹਨ–
ਜੋ, ਹਜ਼ਾਰਾਂ ਘਰਾਂ ਉੱਤੇ
ਹਵਾਈ ਜਹਾਜ਼ਾਂ ਨਾਲ

ਕਲੱਸਟਰ ਬੰਬ ਸੁੱਟ ਕੇ
ਬੱਚਿਆਂ, ਜੁਆਨਾਂ, ਬਜ਼ੁਰਗਾਂ, ਦੀਆਂ
ਲਾਸ਼ਾਂ ਨਾਲ ਕਬਰਸਤਾਨ ਬਣਾ ਰਹੇ ਹਨ

ਜੇਕਰ, ਕਿਸੀ ਨੂੰ ਵੀ
ਇਸ, ਜੰਗ ਨਾਲ, ਕੋਈ
ਵਾਸਤਾ ਨਹੀਂ, ਤਾਂ
ਫਿਰ, ਉਹ, ਲੋਕ ਕੌਣ ਹਨ–
ਜੋ, ਸਕੂਲਾਂ, ਹਸਪਤਾਲਾਂ, ਯੂਨੀਵਰਸਿਟੀਆਂ, ਨੂੰ
ਕਲੱਸਟਰ ਮਿਜ਼ਾਈਲਾਂ ਦੇ ਨਿਸ਼ਾਨੇ ਬਣਾ ਬਣਾ
ਵਿਸ਼ਾਲ, ਖੰਡਰ ਬਣਾ ਰਹੇ ਹਨ

ਜੇਕਰ, ਕਿਸੀ ਨੂੰ ਵੀ
ਇਸ, ਜੰਗ ਨਾਲ, ਕੋਈ
ਵਾਸਤਾ ਨਹੀਂ, ਤਾਂ
ਫਿਰ, ਉਹ, ਲੋਕ ਕੌਣ ਹਨ–
ਜੋ, ਰਫਿਊਜੀ ਕੈਂਪਾਂ ਵਿੱਚ ਰੁਲ ਰਹੇ
ਨਿਹੱਥੇ, ਬੇਸਹਾਰਾ, ਬੇਗੁਨਾਹ, ਲੋਕਾਂ ਨੂੰ
ਭੁੱਖੇ, ਪਿਆਸੇ, ਤੜਪਾ ਤੜਪਾ ਕੇ
ਮਾਰ ਰਹੇ ਹਨ

ਮਾਨਵੀ ਹੱਕਾਂ ਦੇ ਰਾਖੇ
ਸੰਵੇਦਨਸ਼ੀਲ, ਅਮਨ ਦੇ ਰਖਵਾਲਿਆਂ ਨੂੰ, ਆਖਿਰ–
ਉਨ੍ਹਾਂ, ਸਾਜ਼ਿਸ਼ੀ, ਕਾਤਲਾਂ, ਮੌਤ ਦੇ ਵਣਜਾਰਿਆਂ, ਦੀ
ਖੋਜ, ਤਾਂ, ਕਰਨੀ ਹੀ ਪਵੇਗੀ

ਉਨ੍ਹਾਂ, ਮਨੁੱਖ ਵਿਰੋਧੀ
ਗਿਰਝਾਂ ਦੀ ਤਲਾਸ਼, ਤਾਂ
ਕਰਨੀ ਹੀ ਪਵੇਗੀ

ਉਨ੍ਹਾਂ, ਆਦਮ-ਬੋਅ, ਆਦਮ-ਬੋਅ, ਕਰ ਰਹੇ
ਦੈਂਤਾਂ ਦੀ ਤਲਾਸ਼, ਤਾਂ
ਕਰਨੀ ਹੀ ਪਵੇਗੀ

ਉਨ੍ਹਾਂ, ਜੰਗਬਾਜ਼, ਹਥਿਆਰਾਂ ਦੇ ਵਿਉਪਾਰੀਆਂ, ਦੀ
ਤਲਾਸ਼, ਤਾਂ, ਕਰਨੀ ਹੀ ਪਵੇਗੀ –
ਜੋ, ਮਹਿਜ਼, ਆਪਣੇ, ਬੈਂਕ ਬੈਲੈਂਸ ਵਧਾਉਣ ਖਾਤਿਰ
ਮੁੜ, ਮੁੜ, ਧਰਤੀ ਦੇ ਕਿਸੀ-ਨ-ਕਿਸੀ ਹਿੱਸੇ ਵਿੱਚ
ਜੰਗ ਦੇ ਭਾਂਬੜ ਬਾਲ ਰਹੇ ਹਨ
■

(ਮਾਲਟਨ, ਮਾਰਚ 27, 2026)

ਸਮੂਹਕ ਆਵਾਜ਼ ਦੀ ਤਪ੍ਤ

ਜੰਗਬਾਜ਼ਾਂ ਦੇ, ਬੋਲਿਆਂ ਕੰਨਾਂ ਨੂੰ
ਸੁਨਾਉਣ ਲਈ, ਜਾਗਦੀ ਜ਼ਮੀਰ ਵਾਲੇ ਲੋਕਾਂ ਨੂੰ
ਧਰਤੀ ਦੇ ਚੱਪੇ ਚੱਪੇ ਉੱਤੇ, ਆਪਣੀ
ਆਵਾਜ਼ ਬੁਲੰਦ ਕਰਨੀ ਪਵੇਗੀ :
'ਜੰਗਬਾਜ਼, ਮੁਰਦਾਬਾਦ
ਅਮਨ, ਜ਼ਿੰਦਾਬਾਦ !'

ਧਰਤੀ ਦੇ ਚੱਪੇ ਚੱਪੇ ਉੱਤੇ
ਨਿਊਯਾਰਕ, ਟੋਰਾਂਟੋ, ਪੈਰਿਸ, ਲੰਡਨ, ਮਾਸਕੋ, ਦਿੱਲੀ, ਲਾਹੌਰ, ਬੇਜਿੰਗ
ਇੱਕ ਹੀ ਆਵਾਜ਼ ਗੂੰਜਣ ਦਿਓ–
ਇਹ ਧਰਤੀ, ਜੰਗਬਾਜ਼ਾਂ ਦੀ ਜਾਗੀਰ ਨਹੀਂ
ਧਰਤੀ ਉੱਤੇ ਵਸਦੇ ਸਭ ਲੋਕਾਂ ਦੇ, ਹੱਸਣ-ਖੇਡਣ, ਲਈ ਸਾਂਝਾ ਵਿਹੜਾ ਹੈ
ਧਰਤੀ ਉੱਤੇ ਹਜ਼ਾਰਾਂ ਰੰਗਾਂ ਦੇ ਫੁੱਲ, ਪੌਦੇ, ਖਿੜਣ ਦਿਓ
ਧਰਤੀ ਉੱਤੇ ਹਜ਼ਾਰਾਂ ਧਰਮਾਂ, ਕੌਮਾਂ, ਸਭਿਆਚਾਰਾਂ, ਨੂੰ ਵੱਸਣ ਦਿਓ
ਧਰਤੀ ਉੱਤੇ ਚਿੱਟੇ, ਕਾਲੇ, ਖਾਕੀ, ਪੀਲੇ, ਲਾਲ, ਮਨੁੱਖਾਂ ਨੂੰ ਜਿਉਣ ਦਿਓ
ਧਰਤੀ ਉੱਤੇ ਹਜ਼ਾਰਾਂ ਤਰ੍ਹਾਂ ਦੇ ਜੀਵ, ਜੰਤੂ, ਪਸ਼ੂ, ਵਿਚਰਨ ਦਿਓ

ਜੇਕਰ, ਧਰਤੀ ਉੱਤੇ
ਇੱਕ ਰੰਗ ਹੀ ਹੁੰਦਾ, ਤਾਂ
ਨਿਰਸੰਦੇਹ, ਧਰਤੀ
ਕਿੰਨੀ ਬਦਸੂਰਤ ਹੋਣੀ ਸੀ

ਇਸ ਧਰਤੀ ਦੀ ਖ਼ੂਬਸੂਰਤੀ
ਇਸੀ ਗੱਲ ਵਿੱਚ ਹੀ ਹੈ–
ਧਰਤੀ ਦੇ ਇੱਕ ਕੋਨੇ ਤੋਂ ਦੂਜੇ ਕੋਨੇ ਤੱਕ
ਜਿਧਰ ਵੀ, ਤੁਹਾਡੀ, ਨਿਗਾਹ ਜਾਵੇ
ਸਤਰੰਗੀ ਪੀਂਘ ਦੇ ਰੰਗਾਂ ਦੇ ਹੀ
ਝਲਕਾਰੇ ਮਿਲਦੇ ਹਨ

ਮਨੁੱਖ ਦੀ ਸੋਚ ਵਿੱਚ
ਜਿਸ ਦਿਨ, ਮਹਿਜ਼
ਇੱਕ ਰੰਗ ਹੀ ਭਾਰੂ ਹੋ ਗਿਆ–

ਉਹ ਦਿਨ, ਧਰਤੀ ਲਈ
ਇੱਕ ਸਰਾਪ ਹੋਵੇਗਾ
ਉਹ ਦਿਨ, ਧਰਤੀ ਦੀ ਜ਼ਿੰਦਗੀ ਦਾ
ਆਖਰੀ ਦਿਨ ਹੋਵੇਗਾ
ਉਹ ਦਿਨ, ਮਨੁੱਖ ਦੀ ਜ਼ਿੰਦਗੀ ਦਾ
ਆਖਰੀ ਦਿਨ ਹੋਵੇਗਾ
■

(ਮਾਲਟਨ, ਮਾਰਚ 29, 2026)

ਤੇਲ ਪੀਣਾ ਦੈਂਤ

ਅਮਰੀਕਾ, ਇੱਕ
ਤੇਲ ਪੀਣਾ ਦੈਂਤ ਹੈ-

ਲਿਬੀਆ, ਕੁਵੈਤ, ਇਰਾਕ, ਵੇਨੇਜ਼ੁਏਲਾ, ਈਰਾਨ
ਧਰਤੀ ਦੇ ਜਿਸ ਕਿਸੇ ਹਿੱਸੇ ਵਿੱਚ ਵੀ
ਤੇਲ ਦੇ ਭੰਡਾਰ ਹੋਣ, ਅਮਰੀਕਾ
ਉਸ ਦੇਸ਼ ਦੇ ਤੇਲ ਭੰਡਾਰਾਂ ਉੱਤੇ ਕਬਜ਼ਾ ਕਰਨ ਲਈ
ਆਪਣੀਆਂ, ਫੌਜਾਂ ਉਤਾਰ ਦਿੰਦਾ ਹੈ

ਇਹ ਤੇਲ ਪੀਣਾ ਦੈਂਤ
ਆਪਣੀ, ਤੇਲ ਪੀਣ ਦੀ ਭੁੱਖ ਕਾਰਨ
ਤੇਲ ਦੇ ਭੰਡਾਰਾਂ ਵਾਲੇ ਦੇਸ਼ ਉੱਤੇ ਧੌਂਸ ਜਮਾਉਣ ਲਈ
ਅੰਧਾਧੁੰਦ, ਹਵਾਈ ਬੰਬਾਰੀ ਕਰਦਾ ਹੈ
ਉਸ ਦੇਸ਼ ਦੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਉੱਤੇ
ਮਿਜ਼ਾਈਲਾਂ ਦੀ ਬਾਰਿਸ਼ ਕਰਕੇ, ਉਨ੍ਹਾਂ ਨੂੰ ਖੰਡਰ ਬਣਾਉਂਦਾ ਹੈ
ਉਸ ਦੇਸ਼ ਦੇ ਮਰਦਾਂ, ਔਰਤਾਂ, ਬੱਚਿਆਂ, ਜੁਆਨਾਂ, ਬਜ਼ੁਰਗਾਂ, ਨੂੰ
ਕੀੜੇ ਮਕੌੜੇ ਸਮਝ, ਆਪਣੇ, ਫੌਜੀ ਬੂਟਾਂ ਹੇਠ ਮਸਲਦਾ ਹੈ

ਦੁਨੀਆ ਦੀ ਕਿਸੀ ਵੀ ਅਦਾਲਤ ਦਾ
ਕੋਈ ਵੀ ਕਾਨੂੰਨ, ਇਸ ਤੇਲ ਪੀਣੇ ਦੈਂਤ ਉੱਤੇ
ਲਾਗੂ ਨਹੀਂ ਹੁੰਦਾ

ਇੱਥੋਂ ਤੱਕ, ਯੂ.ਐੱਨ.ਓ. ਵਰਗੀ ਵਿਸ਼ਵ ਸੰਸਥਾ ਵੀ
ਅਮਰੀਕਾ ਦੇ ਵਹਿਸ਼ੀਪੁਣੇ ਸਾਹਮਣੇ, ਆਪਣਾ
ਮੂੰਹ ਖੋਹਲਣ ਤੋਂ ਡਰਦੀ ਹੈ

ਇਹ, ਤੇਲ ਪੀਣਾ ਦੈਂਤ
ਆਪਣੀ, ਵਹਿਸ਼ਤ ਦਿਖਾਉਣ ਲਈ
ਜਿਸ ਕਿਸੀ ਵੀ ਦੇਸ਼ ਵਿੱਚ
ਆਪਣੇ, ਪੈਰ ਧਰਦਾ ਹੈ-
ਡਰੈਕੂਲਾ ਵਾਂਗ, ਉਸ ਦੇਸ਼ ਦੇ
ਲੋਕਾਂ ਦਾ ਖ਼ੂਨ ਪੀ ਜਾਂਦਾ ਹੈ

ਅਮਰੀਕਾ, ਇੱਕ
ਤੇਲ ਪੀਣਾ ਦੈਂਤ-
ਆਪਣੀ, ਇਸ ਭੁੱਖ ਕਾਰਨ
ਬਾਰ, ਬਾਰ, ਦੁਨੀਆ ਨੂੰ
ਤੀਜੇ ਵਿਸ਼ਵ-ਯੁੱਧ ਦੇ ਦਰਵਾਜਿਆਂ ਉੱਤੇ
ਲਿਆ ਖੜ੍ਹਾ ਕਰਦਾ ਹੈ
ਮਨੁੱਖਤਾ ਨੂੰ, ਤਬਾਹੀ ਦੇ ਕੰਢੇ
ਲਿਆ ਖੜ੍ਹਾ ਕਰਦਾ ਹੈ
■

(ਮਾਲਟਨ, ਮਾਰਚ 30, 2026)

ਵਿਗੜਿਆ ਹੋਇਆ ਬੱਚਾ

ਅਮਰੀਕਾ, ਇੱਕ
ਵਿਗੜਿਆ ਹੋਇਆ ਬੱਚਾ ਹੈ –

ਉਸ ਲਈ–
ਕੈਨੇਡਾ, ਗਰੀਨਲੈਂਡ, ਵੇਨੇਜ਼ੁਏਲਾ, ਇਰਾਕ, ਈਰਾਨ, ਕਿਊਬਾ
ਮਹਿਜ਼, ਖਿਡੌਣੇ ਹਨ

ਉਹ, ਹਰ ਹਾਲਤ ਵਿਚ
ਇਨ੍ਹਾਂ, ਸਭ, ਖਿਡੌਣਿਆਂ ਨੂੰ
ਆਪਣੇ, ਕਾਬੂ ਹੇਠ ਰੱਖਣ ਦੀ
ਜ਼ਿਦ ਕਰਦਾ ਰਹਿੰਦਾ ਹੈ

ਉਹ, ਇਨ੍ਹਾਂ ਦੇਸ਼ਾਂ ਦੇ
ਕੁਦਰਤੀ ਪਦਾਰਥਾਂ ਦੇ ਭੰਡਾਰਾਂ ਨੂੰ
ਆਪਣੀ, ਮਾਲਕੀਅਤ
ਬਨਾਉਣਾ ਚਾਹੁੰਦਾ ਹੈ

ਅਮਰੀਕਾ ਦੀ ਵਿਚਾਰਧਾਰਾ ਵਿੱਚ
ਹਿਟਲਰਵਾਦੀ ਵਿਚਾਰਾਂ ਦੇ ਕੀੜੇ
ਕੁਰਬਲ ਕੁਰਬਲ ਕਰਦੇ ਹਨ

ਉਹ, ਅਨੇਕਾਂ ਦੇਸ਼ਾਂ ਦੀਆਂ
ਸਰਕਾਰਾਂ ਨੂੰ, ਖੁੱਲ੍ਹੇਆਮ, ਧਮਕੀਆਂ ਦਿੰਦਾ ਹੈ–
ਜੇਕਰ, ਉਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਨੇ

ਅਮਰੀਕਾ ਨੂੰ, ਉਨ੍ਹਾਂ ਦੇਸ਼ਾਂ ਦੇ
ਕੁਦਰਤੀ ਪਦਾਰਥਾਂ ਦੇ ਜ਼ਖੀਰਿਆਂ ਨੂੰ
ਲੁੱਟਣ ਦੀ ਖੁੱਲ੍ਹ ਨ ਦਿੱਤੀ, ਤਾਂ
ਅਮਰੀਕਾ, ਇਨ੍ਹਾਂ ਦੇਸ਼ਾਂ ਉੱਤੇ
ਹਵਾਈ ਜਹਾਜ਼ਾਂ, ਮਿਜ਼ਾਈਲਾਂ, ਡਰੋਨਾਂ, ਨਾਲ ਹਮਲੇ ਕਰਕੇ
ਇਨ੍ਹਾਂ ਦੇਸ਼ਾਂ ਦੀ, ਇੱਟ ਨਾਲ ਇੱਟ ਖੜਕਾਅ ਦੇਵੇਗਾ
ਇਨ੍ਹਾਂ ਦੇਸ਼ਾਂ ਨੂੰ, ਪੱਥਰ ਯੁੱਗ ਵਿੱਚ
ਪਹੁੰਚਾ ਦੇਵੇਗਾ, ਇਨ੍ਹਾਂ ਦੇਸ਼ਾਂ ਵੱਲੋਂ
ਸੈਂਕੜੇ ਸਾਲਾਂ ਵਿੱਚ, ਕੀਤੀ ਤਰੱਕੀ
ਮਿੱਟੀ ਵਿੱਚ ਮਿਲਾ ਦੇਵੇਗਾ

ਅਮਰੀਕਾ ਦੇ ਚਾਂਬਲੇਪਣ ਕਾਰਨ
ਇਸ ਨੂੰ, ਧਰਤੀ ਦੇ ਅਨੇਕਾਂ ਹਿੱਸਿਆਂ ਵਿੱਚ
ਵੀਅਤਨਾਮ, ਅਫਗਾਨਿਸਤਾਨ, ਇਰਾਕ, ਈਰਾਨ, ਵਰਗੇ ਦੇਸ਼ਾਂ ਨਾਲ
ਯੁੱਧ ਛੇੜ ਲੈਣ ਦੀ ਆਦਤ ਰਹੀ ਹੈ

ਪਰ, ਦੁਨੀਆ ਜਾਣਦੀ ਹੈ
ਹਰ ਮੌਕੇ ਹੀ, ਅਮਰੀਕਾ ਦੇ ਜਬਾੜਿਆਂ ਉੱਤੇ
ਹਥੌੜਿਆਂ ਵਰਗੇ, ਘਸੁੰਨ ਵੱਜਦੇ ਰਹੇ ਹਨ

ਹਰ ਮੌਕੇ ਹੀ, ਅਮਰੀਕਾ
ਬੁਰੀ ਤਰ੍ਹਾਂ, ਲਹੂ-ਲੁਹਾਨ ਹੋ ਕੇ
ਯੁੱਧ ਦੇ ਮੈਦਾਨ 'ਚੋਂ
ਪਰਤਿਆ ਹੈ
■

(ਮਾਲਟਨ, ਅਪ੍ਰੈਲ 2, 2026)

ਸਾਰੀ ਧਰਤੀ ਇੱਕ ਪਿੰਡ

ਸਾਰੀ ਧਰਤੀ, ਹੁਣ
ਇੱਕ, ਪਿੰਡ ਬਣ ਚੁੱਕੀ ਹੈ–

ਮਿਡਲ ਈਸਟ ਵਿੱਚ ਜੰਗ ਛਿੜੀ ਹੈ
ਪਰ, ਜੰਗ 'ਚ ਮਾਰੇ ਗਏ, ਆਪਣੇ
ਪੁੱਤਰਾਂ/ਧੀਆਂ ਦੇ ਨਾਂ ਲੈ ਲੈ ਕੇ
ਰੋ ਰਹੀਆਂ ਹਨ ਮਾਵਾਂ
ਈਰਾਨ, ਇਜ਼ਰਾਈਲ, ਬਹਿਰੀਨ, ਜੋਰਡਨ, ਇੰਡੀਆ, ਅਮਰੀਕਾ, 'ਚ

ਜੰਗ ਦੀ ਅੱਗ ਦੇ ਭਾਂਬੜ, ਭਾਵੇਂ
ਮਿਡਲ ਈਸਟ ਵਿੱਚ ਬਲ ਰਹੇ ਹਨ–
ਪਰ, ਜੰਗ ਦਾ ਨਾਂ ਸੁਣ ਕੇ ਹੀ
ਦਿੱਲੀ, ਅੰਮ੍ਰਿਤਸਰ, ਚੰਡੀਗੜ੍ਹ, ਮੁੰਬਈ, ਚੇਨਈ, 'ਚ
ਹਰ ਘਰ ਦੀ, ਰਸੋਈ 'ਚ ਬਾਲਣ ਬਣਦੇ
ਗੈਸ ਸਿਲੰਡਰਾਂ ਦੀ ਕੀਮਤ
ਅਸਮਾਨ ਨੂੰ ਛੂਹਣ ਲੱਗ ਪਈ

ਈਰਾਨ ਨੇ ਭਾਵੇਂ, ਹੋਰਮੂਜ਼ ਦੀ ਖਾੜੀ ਵਿੱਚ
ਕੁਝ ਸੈਂਕੜੇ ਤੇਲ ਦੇ ਟੈਂਕਰ ਹੀ ਰੋਕੇ ਹਨ–
ਪਰ, ਹਵਾਈ ਉਡਾਣਾਂ ਦੀਆਂ ਕੀਮਤਾਂ ਦਾ ਸੰਕਟ
ਵਿਸ਼ਵ ਵਿਆਪੀ ਜਾਪ ਰਿਹਾ ਹੈ

ਭਾਵੇਂ, ਹਰ ਕੋਈ ਆਖੀ ਜਾਂਦੈ
ਮਿਡਲ ਈਸਟ ਦੀ ਜੰਗ ਨਾਲ
ਸਾਡਾ, ਕੋਈ ਵਾਸਤਾ ਨਹੀਂ ਹੈ–

ਪਰ, ਜਦ, ਗੈਸ ਪੰਪਾਂ 'ਤੇ ਜਾ ਕੇ
ਕਾਰਾਂ, ਵੈਨਾਂ, ਜੀਪਾਂ, ਦੀਆਂ ਟੈਂਕੀਆਂ ਭਰਨ ਲਈ
ਵਾਧੂ ਡਾਲਰ ਜੇਹਬਾਂ 'ਚੋਂ ਕੱਢਣੇ ਪੈਂਦੇ
ਹਰ ਕੋਈ, ਜੰਗਬਾਜ਼ਾਂ ਨੂੰ ਕਰੜੇ ਹੱਥੀਂ ਲੈਂਦਾ
ਹਰ ਕੋਈ, ਜੰਗਬਾਜ਼ਾਂ ਨੂੰ ਥੂਹ ਥੂਹ ਕਹਿੰਦਾ

ਸਾਡੀ ਧਰਤੀ, ਹੁਣ
ਇੱਕ, ਪਿੰਡ ਬਣ ਚੁੱਕੀ ਹੈ–

ਧਰਤੀ ਦੇ ਚਾਹੇ, ਕਿਸੇ ਵੀ ਹਿੱਸੇ ਵਿੱਚ
ਜੰਗ ਦੀ ਅੱਗ ਦੇ ਭਾਂਬੜ ਬਲਦੇ ਹਨ–

ਇਸ ਅੱਗ ਦਾ ਸੇਕ, ਦੂਰ ਦੂਰ ਤੱਕ
ਲੋਕਾਂ ਨੂੰ ਝੱਲਣਾ ਪੈਂਦਾ

ਇਸ, ਅੱਗ ਦੇ ਧੂੰਏਂ 'ਚੋਂ
ਉੱਠੀ ਸੜਿਆਂਦ 'ਚ, ਹਰ ਕਿਸੇ ਨੂੰ
ਔਖੇ ਔਖੇ, ਸਾਹ ਲੈਣੇ ਪੈਂਦੇ
■

(ਮਾਲਟਨ, ਅਪ੍ਰੈਲ 3, 2026)

ਆਦਮ-ਬੋਅ, ਆਦਮ-ਬੋਅ, ਕਰਦੇ ਹਤਿਆਰੇ

ਹਥਿਆਰਾਂ ਦੇ ਵਿਉਪਾਰੀਆਂ ਨੇ
ਪਤਾ ਨਹੀਂ, ਐਸਾ, ਕਿਹੜਾ ਮੰਤਰ ਪੜ੍ਹਿਆ
ਆਦਮ-ਬੋਅ, ਆਦਮ-ਬੋਅ, ਕਰਦੇ
ਫਿਰਦੇ ਨੇ ਹਤਿਆਰੇ

ਦੁਬਈ, ਆਬੂ ਧਾਬੀ, ਦੋਹਾ, ਯੇਰੂਸ਼ਲਮ, ਤਹਿਰਾਨ, ਤੇਲ ਅਵੀਵ
ਕੱਲ੍ਹ ਤੱਕ ਜੋ, ਲੋਕਾਂ ਲਈ, ਸਨ ਸੈਰਗਾਹ ਥਾਵਾਂ-
ਅੱਜ, ਉਨ੍ਹਾਂ ਥਾਵਾਂ 'ਤੇ
ਡਿੱਗ ਰਹੇ ਬੰਬ, ਮਿਜ਼ਾਈਲਾਂ, ਡਰੋਨ
ਕਲੱਸਟਰ ਮਿਜ਼ਾਈਲਾਂ ਦੇ ਘਾਤਕ ਹਮਲਿਆਂ ਤੋਂ
ਜਾਨ ਬਚਾਉਂਦੇ ਫਿਰਦੇ ਲੋਕੀਂ, ਲੱਭਦੇ ਫਿਰਦੇ
ਸਿਰ ਲੁਕਾਉਣ ਨੂੰ, ਬੰਕਰਾਂ ਵਰਗੀਆਂ
ਕੁਝ, ਸੁਰੱਖਿਅਤ ਥਾਵਾਂ
ਅਸਮਾਨ ਛੂੰਹਦੀਆਂ ਇਮਾਰਤਾਂ ਦੇ ਖੰਡਰਾਂ 'ਚੋਂ
ਅਜੇ ਵੀ, ਰਹਿ ਰਹਿ ਕੇ, ਆ ਰਹੀਆਂ
ਮਲਬੇ ਹੇਠਾਂ ਦੱਬੇ ਪਏ, ਬੱਚਿਆਂ, ਜੁਆਨਾਂ, ਬਜੁਰਗਾਂ, ਦੇ
ਅੱਧ ਮੋਏ, ਜਿਸਮਾਂ 'ਚੋਂ ਸਾਹਾਂ ਦੀਆਂ ਆਵਾਜ਼ਾਂ

ਹਥਿਆਰਾਂ ਦੇ ਵਿਉਪਾਰੀਆਂ ਦੇ ਦਿਮਾਗ਼ਾਂ 'ਚ
ਕੁਰਬਲ ਕੁਰਬਲ ਕਰ ਰਹੇ, ਮੁਨਾਫ਼ਾ ਨਾਮ ਦੇ ਕੀੜੇ-
ਆਪਣੀ, ਇਛਾ ਪੂਰੀ ਕਰਨ ਲਈ
ਭਾਵੇਂ, ਉਨ੍ਹਾਂ, ਵਹਿਸ਼ੀ ਵਿਉਪਾਰੀਆਂ ਨੂੰ
ਘੁੱਗ ਵਸਦੇ ਸ਼ਹਿਰਾਂ, ਹੀਰੋਸ਼ੀਮਾ ਜਾਂ ਨਾਗਾਸਾਕੀ ਉੱਤੇ
ਐਟਮ ਬੰਬ ਸੁੱਟਣਾ ਪੈ ਜਾਵੇ

ਉਹ ਨਹੀਂ ਟਲਦੇ, ਮਾਨਵ ਇਤਿਹਾਸ ਦੇ ਵਰਕੇ
ਇਹੀ, ਸੱਚ ਬੋਲ ਰਹੇ ਹਨ

ਅੱਜ ਵੀ ਕੂੜ ਵਿਉਪਾਰੀ, ਹਥਿਆਰਾਂ ਦੇ ਵਿਉਪਾਰੀ
ਰਾਜ ਸਿੰਘਾਸਨਾਂ ਉੱਤੇ ਬੈਠੇ, ਕੁਝ
ਸ਼ਕਿਜ਼ੋਫਰੈਨਿਕ, ਬੀਮਾਰ ਮਾਨਸਿਕਤਾ ਵਾਲੇ, ਹੰਕਾਰੀ–
ਆਪਣੀ, ਹਉਮੈ ਨੂੰ ਪੱਠੇ ਪਾਉਣ ਲਈ
ਬੁੱਕਦੇ ਫਿਰਦੇ, ਜੋ ਵੀ ਸਾਡੀ
ਈਨ ਨਹੀਂ ਮੰਨੇਗਾ, ਉਸ ਨੂੰ, ਅਸੀਂ
ਪੱਥਰ ਯੁੱਗ ਵਿੱਚ ਪਹੁੰਚਾ ਦੇਵਾਂਗੇ
ਉਸ ਸਭਿਅਤਾ ਨੂੰ, ਅਸੀਂ
ਮਿੱਟੀ ਵਿੱਚ ਮਿਲਾ ਦੇਵਾਂਗੇ
■

(ਮਾਲਟਨ, ਅਪ੍ਰੈਲ 4, 2026)

ਬਾਂਦਰ ਦੇ ਹੱਥ ਮਾਚਿਸ ਦੀ ਤੀਲੀ

ਵਿਸ਼ਵ ਰਾਜਨੀਤੀ ਵਿੱਚ, ਅੱਜ
ਕੁਝ, ਅਜਿਹੀ ਹੀ ਸਥਿਤੀ ਬਣੀ ਹੋਈ ਹੈ–

ਮਿਡਲ ਈਸਟ ਵਿੱਚ, ਮਹਿਜ਼
ਆਪਣੀ, ਚੌਧਰ ਕਾਇਮ ਕਰਨ ਲਈ
ਇਜ਼ਰਾਈਲ ਨੇ, ਜੰਗ ਦੀ ਅੱਗ ਦੇ ਭਾਂਬੜ
ਬਾਲ ਦਿੱਤੇ ਹਨ

ਬਾਂਦਰ–ਨੁਮਾ, ਇਜ਼ਰਾਈਲ
ਕਦੀ ਵੀ, ਅਜਿਹੀ, ਹਰਕਤ ਕਰਨ ਦੀ
ਹਿੰਮਤ ਨ ਕਰਦਾ, ਜੇਕਰ
ਸੁਪਰਪਾਵਰ ਅਮਰੀਕਾ, ਘਾਤਕ ਹਥਿਆਰਾਂ ਦੇ ਭੰਡਾਰ
ਡਾਲਰਾਂ ਦੀਆਂ ਥੈਲੀਆਂ, ਇਜ਼ਰਾਈਲ ਨੂੰ ਦਿੰਦਿਆਂ
ਉਸ ਦੀ, ਪਿੱਠ ਉੱਤੇ ਥਾਪੜਾ ਦੇ ਕੇ
ਇਹ ਨ ਆਖਦਾ :
'ਅੱਜ ਤੋਂ, ਤੂੰ ਸਾਡਾ ਜਮੂਰਾ ਹੋਇਆ
ਜਿਸ ਦੇਸ਼ ਨਾਲ ਵੀ, ਤੇਰਾ ਜੀ ਕਰੇ
ਤੂੰ ਜੰਗ ਛੇੜ ਲੈ, ਅਸੀਂ, ਹਮੇਸ਼ਾ
ਤੇਰੀ ਪਿੱਠ ਪਿਛੇ ਖੜ੍ਹੇ ਹਾਂ'

ਸੁਪਰਪਾਵਰ ਅਮਰੀਕਾ ਦੀ, ਅਜਿਹੀ
ਚਾਲ ਸਦਕਾ, ਅੱਜ, ਸਾਰਾ ਹੀ
ਮਿਡਲ ਈਸਟ ਸੁਲਗ ਰਿਹਾ ਹੈ

ਦੋ, ਵਿਸ਼ਵ-ਯੁੱਧਾਂ ਦੀ
ਭਿਆਨਕਤਾ ਤੋਂ ਡਰੇ ਹੋਏ ਲੋਕ
ਮੁੜ, ਮੁੜ, ਚੇਤਾਵਨੀ ਦੇ ਰਹੇ ਹਨ-

ਜੇਕਰ, ਮਿਡਲ ਈਸਟ ਦੀ
ਚੌਧਰ ਸੰਭਾਲਣ ਦੇ ਨਾਮ ਉੱਤੇ
ਸੁਪਰਪਾਵਰ ਅਮਰੀਕਾ, ਆਪਣੇ
ਜਮੂਰੇ, ਇਜ਼ਰਾਈਲ, ਵੱਲੋਂ
ਸਾਜ਼ਿਸ਼ੀ ਢੰਗ ਨਾਲ, ਖੇਡੀਆਂ ਜਾ ਰਹੀਆਂ
ਜੰਗੀ ਖੇਡਾਂ ਦੇਖਣ ਵਿੱਚ ਹੀ
ਮਸਤ ਰਹੀ, ਤਾਂ
ਇਹ, ਧਰਤੀ-
ਤੀਜੇ, ਵਿਸ਼ਵ-ਯੁੱਧ ਦੀ
ਐਟਮੀ ਵਿਸਫੋਟਕ ਭਿਆਨਕਤਾ
ਦੇਖਣ ਤੋਂ ਵੀ ਬਚ ਨਹੀਂ ਸਕੇਗੀ
ਬਾਂਦਰ ਦੇ ਹੱਥ ਆਈ
ਮਾਚਿਸ ਦੀ ਤੀਲੀ ਦੀਆਂ ਲਗਾਈਆਂ
ਵਿਸਫੋਟਕ ਅੱਗਾਂ ਤੋਂ, ਸਮੁੱਚੀ ਮਾਨਵਤਾ ਨੂੰ
ਤਬਾਹ ਹੋਣ ਤੋਂ ਬਚਾ ਨਹੀਂ ਸਕੇਗੀ
■

(ਮਾਲਟਨ, ਅਪ੍ਰੈਲ 5, 2026)

ਇੱਕ ਵੀਅਤਨਾਮ ਹੋਰ

ਹੰਕਾਰ ਨਾਲ ਭਰਿਆ
ਪਾਗਲਪਣ ਦੀ ਹੱਦ ਤੱਕ ਜਾ ਕੇ
ਅਮਰੀਕਾ ਦਾ ਪ੍ਰਧਾਨ, ਡੋਨਲਡ ਟਰੰਪ
ਪਿੰਡ ਦੇ ਵੈਲੀਆਂ ਵਾਂਗ, ਹਰ ਦਿਨ
ਲਲਕਾਰੇ ਮਾਰ ਰਿਹਾ ਹੈ :
'ਈਰਾਨ ਨੇ, ਜੇਕਰ, ਸਾਡੀ ਈਨ ਨ ਮੰਨੀ
ਤਾਂ, ਅਸੀਂ, ਈਰਾਨ ਦੀ
ਇੱਟ ਨਾਲ ਇੱਟ ਖੜਕਾਅ ਦਿਆਂਗੇ
ਅਸੀਂ, ਈਰਾਨ ਨੂੰ
ਪੱਥਰ ਯੁੱਗ ਵਿੱਚ ਪਹੁੰਚਾ ਦਿਆਂਗੇ'

ਲੋਕਾਂ ਦੀ ਯਾਦਾਸ਼ਤ ਵਿੱਚ
ਲਿੰਡਨ ਜੋਹਨਸਨ, ਰਿਚਰਡ ਨਿਕਸਨ, ਦਾ ਕਰਿਮਨਲ ਕਿਰਦਾਰ
ਅਜੇ ਵੀ, ਜਿਉਂਦਾ ਹੋਵੇਗਾ–
ਜਦੋਂ, ਅਮਰੀਕਾ ਦੇ ਪ੍ਰਧਾਨਾਂ ਨੇ
ਵੀਅਤਨਾਮ ਦੇ ਪਿੰਡਾਂ, ਕਸਬਿਆਂ, ਸ਼ਹਿਰਾਂ, ਉੱਤੇ
ਏਜੰਟ ਔਰੰਜ ਦਾ ਹਵਾਈ ਜਹਾਜ਼ਾਂ ਨਾਲ ਛਿੜਕਾਅ ਕਰਕੇ
ਵੀਅਤਨਾਮ ਦੀ ਧਰਤੀ ਨੂੰ, ਹਮੇਸ਼ਾ ਲਈ, ਬੰਜਰ ਬਣਾ
ਮਨੁੱਖ ਦੇ ਨ ਰਹਿਣ ਯੋਗ ਕਰ ਦੇਣ ਦੀਆਂ
ਘੋਰ ਅਪਰਾਧਿਕ, ਕੋਸ਼ਿਸ਼ਾਂ ਕੀਤੀਆਂ ਸਨ

ਅਮਰੀਕਾ ਦੇ ਰਾਜਨੀਤੀਵਾਨਾਂ ਦੀ, ਅਜਿਹੀ
ਕਰਿਮਨਲ ਵਿਰਾਸਤ ਨੂੰ ਅਗਾਂਹ ਤੋਰਨ ਦੀ

ਕਸਮ ਖਾਹ ਕੇ, ਡੋਨਲਡ ਟਰੰਪ
ਈਰਾਨ ਨੂੰ ਮਲੀਆਮੇਟ ਕਰਨ ਦੀਆਂ
ਧਮਕੀਆਂ ਦੇ ਰਿਹਾ ਹੈ

ਵੀਅਤਨਾਮ ਦੇ ਬਹਾਦਰ ਲੋਕਾਂ ਨੇ
ਆਪਣੇ, ਜਾਂਬਾਜ਼, ਰਹਿਨੁਮਾ ਹੋ ਚੀ ਮਿਨ ਦੀ ਅਗਵਾਈ ਹੇਠ ਲੜਦਿਆਂ
ਅਮਰੀਕਾ, ਉਸਦੇ ਹੰਕਾਰੀ ਸਾਥੀਆਂ ਦਾ
ਬਹੁਤ ਹੀ ਦਲੇਰੀ ਨਾਲ, ਸਾਲਾਂ ਬੱਧੀ
ਹਥਿਆਰਬੰਦ ਮੁਕਾਬਲਾ ਕੀਤਾ

ਵੀਅਤਨਾਮ ਦੀ ਧਰਤੀ ਨੂੰ
ਹਮੇਸ਼ਾ ਲਈ, ਬੰਜਰ ਬਨਾਉਣ ਦੀਆਂ
ਕੋਸ਼ਿਸ਼ਾਂ ਕਰਨ ਵਾਲੇ ਅਮਰੀਕਨਾਂ, ਉਸ ਦੀ
ਜੁੰਡਲੀ ਦੇ ਜੰਗਬਾਜ਼ਾਂ ਨੂੰ, ਅਖੀਰ
ਆਪਣੀ, ਹਾਰ ਮੰਨ ਕੇ
ਵੀਅਤਨਾਮ 'ਚੋਂ ਭੱਜਣਾ ਪਿਆ –

ਹੁਣ, ਸਮਾਂ ਹੀ ਦੱਸੇਗਾ
ਵੀਅਤਨਾਮ ਵਾਂਗੂੰ, ਅਮਰੀਕਾ
ਈਰਾਨ ਵਿੱਚੋਂ ਵੀ, ਬੇਸ਼ਰਮਾਂ ਵਾਂਗ
ਭੱਜ ਕੇ ਆਉਂਦਾ ਹੈ

ਜਾਂ, ਵਿਸ਼ਵ ਵਿੱਚ, ਘੱਟਦੀ ਜਾ ਰਹੀ
ਆਪਣੀ, ਇੱਜ਼ਤ ਨੂੰ ਬਰਕਰਾਰ ਰੱਖਦਾ ਹੋਇਆ
ਅਮਰੀਕਾ, ਮੈਦਾਨ ਵਿੱਚ
ਡੱਟਿਆ ਰਹਿੰਦਾ ਹੈ –

ਭਾਵੇਂ, ਈਰਾਨ-ਅਮਰੀਕਾ ਯੁੱਧ ਵਿੱਚ
ਅਮਰੀਕਾ ਦੇ ਫੌਜੀਆਂ ਦੀਆਂ, ਲਾਸ਼ਾਂ ਨਾਲ ਭਰੇ ਜਹਾਜ਼
ਅਮਰੀਕਾ ਦੇ, ਹਵਾਈ ਅੱਡਿਆਂ ਉੱਤੇ
ਹਰ ਦਿਨ, ਉਤਰਨ ਲੱਗ ਜਾਣ

■ (ਮਾਲਟਨ, ਅਪ੍ਰੈਲ 6, 2026)

ਧਮਕੀਆਂ

ਜੰਗਬਾਜ਼ ਦੇਸ਼, ਹੁਣ, ਤਾਂ
ਧਮਕੀਆਂ ਵੀ, ਇੱਕ ਦੂਜੇ ਨੂੰ
ਫਿਲਮੀ ਸਟਾਈਲ ਵਿੱਚ ਦਿੰਦੇ ਹਨ–

ਜਿਵੇਂ, ਸਾਇੰਸ ਫਿਕਸ਼ਨ ਮੂਵੀ ਵਿੱਚ
ਸਿਵੀਲਾਈਜ਼ੇਸ਼ਨ #1 ਸਪੇਸ ਸਟੇਸ਼ਨ ਦਾ ਹੀਰੋ ਕਮਾਂਡਰ
ਸਿਵੀਲਾਈਜ਼ੇਸ਼ਨ #2 ਸਪੇਸ ਸਟੇਸ਼ਨ ਦੇ ਹੀਰੋ ਕਮਾਂਡਰ ਨੂੰ
ਧਮਕੀ ਦੇ ਰਿਹਾ ਹੋਵੇ :
'ਮੈਂ, ਸਿਵੀਲਾਈਜ਼ੇਸ਼ਨ #1 ਸਪੇਸ ਸਟੇਸ਼ਨ ਦਾ ਹੀਰੋ ਕਮਾਂਡਰ
ਸਿਵੀਲਾਈਜ਼ੇਸ਼ਨ #2 ਸਪੇਸ ਸਟੇਸ਼ਨ ਦੇ ਹੀਰੋ ਕਮਾਂਡਰ ਨੂੰ
ਚੇਤਾਵਨੀ ਦੇ ਰਿਹਾ ਹਾਂ–
ਸਿਵੀਲਾਈਜ਼ੇਸ਼ਨ #2 ਨੇ, ਜੇਕਰ
ਅੱਜ, ਰਾਤ ਦੇ 8 ਵਜੇ ਤੱਕ
ਸਾਡੀ, ਈਨ ਨ ਮੰਨੀ, ਤਾਂ
ਸਿਵੀਲਾਈਜ਼ੇਸ਼ਨ #2 ਨੂੰ, ਪੂਰੀ ਤਰ੍ਹਾਂ
ਤਬਾਹ ਕਰ ਦਿੱਤਾ ਜਾਵੇਗਾ
ਸਿਵੀਲਾਈਜ਼ੇਸ਼ਨ #2, ਮੁੜ
ਸੈਂਕੜੇ ਸਾਲਾਂ ਤੱਕ, ਇਸ ਧਰਤੀ ਉੱਤੇ
ਪੈਦਾ ਨਹੀਂ ਹੋ ਸਕੇਗੀ'

ਅੱਜ, ਜਦੋਂ ਕਿ
ਵਿਸ਼ਵ ਦੇ, ਅਨੇਕਾਂ ਦੇਸ਼ਾਂ ਕੋਲ
ਐਟਮੀ ਬੰਬਾਂ ਦੇ ਭੰਡਾਰ ਹਨ, ਤਾਂ
ਕਿਸੇ ਵੀ, ਦੇਸ਼ ਵੱਲੋਂ, ਅਜਿਹੇ

ਫਿਲਮੀ ਡਾਇਲਾਗ ਬੋਲ ਕੇ
ਵਿਸ਼ਵ ਪੱਧਰ ਉੱਤੇ, ਦਹਿਸ਼ਤ ਫੈਲਾਉਣ ਦੇ ਯਤਨ
ਖਤਰਨਾਕ ਰੂਪ ਅਖਤਿਆਰ ਕਰ ਸਕਦੇ ਹਨ

ਕਿਸੀ, ਐਟਮੀ ਸੁਪਰਪਾਵਰ ਦੇ
ਰਾਜਸਿੰਘਾਸਨ ਉੱਤੇ ਬੈਠੇ, ਕਿਸੀ
ਹੰਕਾਰੀ, ਸ਼ਕਿਜ਼ੋਫਰੈਨਿਕ, ਹਉਮੈਂ ਨਾਲ ਭਰੇ
ਰਾਜਨੀਤੀਵਾਨ ਨੇ, ਆਪਣੀ
ਸ਼ਕਤੀ ਦਿਖਾਉਣ ਦੇ ਪਾਗਲਪਣ ਵਿੱਚ ਆ ਕੇ
ਜੇਕਰ, ਐਟਮੀ ਬੰਬਾਂ ਦਾ ਬਟਨ ਦਬਾ ਦਿੱਤਾ–

ਤਾਂ, ਸਮੁੱਚੀ ਧਰਤੀ ਦਾ ਕੋਨਾ ਕੋਨਾ
ਐਟਮੀ ਜੰਗ ਦੀ ਅੱਗ ਦੇ ਭਾਂਬੜਾਂ ਨਾਲ ਝੁਲਸ ਜਾਵੇਗਾ
ਮਨੁੱਖੀ ਜਿਸਮਾਂ ਦੀ ਉੱਡਦੀ ਸਵਾਹ ਨਾਲ
ਸਮੁੱਚੀ ਧਰਤੀ, ਭਰ ਜਾਵੇਗੀ
■

(ਮਾਲਟਨ, ਅਪ੍ਰੈਲ 7, 2026)

ਖੋਤਾ ਰਾਜਸਿੰਘਾਸਨ ਉੱਤੇ

ਤਖਤ, ਧਾਰਮਿਕ ਹੋਵੇ
ਚਾਹੇ, ਰਾਜਨੀਤਿਕ–
ਮੌਕਾਪ੍ਰਸਤ, ਲੁਟੇਰੇ, ਗੈਂਗਸਟਰ
ਹਮੇਸ਼ਾ, ਇਹੀ, ਚਾਹੁਣਗੇ
ਤਖਤ ਉੱਤੇ, ਖੋਤੇ ਨੂੰ ਹੀ
ਬਿਠਾਇਆ ਜਾਵੇ

ਖੋਤਾ, ਤਖਤ ਉੱਤੇ ਬੈਠਾ ਹੋਵੇਗਾ
ਤਾਂ, ਮੌਕਾਪ੍ਰਸਤ, ਲੁਟੇਰੇ, ਗੈਂਗਸਟਰ
ਆਪਣੀਆਂ, ਮਨ ਆਈਆਂ ਕਰ ਸਕਣਗੇ–
–ਧਰਮੀ ਸਥਾਨਾਂ ਦੀਆਂ ਗੋਲਕਾਂ ਲੁੱਟ ਸਕਣਗੇ
–ਰਾਜਨੀਤਿਕ ਭ੍ਰਿਸ਼ਟਾਚਾਰ ਕਰ ਸਕਣਗੇ
–ਕਰੈਕ, ਕੁਕੇਨ, ਚਰਸ, ਅਫੀਮ, ਫੈਂਟਾਨਿਲ, ਦਾ ਵਿਉਪਾਰ ਕਰ ਸਕਣਗੇ
–ਅੰਧਭਗਤਾਂ ਨੂੰ ਮਾਨ–ਸਨਮਾਨ ਦੇ ਸਕਣਗੇ
–ਹਰ ਤਰ੍ਹਾਂ ਦੇ ਘਪਲੇ ਕਰ ਸਕਣਗੇ
–ਲੋਕਾਂ ਨੂੰ ਹਰ ਮਸਲੇ ਬਾਰੇ ਅਗਿਆਨੀ ਬਣਾ ਸਕਣਗੇ
–ਧਰਮ, ਸਭਿਆਚਾਰ, ਰਾਜਨੀਤੀ, ਬਾਰੇ ਝੂਠੇ ਫੁਰਮਾਨ ਜਾਰੀ ਕਰ ਸਕਣਗੇ
–ਹਰ ਘਿਨਾਉਣੇ ਕੰਮ ਲਈ ਰੱਬ ਨੂੰ ਜ਼ਿੰਮੇਵਾਰ ਕਹਿ ਸਕਣਗੇ
–ਅੱਲ੍ਹਾ, ਭਗਵਾਨ, ਵਾਹਿਗੁਰੂ, ਜੀਸਸ, ਦੇ ਨਾਂ ਹੇਠ
ਆਤੰਕਵਾਦ ਫੈਲਾਅ ਸਕਣਗੇ

ਖੋਤਾ, ਤਖਤ ਉੱਤੇ ਬੈਠਾ ਹੋਵੇਗਾ
ਤਾਂ, ਫੇਸਬੁੱਕ, ਯੂਟੀਊਬ, ਅਖਬਾਰਾਂ, ਮੈਗਜ਼ੀਨਾਂ, ਵਿੱਚ ਵੀ

ਖੋਤਾ ਸਭਿਆਚਾਰ ਦਾ ਹੀ ਪ੍ਰਚਾਰ ਹੋਵੇਗਾ
ਖੋਤਾ, ਤਖਤ ਉੱਤੇ ਬੈਠ
ਜਦ ਵੀ, ਢੀਂਚੂੰ, ਢੀਂਚੂੰ, ਕਰੇਗਾ
ਤਾਂ, ਲੋਕਾਈ, ਪ੍ਰਭਾਵਿਤ ਹੋ ਕੇ
ਇਹੀ, ਨਾਅਰੇ ਲਗਾਏਗੀ :
'ਖੋਤਾ ਸਾਡਾ ਸੂਰਮਾ ਹੈ'
'ਖੋਤਾ ਸਭਿਆਚਾਰ ਜ਼ਿੰਦਾਬਾਦ'
'ਖੋਤਾ ਹੀ ਸਾਡਾ ਲੀਡਰ ਹੈ'
'ਖੋਤਾ ਹੈ ਤਾਂ ਸਭ ਕੁਝ ਹੈ'
'ਖੋਤਾ ਅਮਰ ਰਹੇ'
'ਖੋਤਾ ਹੀ ਵਿਸ਼ਵ ਗੁਰੂ ਹੈ'
■

(ਮਾਲਟਨ, ਮਈ 2, 2026)

ਗਧਾ ਧਰਮੀ ਅਦਾਲਤ

ਇੱਕ ਵਾਰ, ਗਧਿਆਂ ਦੇ ਮੁਖੀ ਨੇ
ਐਲਾਨ ਕਰ ਦਿੱਤਾ:
ਅਸੀਂ, ਮਨੁੱਖੀ ਅਦਾਲਤਾਂ ਦਾ, ਕੋਈ ਵੀ
ਕਾਨੂੰਨ ਨਹੀਂ ਮੰਨਾਂਗੇ

ਗਧਿਆਂ ਦੇ ਮੁਖੀ ਨੇ
ਇੱਕ, ਤਖਤਪੋਸ਼ ਉੱਤੇ ਬੈਠ
ਢੀਂਚੂੰ, ਢੀਂਚੂੰ, ਕਰਦਿਆਂ ਕਿਹਾ:
ਗਧਿਆਂ ਦੇ ਧਰਮ ਬਾਰੇ
ਮਨੁੱਖੀ ਅਦਾਲਤਾਂ, ਕਿਵੇਂ ਕੋਈ
ਫੈਸਲਾ ਕਰ ਸਕਦੀਆਂ ਹਨ
ਗਧਿਆਂ ਦੇ ਧਰਮ ਦੀ
ਬੇਅਦਬੀ ਰੋਕਣ ਲਈ
ਅਸੀਂ, ਗਧਾਸਥਾਨ ਬਣਾਵਾਂਗੇ

ਗਧਾਸਥਾਨ ਵਿੱਚ, ਗਧਿਆਂ ਦੇ
ਹਰ, ਧਰਮੀ ਮਸਲੇ ਬਾਰੇ, ਪ੍ਰਬੰਧ ਕਰਨ ਲਈ
ਉਨ੍ਹਾਂ ਦੀ, ਆਪਣੀ, ਗਧਿਆਂ ਦੀ
ਸ਼੍ਰੋਮਣੀ ਧਰਮ ਪ੍ਰਬੰਧਕ ਕਮੇਟੀ ਹੋਵੇਗੀ

ਗਧਿਆਂ ਦੇ, ਆਪਣੇ, ਲੀਡਰ ਹੋਣਗੇ
ਜੋ, ਅਫੀਮ, ਭੰਗ, ਚਿੱਟੇ, ਦਾ
ਭਰਪੂਰ, ਧੰਦਾ ਕਰਦੇ ਹੋਣਗੇ

ਗਧਿਆਂ ਦੇ ਲੀਡਰ, ਧਰਮੀ ਸਥਾਨਾਂ ਦੀਆਂ
ਲੰਗਰ ਦੀਆਂ, ਸੁੱਕੀਆਂ ਰੋਟੀਆਂ ਵੇਚ ਕੇ ਹੀ
ਬਸ, ਆਪਣਾ, ਗੁਜ਼ਾਰਾ ਕਰਦੇ ਹੋਣਗੇ

ਗਧਿਆਂ ਦੇ ਲੀਡਰ
ਧਰਮੀ ਗ੍ਰੰਥਾਂ ਨੂੰ ਵੇਚਣ/ਖ੍ਰੀਦਣ ਦੇ
ਘਪਲੇ ਕਰਕੇ ਹੀ, ਆਪਣੇ
ਸੱਤ ਸਿਤਾਰਾ ਹੋਟਲ ਚਲਾਂਦੇ ਹੋਣਗੇ

ਗਧਿਆਂ ਦੇ ਮੁਖੀ ਨੇ
ਪੂਰੇ ਜ਼ੋਰ ਨਾਲ, ਢੀਂਚੂੰ, ਢੀਂਚੂੰ
ਕਰਦਿਆਂ ਕਿਹਾ :
ਅਸੀਂ, ਗਧੇ, ਆਪਣੇ
ਤਖਤਪੋਸ਼ ਉੱਤੇ ਬੈਠ ਕੇ ਹੀ
ਢੀਂਚੂੰ, ਢੀਂਚੂੰ, ਕਰਕੇ ਹੀ
ਆਪਣਾ, ਹਰ, ਹੁਕਮਨਾਮਾ
ਜਾਰੀ ਕਰਾਂਗੇ

ਮਨੁੱਖੀ ਅਦਾਲਤਾਂ ਦਾ
ਕੋਈ ਵੀ ਜੱਜ, ਗਧਿਆਂ ਵਾਂਗ
ਜਦੋਂ ਤੱਕ, ਤਖਤਪੋਸ਼ ਉੱਤੇ ਬੈਠ ਕੇ
ਢੀਂਚੂੰ, ਢੀਂਚੂੰ, ਨਹੀਂ ਕਰ ਸਕਦਾ
ਉਦੋਂ ਤੱਕ, ਅਸੀਂ, ਕਿਸੀ ਵੀ
ਮਨੁੱਖੀ ਅਦਾਲਤ ਨੂੰ
ਪ੍ਰਵਾਨ ਨਹੀਂ ਕਰ ਸਕਦੇ

ਅਸੀਂ, ਗਧੇ ਹਾਂ
ਸਾਨੂੰ, ਮਨੁੱਖ ਕਹਿ ਕੇ
ਸਾਡੀ, ਤੌਹੀਨ ਨ ਕਰੋ

ਗਧਿਆਂ ਦਾ, ਆਪਣਾ
ਧਰਮ ਹੁੰਦਾ ਹੈ–
ਗਧਿਆਂ ਦਾ, ਹਰ, ਲੀਡਰ
–ਬੜਾ ਢੀਠ
–ਬੜਾ ਨੀਚ
–ਬੜਾ ਬੇਸ਼ਰਮ ਹੁੰਦਾ ਹੈ

ਗਧੇ ਜਾਣਦੇ ਹਨ
ਧਰਮ ਦੀ ਬੇਅਦਬੀ
ਕੀ ਹੁੰਦੀ ਹੈ

ਗਧੇ ਜਾਣਦੇ ਹਨ
ਧਰਮੀ ਤਖਤਾਂ ਨੂੰ, ਕਿਵੇਂ
ਦੁਲੱਤੀ ਮਾਰਨੀ ਹੁੰਦੀ ਹੈ
■

(ਮਾਲਟਨ, ਮਈ 3, 2026)

ਰਾਜਨੀਤਿਕ ਆਸਤੀਨਾਂ ਦੇ ਸੱਪ

ਰਾਜਨੀਤੀ, ਪੂਰੀ ਤਰ੍ਹਾਂ
ਭ੍ਰਿਸ਼ਟ ਹੋ ਜਾਣ ਤੋਂ ਬਾਅਦ ਹੀ
ਰਾਜਨੀਤਿਕ ਆਸਤੀਨਾਂ ਦੇ ਸੱਪ
ਰਾਜਨੀਤਿਕ ਅਖਾੜਿਆਂ ਵਿੱਚ ਨਿਕਲ
ਆਪਣੇ, ਜ਼ਹਿਰੀ ਫੁੰਕਾਰੇ ਮਾਰਦੇ ਹਨ
ਹਕੂਮਤਾਂ, ਰਾਜਨੀਤਿਕ ਆਸਤੀਨਾਂ ਦੇ ਸੱਪਾਂ ਨੂੰ
ਆਪਣੀਆਂ, ਪਟਾਰੀਆਂ ਵਿੱਚ
ਸਾਂਭ ਸਾਂਭ ਰੱਖਦੀਆਂ ਹਨ

ਯੋਗ ਸਮਾਂ ਆਉਣ 'ਤੇ
ਇਨ੍ਹਾਂ ਨੂੰ, ਖਾਕੀ ਨਿੱਕਰਾਂ ਪੁਆ
ਇਨ੍ਹਾਂ ਦੇ, ਸਿਰਾਂ ਉੱਤੇ
ਗਊ ਮਾਤਾ ਦੇ ਮੂਤਰ ਦਾ ਛਿੜਕਾਅ ਕਰ
ਇਨ੍ਹਾਂ ਨੂੰ, ਜ਼ਹਿਰੀ ਫੁੰਕਾਰੇ ਮਾਰਨ
ਧਰਮੀ, ਰਾਜਨੀਤਿਕ, ਸਭਿਆਚਾਰਕ
ਦਹਿਸ਼ਤ ਫੈਲਾਉਣ ਲਈ
ਪਿੰਡਾਂ, ਸ਼ਹਿਰਾਂ, ਬਸਤੀਆਂ, 'ਚ
ਛੱਡ ਦਿੰਦੀਆਂ ਹਨ

ਰਾਜਨੀਤਿਕ ਆਸਤੀਨਾਂ ਦੇ ਸੱਪ
ਬੜੀ ਚੰਗੀ ਤਰ੍ਹਾਂ, ਜਾਣਦੇ ਹਨ, ਪਹਿਚਾਣਦੇ ਹਨ
ਕਿਸ ਕਿਸ, ਰਾਜਨੀਤਿਕ ਵਿਰੋਧੀ ਨੂੰ
–ਡੰਗ ਮਾਰਨਾ ਹੈ
–ਦਹਿਸ਼ਤ ਦਿਖਾਉਣੀ ਹੈ
–ਬਰਬਾਦ ਕਰਨਾ ਹੈ

ਰਾਜਨੀਤਿਕ ਆਸਤੀਨਾਂ ਦੇ ਸੱਪ, ਹਮੇਸ਼ਾ
–ਹਕੂਮਤੀ ਮਾਲਕਾਂ ਦੀ ਬੋਲੀ ਬੋਲਦੇ ਹਨ
–ਹਕੂਮਤੀ ਮਾਲਕਾਂ ਦਾ ਪੱਖ ਪੂਰਦੇ ਹਨ
–ਹਕੂਮਤੀ ਮਾਲਕਾਂ ਵੱਲੋਂ ਦਹਿਸ਼ਤ ਦਿਖਾਉਣ ਦੀ ਧਮਕੀ ਦਿੰਦੇ ਹਨ

ਰਾਜਨੀਤਿਕ ਆਸਤੀਨਾਂ ਦੇ ਸੱਪ
–ਹਕੂਮਤਾਂ ਦੇ ਸਲੀਪਿੰਗ ਸੈੱਲਾਂ ਵਾਂਗ ਜਿਉਂਦੇ ਹਨ
–ਹਕੂਮਤਾਂ ਦੀਆਂ ਖ਼ੁਫੀਆ ਏਜੰਸੀਆਂ ਦੇ ਹੀ ਕਰਿੰਦੇ ਹੁੰਦੇ ਹਨ
–ਹਕੂਮਤਾਂ ਦੇ ਫਿਰਕੂ, ਨਫ਼ਰਤੀ, ਜ਼ਹਿਰੀ, ਦੁੱਧਾਂ ਨਾਲ ਹੀ ਪਲਦੇ ਹਨ
■

(ਮਾਲਟਨ, ਮਈ 5, 2026)

ਧਰਮੀ ਨਫ਼ਰਤ ਦੀ ਅੱਗ ਦੇ ਭਾਂਬੜ

ਗੁਜਰਾਤ ਸੜਿਆ
ਮਨੀਪੁਰ ਸੜਿਆ
ਦਿੱਲੀ ਸੜੀ
ਬੰਗਾਲ ਵੀ ਸੜੇਗਾ–

ਧਰਮੀ ਨਫ਼ਰਤ ਦੀ ਰਾਜਨੀਤਿਕ ਅੱਗ
ਜਿੱਥੇ ਜਿੱਥੇ ਵੀ ਪਹੁੰਚੇਗੀ, ਉੱਥੇ ਉੱਥੇ ਹੀ
ਭਾਂਬੜ ਬਲਣਗੇ

ਹਕੂਮਤ ਦੀ, ਧਰਮੀ ਨਫ਼ਰਤ ਦੀ ਸਿਆਸਤ ਦੇ ਸੁਪਣੇ
ਇੰਝ ਹੀ, ਵਧਣਗੇ, ਫੁੱਲਣਗੇ
ਇੰਝ ਹੀ, ਪਲਣਗੇ

ਰਾਜਸਿੰਘਾਸਨ ਉੱਤੇ ਬੈਠੀ ਹੈ
ਧਰਮੀ ਨਫ਼ਰਤ ਦੀ ਰਾਜਨੀਤੀ
ਹੁਣ, ਇਸ ਤਰ੍ਹਾਂ ਹੀ
ਸਭ, ਸੰਸਥਾਵਾਂ 'ਚ
ਜ਼ਹਿਰੀ, ਧਰਮੀ, ਨਫ਼ਰਤ, ਦੇ ਨਾਗ
ਕੁਰਬਲ ਕੁਰਬਲ ਕਰਨਗੇ

ਅਦਾਲਤਾਂ 'ਚ, ਜੱਜਾਂ ਦੀਆਂ ਕੁਰਸੀਆਂ 'ਤੇ
ਖੂੰਖਾਰ ਦੰਦਾਂ ਵਾਲੇ, ਧਰਮੀ ਨਫ਼ਰਤ ਦੇ ਬੁਲਾਰੇ ਬਘਿਆੜ ਬੈਠਣਗੇ
ਇਲੈਕਸ਼ਨ ਕਮਿਸ਼ਨਾਂ 'ਚ, ਹਿਟਲਰਸ਼ਾਹੀ ਮਗਰਮੱਛ ਹੀ
ਚੋਣਾਂ ਦੀਆਂ ਜਿੱਤਾਂ–ਹਾਰਾਂ ਦੇ ਫੈਸਲੇ ਕਰਨਗੇ

ਦੇਸ਼ ਵਿੱਚ, ਡੈਮੋਕ੍ਰੇਸੀ ਨਾਮ ਦੀ
ਕੋਈ ਸ਼ੈਅ ਕਿਤੇ ਵੀ ਨਹੀਂ ਰਹਿ ਜਾਏਗੀ, ਜਦ
ਹਰ ਤਰਫ਼, ਰਾਜਨੀਤਿਕ ਗੈਂਗਸਟਰਾਂ ਦੇ ਹੀ ਸੰਖ
ਧਰਮੀ ਨਫ਼ਰਤ ਦੀਆਂ, ਗੂੰਜਾਂ ਭਰਨਗੇ

ਲੋਕ ਸਭਾਵਾਂ, ਰਾਜ ਸਭਾਵਾਂ, ਵਿਧਾਨ ਸਭਾਵਾਂ, 'ਚ
ਮਹਿਜ਼, ਰਾਜਨੀਤਿਕ ਮੰਡੀ ਦੇ ਵਿਕਾਊ ਮੈਂਬਰਾਂ ਦੇ ਮੁਜਰੇ ਹੋਣਗੇ
ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ, ਰਾਸ਼ਟਰਪਤੀ, ਵੀ ਤਦ
ਮਹਿਜ਼, ਅਲੀ ਬਾਬਾ ਚਾਲੀ ਚੋਰ ਹੋਣ ਦਾ ਹੀ, ਭਰਮ ਪੈਦਾ ਕਰਨਗੇ
■

(ਮਾਲਟਨ, ਮਈ 5, 2026)

ਖਾਕੀ ਨਿੱਕਰਾਂ ਦਾ ਮੌਸਮ

ਚੋਣਾਂ ਦਾ ਮੌਸਮ ਆਉਂਦਿਆਂ ਹੀ
ਰਾਜਨੀਤਿਕ ਮੇਲਿਆਂ ਦੀਆਂ, ਭੀੜਾਂ ਵਿੱਚ ਗੁਆਚੀਆਂ
ਵਿਗੜੀਆਂ ਹੋਈਆਂ, ਮੌਕਾਪ੍ਰਸਤ, ਰਾਜਨੀਤਿਕ, ਰੰਨਾਂ ਵੀ
ਉੱਚੀ ਆਵਾਜ਼ ਵਿੱਚ ਕਹਿੰਦੀਆਂ ਹਨ:
'ਵੇ, ਵਾਇਰਸ ਪੰਜਾਬ ਵਾਲੇ ਭਾਈ
ਜੇਕਰ, ਤੂੰ, ਆਰ.ਐਸ.ਐਸ. ਵਾਲਿਆਂ ਦੀਆਂ
ਖਾਕੀ ਨਿੱਕਰਾਂ ਲੈਣ ਚੱਲਿਆਂ, ਤਾਂ
ਸਾਡੇ ਲਈ ਵੀ, ਖਾਕੀ ਨਿੱਕਰਾਂ ਲੈਂਦਾ ਆਵੀਂ
ਸਾਡਾ ਵੀ, ਚਿੱਤ ਕਰਦਾ
ਆਰ.ਐਸ.ਐਸ. ਦੀਆਂ
ਖਾਕੀ ਨਿੱਕਰਾਂ ਪਾਉਣ ਨੂੰ'

ਚੋਣਾਂ ਦਾ ਮੌਸਮ ਆਉਂਦਿਆਂ ਹੀ
ਵੱਖੋ ਵੱਖ, ਰਾਜਨੀਤਿਕ ਪਾਰਟੀਆਂ ਦੀਆਂ
ਆਸਤੀਨਾਂ ਵਿੱਚ ਪਲ ਰਹੇ
ਹਕੂਮਤ ਦੇ ਚਾਪਲੂਸ ਸੱਪ
ਖੁੱਲ੍ਹੇਆਮ, ਆਪਣੇ, ਫਨ ਫੈਲਾਅ
ਹਕੂਮਤ ਦੇ ਅਹਿਲਕਾਰਾਂ ਦੇ ਪੈਰਾਂ ਵਿੱਚ
ਆਪਣੇ, ਸਿਰ ਨਿਵਾ ਕੇ
ਅੱਖਾਂ 'ਚੋਂ ਹੰਝੂ ਸੁੱਟਦੇ ਹੋਏ
ਵਿਰਲਾਪ ਕਰਦੇ ਹਨ:
'ਹਕੂਮਤ, ਸਾਡੇ, ਸਿਰਾਂ ਦੀ ਸੁਰੱਖਿਆ ਲਈ
ਸਾਨੂੰ, ਯਕੀਨ ਦਿਵਾਏ

ਮਨੁੱਖ, ਹੁਣ, ਸਾਨੂੰ
ਗੱਦਾਰ ਕਹਿ ਕਹਿ
ਸਾਡੀਆਂ, ਸਿਰੀਆਂ ਫੇਹ ਦੇਣ ਦੀਆਂ
ਸਾਨੂੰ, ਨਿੱਤ
ਧਮਕੀਆਂ ਦੇ ਰਹੇ ਹਨ'

ਹਕੂਮਤ ਦੇ ਅਹਿਲਕਾਰ
ਆਪਣੇ, ਚਿਹਰਿਆਂ ਤੋਂ
ਹਕੂਮਤੀ, ਹੰਕਾਰ ਦੇ ਝਲਕਾਰੇ ਦਿੰਦਿਆਂ
ਆਸਤੀਨ ਦੇ ਸੱਪਾਂ ਨੂੰ, ਦਿਲਾਸਾ ਦਿੰਦਿਆਂ
ਬਸ, ਏਨਾ ਹੀ ਆਖਦੇ ਹਨ :
ਤੁਸੀਂ, ਜਦ ਤੱਕ, ਮਨੂੰਵਾਦੀ, ਹਕੂਮਤੀ
ਖਾਕੀ ਨਿੱਕਰਾਂ ਪਾਈਆਂ ਹੋਈਆਂ ਹਨ
ਕੋਈ, ਤੁਹਾਡੀ, ਹਵਾ ਵੱਲ ਵੀ ਦੇਖ ਨਹੀਂ ਸਕਦਾ
ਤੁਹਾਡੀਆਂ, ਖਾਕੀ ਨਿੱਕਰਾਂ ਹੀ
ਹਕੂਮਤ ਦੇ ਏਜੰਟ ਹੋਣ, ਹਕੂਮਤ ਦੇ
ਚਾਪਲੂਸ ਹੋਣ, ਦੀਆਂ ਨਿਸ਼ਾਨੀਆਂ ਹਨ
■

(ਮਾਲਟਨ, ਮਈ 7, 2026)

ਕਿੱਲੇ ਉੱਤੇ ਬੱਝਿਆ ਬਾਂਦਰ

ਜਿਵੇਂ, ਮਦਾਰੀ ਕਹਿੰਦਾ
ਕਿੱਲੇ ਉੱਤੇ ਬੱਝਿਆ ਬਾਂਦਰ
ਨੱਚੀ ਜਾਵੇ–

ਮਦਾਰੀ ਨੇ, ਆਪਣੀ
ਡੱਫਲੀ ਉੱਤੇ, ਥਪ ਥਪ ਕਰ ਕੇ
ਆਲਾਪ ਛੇੜਿਆ:
ਧਰਮੀ ਗ੍ਰੰਥਾਂ ਦੀ ਰਾਖੀ ਕਰਨੀ
ਸਾਡੀ, ਬਦਮਾਸ਼ਾਂ ਦੀ ਜੁੰਡਲੀ ਦੀ ਜ਼ਿੰਮੇਵਾਰੀ
ਕੋਈ ਹਕੂਮਤ, ਸਾਡੇ, ਕੰਮਾਂ ਵਿੱਚ
ਦਖਲ ਨਹੀਂ ਦੇ ਸਕਦੀ
ਗ੍ਰੰਥਾਂ ਦੀ ਬੇਅਦਬੀ ਕਰਨ ਲਈ
ਜਿਸ ਨੂੰ ਵੀ ਚਾਹੀਏ, ਅਸੀਂ
ਗ੍ਰੰਥ ਵੇਚਾਂਗੇ
ਅਸੀਂ, ਦੇਖ ਲਵਾਂਗੇ
ਕੋਈ ਹਕੂਮਤ, ਸਾਨੂੰ
ਗ੍ਰੰਥ ਲੀਰੋ ਲੀਰ ਕਰਨ
ਗੰਦੀਆਂ ਨਾਲੀਆਂ, ਕੂੜੇ ਦੇ ਢੇਰਾਂ ਉੱਤੇ
ਸੁੱਟਣ ਤੋਂ, ਕਿੰਝ ਰੋਕੇਗੀ

ਏਨਾ ਕਹਿ, ਮਦਾਰੀ ਨੇ
ਤਖਤ ਦੇ ਕਿੱਲੇ ਨਾਲ ਬੱਝੇ ਬਾਂਦਰ ਨੂੰ
ਖੁਸ਼ੀ 'ਚ, ਚੀਕਾਂ ਮਾਰਨ

ਨਾਚ ਨੱਚਣ ਲਈ
ਹੁਕਮ ਸੁਣਾਇਆ

ਤਖਤ ਦੇ ਕਿੱਲੇ ਨਾਲ ਬੱਝੇ ਬਾਂਦਰ ਨੇ
ਆਪਣੇ, ਪੈਰਾਂ ਨਾਲ ਬੰਨ੍ਹੇ ਘੁੰਗਰੂਆਂ ਦੀ
ਛਨਛਨ ਕੀਤੀ
ਤਖਤ ਦੇ ਕਿੱਲੇ ਦੁਆਲੇ ਜੁੜੀ
ਵਿਹਲੜ ਲੋਕਾਂ ਦੀ ਭੀੜ ਨੇ
ਖੁਸ਼ੀ ਵਿੱਚ, ਤਾੜੀਆਂ ਦੀ ਗੜਗੜਾਹਟ ਨਾਲ
ਮਾਹੌਲ ਨੂੰ ਗਰਮਾਅ ਦਿੱਤਾ

ਮਦਾਰੀ ਨੇ, ਕਿੱਲੇ ਨਾਲ ਬੱਝੇ ਬਾਂਦਰ ਨੂੰ
ਖਾਣ ਲਈ, ਇੱਕ ਕੇਲਾ ਦਿੱਤਾ
ਨਾਲ ਹੀ, ਤਾਰੀਫ ਕਰਦਿਆਂ
ਬੋਲ ਸੁਣਾਏ:
ਤੂੰ, ਤਾਂ, ਅੱਜ ਮੈਨੂੰ
ਕਿਸੀ ਤਖਤ ਦਾ, ਜੱਥੇਦਾਰ ਹੋਣ ਦਾ
ਦੇਈ ਜਾਏਂ ਭੁਲੇਖਾ

ਬਾਂਦਰ ਨੇ ਖੁਸ਼ੀ 'ਚ ਆ ਕੇ
ਚੀਕਾਂ ਮਾਰੀਆਂ, ਕਿਸੀ ਗਸ਼ਤੀ ਵਾਂਗੂੰ
ਆਪਣੇ, ਪੈਰਾਂ ਦੀ, ਥਪ ਥਪ ਕਰ ਕੇ
ਨੱਚਣਾ ਸ਼ੁਰੂ ਕੀਤਾ

ਭੀੜ 'ਚ ਸ਼ਾਮਿਲ, ਕੁਝ
ਮਨਚਲੇ , ਨੌਜੁਆਨਾਂ ਨੇ
ਹੱਸਦਿਆਂ ਹੋਇਆਂ
ਕਹਿ ਦਿੱਤਾ :

ਇਹ, ਬਾਂਦਰ, ਤਾਂ
ਕਿਸੇ, ਤਖਤ ਦੇ ਕਿੱਲੇ ਨਾਲ
ਬੱਝੇ ਬਾਂਦਰ ਹੋਣ ਦਾ
ਸਾਨੂੰ, ਭਰਮ-ਭੁਲੇਖਾ ਦਿੰਦਾ
■

(ਮਾਲਟਨ, ਮਈ 8, 2026)

ਕਾਤਲ ਆਉਣਗੇ

ਜ਼ਰਾ, ਥੋੜ੍ਹੀ ਦੇਰ
ਇੰਤਜ਼ਾਰ ਕਰੋ–

ਉਹ, ਆਉਣਗੇ
ਤੁਹਾਡੇ ਵੀ, ਦਰਵਾਜ਼ਿਆਂ ਉੱਤੇ
ਦਸਤਕ ਦੇਣ ਲਈ

ਉਨ੍ਹਾਂ ਦੇ, ਹੱਥਾਂ ਵਿੱਚ
ਕਮਲ ਦੇ ਫੁੱਲ ਹੋਣਗੇ
ਆਪਣਿਆਂ, ਮੂੰਹਾਂ 'ਚੋਂ
ਉਹ, ਰਾਮ ਰਾਮ ਕਰਨਗੇ
ਤੁਹਾਡੇ, ਮਿੱਤਰ, ਸਾਥੀ, ਹਮਦਰਦ, ਹੋਣ ਦਾ
ਭਰਮ ਪਾਲ, ਤੁਹਾਡੀਆਂ ਹੀ
ਆਸਤੀਨਾਂ ਵਿੱਚ ਸੱਪ
ਬਣ ਕੇ ਪਲਣਗੇ

ਉਹ, ਕਦੀ
ਸਿਰਾਂ ਉੱਤੇ, ਬੋਦੀਆਂ ਵਾਲੇ
ਮੁਖੌਟੇ ਪਹਿਨ ਕੇ ਆਉਣਗੇ

ਉਹ, ਕਦੀ
ਸਿਰਾਂ ਉੱਤੇ, ਮੁਖੌਟਿਆਂ ਵਜੋਂ
ਪਗੜੀਆਂ ਧਰਨਗੇ

ਉਹ, ਰਾਜਨੀਤੀ
ਦੇ ਚਾਣਕਿਆ ਹਨ–
ਉਹ, ਹਰ, ਸਾਜ਼ਿਸ਼ੀ ਢੰਗ ਨਾਲ
ਤੁਹਾਡੇ, ਮਨ–ਮਸਤਕ ਵਿੱਚ ਵੜ
ਧਰਮ, ਜਾਤ–ਪਾਤ, ਫਿਰਕੂ, ਨਫ਼ਰਤ, ਦੇ ਕੀੜੇ ਬਣ
ਕੁਰਬਲ ਕੁਰਬਲ ਕਰਨਗੇ

ਉਹ, ਰਾਜਨੀਤੀ ਦੇ ਨਾਮ ਉੱਤੇ
ਬਸਤੀ ਬਸਤੀ, ਪਿੰਡ ਪਿੰਡ, ਸ਼ਹਿਰ ਸ਼ਹਿਰ
ਫਿਰਕੂ ਦੰਗੇ ਫਸਾਦ, ਲੁੱਟ ਮਾਰ, ਕਤਲੇਆਮ, ਜਿਹੇ
ਨਿੱਤ, ਕਾਰਨਾਮੇ ਕਰਨਗੇ

ਉਹ, ਤੁਹਾਡੇ ਵਿੱਚੋਂ ਹੀ
ਮੌਕਾਪ੍ਰਸਤਾਂ ਨੂੰ, ਕੁਰਸੀਆਂ, ਪਦਵੀਆਂ, ਐਵਾਰਡਾਂ, ਦਾ
ਚੋਗਾ ਪਾਉਣਗੇ

ਫਿਰ ਦੇਖਣਾ–
ਮਹਾਂਰਥੀ ਰਾਜਨੀਤੀਵਾਨ, ਧਰਮੀ ਮਹੰਤ, ਮਹਾਨ ਬੁੱਧੀਜੀਵੀ
ਆਪਣੀਆਂ, ਪੂਛਾਂ ਹਿਲਾਂਦੇ ਆਉਣਗੇ

ਫਿਰ ਦੇਖਣਾ–
ਕਿਵੇਂ, ਮੂੰਹਾਂ 'ਚੋਂ ਲਾਲਾਂ ਸੁੱਟਦੇ ਹੋਏ
ਅਨੇਕਾਂ, ਖੱਬੀ ਖਾਨ, ਭੇਡਾਂ, ਬੱਕਰੀਆਂ, ਵਾਂਗ
ਕਾਤਲਾਂ ਦੇ ਹਵਾਲੇ, ਆਪਣੀਆਂ
ਜ਼ਮੀਰਾਂ ਕਰਨਗੇ

ਜ਼ਰਾ, ਥੋੜੀ ਦੇਰ
ਇੰਤਜ਼ਾਰ ਕਰੋ–

ਉਹ, ਆਉਣਗੇ
ਤੁਹਾਡੇ ਵੀ, ਦਰਵਾਜਿਆਂ ਉੱਤੇ
ਦਸਤਕ ਦੇਣ ਲਈ
■ (ਮਾਲਟਨ, ਮਈ 10, 2026)

ਫੱਫੇਕੁਟਣੀ

ਫੱਫੇਕੁਟਣੀ ਨੇ, ਵਿਰਲਾਪ ਕਰਦਿਆਂ, ਕਿਹਾ :
ਅਸੀਂ, ਖਾਨਦਾਨੀ, ਗੋਲਕ ਚੋਰ
ਘਪਲੇ ਕਰਨ ਵਾਲੇ, ਬੇਅਦਬੀਆਂ ਦੀਆਂ
ਸਾਜ਼ਿਸ਼ਾਂ ਦੇ ਘਾੜੇ, ਸਾਡੀ
ਰਗ ਰਗ ਵਿੱਚ ਛੁਪੀ
ਬੇਈਮਾਨੀ, ਲਾਲਚ, ਖ਼ੁਦਦਾਰੀ

ਫੱਫੇਕੁਟਣੀ ਨੇ, ਅੱਖਾਂ 'ਚੋਂ ਡਿੱਗਦੇ ਹੰਝੂ ਪੂੰਝਦਿਆਂ, ਕਿਹਾ :
ਸਾਡੇ, ਕੁਕਰਮਾਂ ਨੂੰ ਰੋਕਣ ਲਈ
ਕੋਈ ਸਰਕਾਰੀ ਕਾਨੂੰਨ ਬਣੇਗਾ
ਸਾਡੇ, ਖਸਮਾਂ, ਭਰਾਵਾਂ, ਪਿਓਆਂ, ਦਾਦਿਆਂ, ਵੱਲੋਂ
ਦਹਾਕਿਆਂ ਤੋਂ, ਕੀਤੀ ਜਾਂਦੀ ਅੰਨ੍ਹੀ ਲੁੱਟ, ਭ੍ਰਿਸ਼ਟਾਚਾਰ, ਬੇਈਮਾਨੀ, ਨੂੰ
ਖਤਮ ਕਰਨ ਦੀਆਂ ਕੋਸ਼ਿਸ਼ਾਂ ਕਰੇਗਾ

ਫੱਫੇਕੁਟਣੀ ਨੇ, ਆਪਣੇ ਢਿੱਡ ਨੂੰ ਢੋਲਕ ਵਾਂਗ ਵਜਾਂਦਿਆਂ, ਕਿਹਾ :
ਪਾਠੀਓ, ਰਾਗੀਓ, ਢਾਡੀਓ, ਤਖਤਾਂ ਦੇ ਜੱਥੇਦਾਰੋ
ਧਰਮੀ ਮੱਠਾਂ ਦੀਆਂ, ਸੁੱਕੀਆਂ ਰੋਟੀਆਂ ਦੇ
ਘਪਲੇ ਕਰਨ ਵਿੱਚ, ਸਾਡੇ, ਸਾਂਝੀਦਾਰੋ
ਬਸਤੀਆਂ, ਪਿੰਡਾਂ, ਸ਼ਹਿਰਾਂ, 'ਚ ਜਾਓ
ਹਰ ਥਾਂ ਜਾ ਕੇ, ਚੀਕੋ, ਪਿੱਟੋ, ਸ਼ੋਰ ਮਚਾਓ

ਫੱਫੇਕੁਟਣੀ ਨੇ, ਜ਼ਮੀਨ ਉੱਤੇ, ਆਪਣਾ,
ਨੱਕ ਰਗੜਦਿਆਂ, ਕਿਹਾ : ਸਾਨੂੰ–
–ਖਾਨਦਾਨੀ ਗੋਲਕ ਚੋਰਾਂ
–ਘਪਲੇਬਾਜ਼ਾਂ
–ਬੇਅਦਬੀਆਂ ਦੀਆਂ ਸਾਜ਼ਿਸ਼ਾਂ ਦੇ ਘਾੜਿਆਂ

ਨੂੰ, ਜਿਸ ਤਰ੍ਹਾਂ ਵੀ ਹੋ ਸਕੇ ਬਚਾਓ
ਤੁਸੀਂ, ਸਾਡੇ ਉੱਤੇ, ਤਰਸ ਖਾਓ

ਫੱਫੇਕੁਟਣੀ ਨੇ, ਵਾਅਦਾ ਕਰਦਿਆਂ, ਕਿਹਾ :
ਧਰਮੀ ਸਥਾਨਾਂ ਦੀਆਂ ਗੋਲਕਾਂ, ਅਸੀਂ
ਹਮੇਸ਼ਾ ਦੀ ਤਰ੍ਹਾਂ, ਮਿਲ ਕੇ ਹੀ ਲੁੱਟਾਂਗੇ
ਧਰਮੀ ਸਥਾਨਾਂ ਦੀਆਂ, ਉੱਚ ਪਦਵੀਆਂ-ਅਹੁਦੇ, ਅਸੀਂ
ਹਮੇਸ਼ਾ ਦੀ ਤਰ੍ਹਾਂ, ਮਿਲ ਕੇ ਹੀ ਘੁੱਟਾਂਗੇ
ਧਰਮੀ ਸਥਾਨਾਂ ਦੀ ਗੁੰਡਾ ਟੀਮ ਬਣਾ ਕੇ, ਅਸੀਂ
ਹਮੇਸ਼ਾ ਦੀ ਤਰ੍ਹਾਂ, ਜਨਤਾ ਨੂੰ, ਮਿਲ ਕੇ ਹੀ ਕੁੱਟਾਂਗੇ
ਧਰਮੀ ਸਥਾਨਾਂ ਦੇ ਧਰਮੀ ਗ੍ਰੰਥਾਂ ਨੂੰ, ਅਸੀਂ
ਹਮੇਸ਼ਾ ਦੀ ਤਰ੍ਹਾਂ, ਨਾਲੀਆਂ, ਕੂੜੇਦਾਨਾਂ 'ਚ, ਮਿਲ ਕੇ ਹੀ ਸੁੱਟਾਂਗੇ
■

(ਮਾਲਟਨ, ਮਈ 11, 2026)

ਚੁਬਾਰੇ ਦੀਆਂ ਗਸ਼ਤੀਆਂ

ਰਾਜਨੀਤੀਵਾਨਾਂ ਵਿੱਚ, ਚੁਬਾਰੇ ਦੀਆਂ ਗਸ਼ਤੀਆਂ ਵਿੱਚ
ਹੁਣ, ਕੋਈ, ਬਹੁਤਾ ਫਰਕ ਨਹੀਂ ਰਿਹਾ–

ਗਸ਼ਤੀਆਂ ਵਾਂਗ, ਜਿਹੜੀ ਵੀ ਕੋਈ
ਖਰੀਦਦਾਰ ਰਾਜਨੀਤਿਕ ਪਾਰਟੀ ਵੱਧ ਮੁੱਲ ਦੇਣ ਲਈ
ਤਿਆਰ ਹੋ ਜਾਵੇ, ਰਾਜਨੀਤੀਵਾਨ ਵੀ
ਉਸ ਗਾਹਕ ਨਾਲ ਤੁਰ ਜਾਣ ਲਈ
ਤਿਆਰ ਹੋ ਜਾਂਦੇ ਹਨ

ਹਰ, ਰਾਜਨੀਤੀਵਾਨ ਦਾ, ਬਸ
ਇੱਕ ਹੀ, ਤਰਕ ਹੁੰਦਾ ਹੈ :
ਪੁਰਾਣੀ ਰਾਜਨੀਤਿਕ ਪਾਰਟੀ ਵਿੱਚ
ਮੇਰਾ ਦਮ ਘੁੱਟਦਾ ਸੀ
ਮੈਂ, ਪਿਛਲੇ ਕੁਝ ਸਾਲਾਂ ਤੋਂ
ਮਹਿਸੂਸ ਕਰ ਰਿਹਾ ਸੀ
ਮੈਂ ਗਲਤ ਰਾਜਨੀਤਿਕ ਪਾਰਟੀ ਵਿੱਚ ਹਾਂ

ਦਰਅਸਲ, ਵਿਕਾਊ ਰਾਜਨੀਤੀਵਾਨ
ਰਾਜਨੀਤਿਕ ਮੰਡੀ ਵਿੱਚ, ਰਾਜਨੀਤਿਕ ਪਾਰਟੀਆਂ ਦੇ
ਉਤਰਾਅ-ਚੜ੍ਹਾਅ ਨਾਲ, ਉਨ੍ਹਾਂ ਪਾਰਟੀਆਂ ਦੀ
ਵਧਦੀ ਘਟਦੀ ਕੀਮਤ ਵੱਲ, ਇੰਝ
ਦੇਖਦੇ ਰਹਿੰਦੇ ਹਨ, ਜਿਵੇਂ ਸਟਾਕ ਮਾਰਕਿਟ ਦੇ
ਉਤਰਾਅ-ਚੜ੍ਹਾਅ ਨੂੰ, ਸੱਟਾ ਬਾਜ਼ਾਰ ਦੇ
ਦਲਾਲ ਵੇਖਦੇ ਰਹਿੰਦੇ ਹਨ

ਹਰ ਰਾਜਨੀਤਿਕ ਪਾਰਟੀ ਹੀ
ਸੱਤਾ ਹਾਸਿਲ ਕਰਨ ਲਈ, ਲੋਕ-ਮਾਨਸਿਕਤਾ ਵਿੱਚ
ਉਮੀਦਾਂ ਦਾ ਭਰਮ-ਜਾਲ ਬੁਣਦੀ ਹੈ

ਪਰ, ਰਾਜਸਿੰਘਾਸਨ ਉੱਤੇ ਬੈਠਦਿਆਂ ਹੀ
ਅਲੀ ਬਾਬਾ ਚਾਲੀ ਚੋਰਾਂ ਵਾਂਗ
ਜ਼ਿੰਦਗੀ ਦੇ ਹਰ ਖੇਤਰ ਵਿੱਚ ਹੀ
ਅੰਨ੍ਹੀ ਲੁੱਟ ਮਚਾ ਕੇ, ਆਪਣਾ ਘਰ ਭਰਦੀ ਹੈ

ਚੁਬਾਰੇ ਦੀਆਂ ਗਸ਼ਤੀਆਂ ਵਰਗੇ, ਵਿਕਾਊ ਰਾਜਨੀਤੀਵਾਨ
ਰਾਜਸਿੰਘਾਸਨ ਉੱਤੇ ਬੈਠੇ ਦਲਾਲਾਂ ਲਈ
ਭਾਸ਼ਨ ਮੁਦਰਾ ਵਿੱਚ, ਅਲਾਪ ਛੇੜਦੇ ਹਨ

ਸੱਤਾ ਨੂੰ ਖੁਸ਼ ਕਰਨ ਲਈ
ਮੁਜਰਾ ਕਰਦੇ ਹਨ, ਲੋਕਾਂ ਦੀਆਂ
ਉਮੀਦਾਂ ਪੂਰੀਆਂ ਕਰਨ ਦਾ ਮੰਤਰ ਪੜ੍ਹਦੇ ਹਨ

ਚੁਬਾਰੇ ਦੀਆਂ ਗਸ਼ਤੀਆਂ ਰੂਪੀ ਰਾਜਨੀਤੀਵਾਨ
ਹੁਣ, ਹਰ ਰਾਜਨੀਤਿਕ ਪਾਰਟੀ ਦਾ ਹੀ ਹਿੱਸਾ ਹਨ
ਭ੍ਰਿਸ਼ਟ ਰਾਜਨੀਤੀ ਦਾ ਪਾਸਾਰ ਕਰਨਾ, ਹੁਣ
ਕਿਸੇ ਇੱਕ ਰਾਜਨੀਤਿਕ ਪਾਰਟੀ ਦੀ ਹੀ ਜ਼ਿੰਮੇਵਾਰੀ ਨਹੀਂ
■

(ਮਾਲਟਨ, ਮਈ 16, 2026)

ਉਜੱਡ

ਗੈਂਗਸਟਰ ਪੰਜਾਬੀ ਗਾਇਕਾਂ ਦੇ
ਗੀਤ ਸੁਣ ਸੁਣ ਕੇ, ਉਨ੍ਹਾਂ ਨੇ
ਬਰੈਂਡਡ ਨਾਵਾਂ ਵਾਲੇ, ਕੱਪੜੇ ਪਾਉਣੇ
ਤਾਂ, ਸਿੱਖ ਲਏ ਸਨ

ਕਾਰਪੋਰੇਟ ਕਲਚਰ ਦੀ, ਨਿੱਤ
ਪ੍ਰਮੋਸ਼ਨ ਕਰਨ ਵਾਲੀਆਂ, ਮਸ਼ਹੂਰੀਆਂ
ਸੁਣ ਸੁਣ, ਉਨ੍ਹਾਂ ਨੇ
ਮਹਿੰਗੀਆਂ ਕਾਰਾਂ, ਮਹਿੰਗੇ ਫੋਨ ਵੀ
ਖ਼ਰੀਦ ਲਏ ਸਨ

ਹੁਣ, ਉਨ੍ਹਾਂ ਦੀਆਂ ਜੇਹਬਾਂ ਵਿੱਚ
ਡਾਲਰ ਵੀ ਖੜਕਦੇ ਸਨ

ਪਰ, ਉਨ੍ਹਾਂ ਨੂੰ
ਕਿਸੀ ਨੇ ਵੀ , ਬੋਲਣ ਦੀ
ਕਲਾ ਨਹੀਂ ਸਿਖਾਈ ਸੀ

ਉਹ, ਗੱਲ ਗੱਲ ਉੱਤੇ
ਤੇਰੀ ਮਾਂ ਦੀ, ਤੇਰੀ ਭੈਣ ਦੀ, ਤੇਰੀ ਧੀ ਦੀ
ਕਹਿ ਕੇ, ਆਪਣੇ
ਘੁਮੰਡੀ, ਹੰਕਾਰੀ, ਉਜੱਡ, ਹੋਣ ਦਾ
ਦਿਖਾਵਾ ਕਰਦੇ

ਉਹ, ਸਮਝਦੇ
ਇਸ ਤਰ੍ਹਾਂ ਕਰ ਕੇ, ਅਸੀਂ
ਸੂਰਮੇ, ਯੋਧੇ, ਬਹਾਦਰ, ਹੋਣ ਦਾ

ਦਿਖਾਵਾ ਕਰ ਰਹੇ ਹਾਂ

ਉਹ, ਗੱਲ ਗੱਲ ਉੱਤੇ
ਦੂਜੇ ਬੰਦੇ ਦਾ ਬੂਥਾ ਭੰਨ ਦੇਣ ਦੀਆਂ
ਧਮਕੀਆਂ ਦਿੰਦੇ, ਦੂਜੇ ਬੰਦੇ ਨੂੰ
ਜਾਨੋਂ ਮਾਰ ਦੇਣ ਦੀਆਂ
ਗੱਲਾਂ ਕਰਦੇ

ਉਹ, ਆਪਣੇ
ਮੂੰਹਾਂ 'ਚੋਂ, ਆਪਣੀ
ਲੱਚਰ ਬਾਣੀ ਦਾ ਵਿਖਿਆਨ ਕਰਦੇ ਹੋਏ
ਆਪਣੇ ਆਪ ਨੂੰ
–ਕਦੀ, ਮਹਾਨ ਸ਼ਹੀਦਾਂ ਦੇ ਵਾਰਿਸ ਕਹਿੰਦੇ
–ਕਦੀ, ਮਹਾਨ ਯੋਧਿਆਂ ਦੇ ਵਾਰਿਸ ਕਹਿੰਦੇ
–ਕਦੀ, ਮਹਾਨ ਗੁਰੂਆਂ ਦੇ ਵਾਰਿਸ ਕਹਿੰਦੇ

ਪਰ, ਲੋਕ, ਉਨ੍ਹਾਂ ਦੀਆਂ
ਕੋਝੀਆਂ, ਹਰਕਤਾਂ ਵੱਲ ਦੇਖ ਦੇਖ
ਹੱਸ ਛੱਡਦੇ, ਉਨ੍ਹਾਂ ਨੂੰ
ਲੱਖ ਲੱਖ, ਲਾਹਨਤਾਂ ਪਾਉਂਦੇ ਹੋਏ
ਆਪੋ, ਆਪਣੇ, ਰਾਹ ਤੁਰ ਜਾਂਦੇ

ਲੋਕ ਡਰਦੇ, ਇਸ ਗੰਦ ਨੂੰ ਛੇੜ ਕੇ
ਆਪਣੇ ਉੱਤੇ ਹੀ, ਗੰਦ ਦੇ
ਛਿੱਟੇ ਪੈਣਗੇ

ਉਜੱਡ ਲੋਕਾਂ ਨੂੰ
ਉਨ੍ਹਾਂ ਦੇ ਰਹਿਮ ਉੱਤੇ ਹੀ ਛੱਡ ਕੇ
ਰਾਹੀ, ਉਨ੍ਹਾਂ ਨੂੰ
ਅਲਵਿਦਾ ਆਖ ਜਾਂਦੇ

■ (ਮਾਲਟਨ, ਮਈ 21, 2026)

ਔਰੰਗਜ਼ੇਬ ਮੁੜ ਤਖਤ ਉੱਤੇ

ਔਰੰਗਜ਼ੇਬ, ਮੁੜ
ਧਰਮੀ ਤਖਤ ਉੱਤੇ
ਕਾਬਜ਼ ਹੋ ਗਿਆ ਹੈ–

ਉਹ, ਆਪਣੇ
ਮਾਲਕਾਂ ਨੂੰ
ਹਕੂਮਤ ਦੇ ਰਾਜਸਿੰਘਾਸਨ ਉੱਤੇ
ਬਿਠਾਉਣ ਲਈ, ਕੋਈ
ਅਜਿਹੀ, ਵਿਉਂਤ ਗੁੰਦਣ ਦੇ
ਸੰਕੇਤ ਦੇ ਰਿਹਾ ਹੈ

ਜਿਸ ਵਿਉਂਤ ਸਦਕਾ
ਘਰੇਲੂ ਖਾਨਾ–ਜੰਗੀ ਵਾਲੇ
ਹਾਲਾਤ ਪੈਦਾ ਹੋ ਸਕਣ

ਉਸਦੇ ਮਾਲਕ ਨੇ
ਔਰੰਗਜ਼ੇਬ ਨਾਲ ਵਾਅਦਾ ਕੀਤਾ ਹੈ
ਉਹ, ਉਸ ਨੂੰ
ਧਰਮੀ ਤਖਤ ਦੇ
ਜੱਥੇਦਾਰ ਦੀ ਨਿਯੁਕਤੀ ਨਾਲ
ਨਿਵਾਜੇਗਾ

ਔਰੰਗਜ਼ੇਬ, ਇਸੀ
ਲਾਲਚ ਵੱਸ ਹੀ

ਸੂਬੇ ਨੂੰ ਅੱਗ ਦੇ ਹਵਾਲੇ
ਕਰ ਦੇਣ ਲਈ, ਹੁਣ
ਤਿਆਰ ਬੈਠਾ ਹੈ

ਉਸਦੇ, ਚੇਲੇ-ਬਾਲਕੇ
ਜਲਦੀ ਹੀ, ਤੇਲ ਦੇ ਭਰੇ ਡਰੰਮ
ਮਾਚਿਸ ਦੀਆਂ ਡੱਬੀਆਂ ਲੈ ਕੇ
ਬਸ, ਪਹੁੰਚਣ ਹੀ ਵਾਲੇ ਹਨ
■

(ਮਾਲਟਨ, ਜੂਨ 17, 2026)

ਦੁਰਦਸ਼ਾ

ਧਰਮੀ ਮੱਠ ਦੇ
ਨਵੇਂ ਬਣੇ, ਮਹੰਤ ਨੇ
ਸਿੰਘਾਸਨ ਉੱਤੇ ਬੈਠਦਿਆਂ ਹੀ
ਹੁਕਮਨਾਮਾ ਜਾਰੀ ਕੀਤਾ:
ਮੇਰਾ ਕੋਈ ਵੀ ਸ਼ਿਸ਼
ਸ਼ਹਿਰ ਦੇ ਕਿਸੀ ਵੀ ਢਾਬੇ ਤੋਂ
ਤੰਦੂਰੀ ਰੋਟੀਆਂ ਨਾਲ ਮਾਂਹ ਦੀ ਦਾਲ ਨ ਖਾਵੇ
ਇਸ ਤਰ੍ਹਾਂ ਕਰਨ ਵਾਲਾ, ਹਰ ਸ਼ਖ਼ਸ
ਧਰਮ ਦੋਖੀ ਹੋਵੇਗਾ

ਸ਼ਹਿਰ ਦੇ ਲੋਕ, ਮਹੰਤ ਦਾ
ਹੁਕਮਨਾਮਾ ਸੁਣਦੇ, ਹੱਸ ਕੇ
ਤੁਰ ਜਾਂਦੇ

ਧਰਮੀ ਮੱਠ ਦੇ
ਨਵੇਂ ਬਣੇ, ਮਹੰਤ ਨੇ
ਸਿੰਘਾਸਨ ਉੱਤੇ ਬੈਠਦਿਆਂ ਹੀ
ਹੁਕਮਨਾਮਾ ਜਾਰੀ ਕੀਤਾ:
ਮੇਰਾ ਕੋਈ ਵੀ ਸ਼ਿਸ਼
ਸ਼ਹਿਰ ਦੇ ਕਿਸੇ ਵੀ ਹਲਵਾਈ ਤੋਂ
ਗਰਮ ਦੁੱਧ ਵਿੱਚ ਜਲੇਬੀਆਂ ਪਾ ਕੇ ਨ ਖਾਵੇ
ਇਸ ਤਰ੍ਹਾਂ ਕਰਨ ਵਾਲਾ, ਹਰ ਸ਼ਖ਼ਸ
ਧਰਮ ਦੋਖੀ ਹੋਵੇਗਾ

ਸ਼ਹਿਰ ਦੇ ਲੋਕ, ਮਹੰਤ ਦਾ
ਹੁਕਮਨਾਮਾ ਸੁਣਦੇ, ਹੱਸ ਕੇ
ਤੁਰ ਜਾਂਦੇ

ਧਰਮੀ ਮੱਠ ਦੇ
ਨਵੇਂ ਬਣੇ, ਮਹੰਤ ਨੇ
ਸਿੰਘਾਸਨ ਉੱਤੇ ਬੈਠਦਿਆਂ ਹੀ
ਹੁਕਮਨਾਮਾ ਜਾਰੀ ਕੀਤਾ:
ਮੇਰਾ ਕੋਈ ਵੀ ਸ਼ਿਸ਼
ਸ਼ਹਿਰ ਦੇ ਕਿਸੇ ਵੀ ਰੈਸਟੋਰੈਂਟ ਤੋਂ
ਆਲੂ ਦੇ ਪਰੌਂਠਿਆਂ ਨਾਲ ਦਹੀਂ ਨ ਖਾਵੇ
ਇਸ ਤਰ੍ਹਾਂ ਕਰਨ ਵਾਲਾ, ਹਰ ਸ਼ਖ਼ਸ
ਧਰਮ ਦੋਖੀ ਹੋਵੇਗਾ

ਸ਼ਹਿਰ ਦੇ ਲੋਕ, ਮਹੰਤ ਦਾ
ਹੁਕਮਨਾਮਾ ਸੁਣਦੇ, ਹੱਸ ਕੇ
ਤੁਰ ਜਾਂਦੇ

ਧਰਮੀ ਮੱਠ ਦੇ
ਨਵੇਂ ਬਣੇ, ਮਹੰਤ ਨੇ
ਸਿੰਘਾਸਨ ਉੱਤੇ ਬੈਠਦਿਆਂ ਹੀ
ਹੁਕਮਨਾਮਾ ਜਾਰੀ ਕੀਤਾ:
ਮੇਰਾ ਕੋਈ ਵੀ ਸ਼ਿਸ਼
ਆਪਣੇ, ਘਰ ਵਿੱਚ ਵੀ
ਬੈਂਗਣ ਦੇ ਭੁੜਥੇ ਨਾਲ ਕਰੇਲਾ ਨ ਖਾਵੇ
ਇਸ ਤਰ੍ਹਾਂ ਕਰਨ ਵਾਲਾ, ਹਰ ਸ਼ਖ਼ਸ
ਧਰਮ ਦੋਖੀ ਹੋਵੇਗਾ

ਸ਼ਹਿਰ ਦੇ ਲੋਕ, ਮਹੰਤ ਦਾ
ਹੁਕਮਨਾਮਾ ਸੁਣਦੇ, ਹੱਸ ਕੇ
ਤੁਰ ਜਾਂਦੇ

ਅਖੀਰ, ਮਹੰਤ ਵੱਲੋਂ
ਨਿੱਤ, ਸੁਣਾਏ ਜਾਂਦੇ, ਊਲ-ਜਲੂਲ
ਹੁਕਮਨਾਮਿਆਂ ਦੀ, ਏਨੀ ਜ਼ਿਆਦਾ
ਦੁਰਦਸ਼ਾ ਹੋਈ-

ਧਰਮੀ ਮੱਠ ਦਾ ਮਹੰਤ
ਇੱਕ ਰਾਤ, ਸ਼ਰਮ ਦਾ ਮਾਰਿਆ
ਬਿਨਾ ਕਿਸੀ ਨੂੰ ਕੁਝ ਕਹੇ
ਚੁੱਪ ਚਾਪ, ਸ਼ਹਿਰ ਵਿੱਚੋਂ ਹੀ
ਆਲੋਪ ਹੋ ਗਿਆ
■

(ਮਾਲਟਨ, ਜੂਨ 22, 2026)

ਸੌਂ ਗਏ, ਸਭ

ਸੌਂ ਗਏ, ਸਭ
ਬੁੱਧੀਜੀਵੀ, ਲੇਖਕ, ਪੱਤਰਕਾਰ, ਕਲਾਕਾਰ
ਲੰਮੀਆਂ ਤਾਣ ਕੇ–

ਜ਼ਕਰੀਆ ਖਾਨ ਨੇ
ਧਰਮੀ ਮੱਠ ਦੇ
ਚੁਬਾਰੇ ਉੱਤੇ ਖੜ੍ਹ ਕੇ, ਜਦ
ਲਲਕਾਰਾ ਮਾਰਿਆ:
ਮੈਂ ਹੀ ਹਾਂ, ਧਰਮ ਦਾ ਰਾਖਾ
ਮੇਰੇ ਬਿਨਾ, ਧਰਮ ਦਾ ਪੱਤਾ ਵੀ ਨਹੀਂ ਹਿੱਲ ਸਕਦਾ
ਮੇਰੀ ਪਿੱਠ ਉਤੇ ਖੜ੍ਹੇ ਹਨ:
ਸ਼ਹਿਰ ਦੇ ਸਭ, ਚਿੱਟੇ ਦੇ ਵਿਉਪਾਰੀ
ਸ਼ਹਿਰ ਦੇ ਸਭ, ਧਰਮੀ ਗੋਲਕਾਂ ਲੁੱਟਣ ਵਾਲੇ
ਸ਼ਹਿਰ ਦੇ ਸਭ, ਧਰਮੀ ਦੰਗੇ–ਫਸਾਦ ਕਰਵਾਉਣ ਵਾਲੇ
ਸ਼ਹਿਰ ਦੇ ਸਭ, ਗੁਫ਼ਾਵਾਂ ਵਾਲੇ ਬਲਾਤਕਾਰੀ ਸੰਤ ਬਾਬੇ, ਰਾਜਨੀਤੀਵਾਨ

ਜ਼ਕਰੀਆ ਖਾਨ
ਹੱਥ ਵਿੱਚ, ਨੰਗੀ ਤਲਵਾਰ ਫੜ ਕੇ
ਮੁੜ, ਗਰਜਿਆ :
ਜੋ ਵੀ, ਮੇਰੀ, ਜੈ ਜੈ ਕਾਰ ਨਹੀਂ ਕਰੇਗਾ
ਉਸਦੇ ਖਿਲਾਫ਼, ਮੈਂ
ਹੁਕਮਨਾਮਾ ਜਾਰੀ ਕਰਾਂਗਾ
ਮੈਂ, ਉਸਦਾ ਜੀਣਾ ਹਰਾਮ ਕਰਾਂਗਾ
ਮੈਂ, ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਵਿੱਚ

ਧਰਮੀ ਆਤੰਕਵਾਦ ਦੇ ਬੀਜ ਬੀਜਾਂਗਾ
ਮੈਂ, ਪੰਜਾਬ ਦੇ ਸਭਿਆਚਾਰਕ ਮਾਹੌਲ ਵਿੱਚ
ਧਰਮੀ ਹੰਕਾਰ ਦੀ ਖੇਤੀ ਕਰਾਂਗਾ
ਮੈਂ, ਪੰਜਾਬ ਦੇ, ਹਰ ਧਰਮ ਦੇ
ਹਰ ਸਿਧਾਂਤ ਨੂੰ ਮਲੀਆਮੇਟ ਕਰਾਂਗਾ
ਮੈਂ, ਪੰਜਾਬ ਵਿੱਚ, ਇੱਕ ਵਾਰ ਫਿਰ
ਡੋਗਰਿਆਂ ਦਾ ਰੂਪ ਧਾਰਨ ਕਰਾਂਗਾ
ਮੈਂ, ਪੰਜਾਬ ਵਿੱਚ, ਸਾਂਝੀਵਾਲਤਾ ਦੀ ਭਾਵਨਾ ਨੂੰ
ਡੂੰਘੇ ਕਬਰਸਤਾਨਾਂ 'ਚ ਦਫ਼ਨ ਕਰਾਂਗਾ
■

(ਮਾਲਟਨ, ਜੂਨ 22, 2026)

ਗੰਗਾ ਰਾਮ

ਧਰਮੀ ਤਖਤ ਉੱਤੇ, ਹੁਣ
ਗੰਗਾ ਰਾਮ ਬੈਠਦਾ ਹੈ–

ਉਸਦੇ ਮਾਲਿਕ, ਭ੍ਰਿਸ਼ਟ
ਰਾਜਨੀਤੀਵਾਨ ਦੇ ਮਨ ਵਿੱਚ, ਜਦ ਵੀ ਕੋਈ
ਰਾਜਨੀਤਿਕ ਇੱਛਾ ਜਾਗਦੀ ਹੈ, ਉਹ
ਧਰਮੀ ਤਖਤ ਉੱਤੇ ਆਉਂਦਾ ਹੈ

ਉਹ, ਗੰਗਾ ਰਾਮ ਨੂੰ, ਪੁੱਛਦਾ ਹੈ:
ਗੰਗਾ ਰਾਮ, ਚੂਰੀ ਖਾਏਂਗਾ ?
ਗੰਗਾ ਰਾਮ, ਆਪਣੀ, ਗੁਲਾਮ ਮਾਨਸਿਕਤਾ ਦਾ ਪ੍ਰਗਟਾਅ ਕਰਦਾ ਹੈ:
ਮਾਲਕੋ, ਗੰਗਾ ਰਾਮ ਤੁਹਾਡਾ ਗੁਲਾਮ ਹੈ, ਹੁਕਮ ਕਰੋ !

ਰਾਜਨੀਤੀਵਾਨ, ਖਿੜਖਿੜਾ ਕੇ ਹੱਸਦਾ, ਬੋਲਦਾ ਹੈ:
ਮੇਰੇ ਚਿਰਾਗ਼ ਦੇ ਜਿੰਨ !
ਜਾ ! ਕੋਈ, ਅਜਿਹਾ, ਹੁਕਮਨਾਮਾ ਜਾਰੀ ਕਰ
ਜਿਸ ਤੋਂ ਬਾਅਦ, ਮੇਰਾ ਵਿਰੋਧੀ ਰਾਜਨੀਤੀਵਾਨ
–ਧਰਮ 'ਚੋਂ ਛੇਕਿਆ ਜਾਵੇ
–ਹਰ ਥਾਂ ਲੋਕ ਉਸ ਨੂੰ ਥੂਹ ਥੂਹ ਕਹਿਣ
–ਉਹ, ਕੋਈ ਵੀ, ਚੋਣ ਨ ਲੜ ਸਕੇ
ਬਸ, ਮੈਂ, ਹਕੂਮਤ ਦੇ ਰਾਜਸਿੰਘਾਸਨ ਉੱਤੇ
ਬਿਰਾਜਮਾਨ ਹੋ ਸਕਾਂ
ਗੰਗਾ ਰਾਮ, ਚੀਂ ਚੀਂ ਕਰਦਾ ਹੈ:
ਮੇਰੇ ਮਾਲਕੋ, ਦੇਖਣ ਵਿੱਚ, ਭਾਵੇਂ, ਮੈਂ

ਇੱਕ, ਨਿੱਕਾ ਜਿਹਾ, ਤੋਤਾ ਹੀ ਲੱਗਦਾ ਹਾਂ
ਪਰ, ਹਕੀਕਤ ਵਿੱਚ, ਮੈਂ
ਅਲਾਦੀਨ ਦੇ ਚਿਰਾਗ਼ ਵਿਚਲੇ ਜਿੰਨ ਵਾਂਗ
ਤੁਹਾਡਾ, ਧਰਮੀ ਸੇਵਕ ਹਾਂ

ਤੁਸੀਂ, ਕਹੋ, ਤਾਂ, ਸਹੀ–
ਮੈਂ, ਪੰਜਾਬ ਵਿੱਚ, ਰਾਤੋ–ਰਾਤ
ਦੰਗੇ–ਫਸਾਦ ਕਰਵਾ ਸਕਦਾ ਹਾਂ
ਮੈਂ, ਪੰਜਾਬ ਵਿੱਚ, ਰਾਤੋ–ਰਾਤ
ਹਿੰਦੂ–ਸਿੱਖ ਕਤਲੇਆਮ ਕਰਵਾ ਸਕਦਾ ਹਾਂ
ਮੈਂ, ਪੰਜਾਬ ਵਿੱਚ, ਰਾਤੋ–ਰਾਤ
ਮੰਦਰਾਂ 'ਚ ਗਊ ਦਾ ਸਿਰ, ਗੁਰਦੁਆਰਿਆਂ 'ਚ
ਸਿਗਰਟਾਂ ਸੁਟਵਾ ਸਕਦਾ ਹਾਂ
ਮੈਂ, ਪੰਜਾਬ ਵਿੱਚ, ਰਾਤੋ–ਰਾਤ
ਧਰਮੀ ਆਤੰਕਵਾਦ ਦੀ ਅੱਗ ਭੜਕਾਅ ਸਕਦਾ ਹਾਂ

ਗੰਗਾ ਰਾਮ ਨੇ, ਫਿਰ
ਚੀਂ ਚੀਂ ਕਰਦਿਆਂ ਕਿਹਾ:
ਦੇਖਣ ਵਿੱਚ, ਭਾਵੇਂ, ਮੈਂ, ਕੋਈ
ਧਰਮੀ ਜੱਥੇਦਾਰ ਲੱਗਦਾ ਹੋਵਾਂ
ਪਰ, ਅੰਦਰੋਂ, ਮੈਂ
ਕਾਲਖ ਦਾ ਵੰਝਾਰਾ ਹਾਂ
ਪਰ, ਅੰਦਰੋਂ, ਮੈਂ
–ਹਿਟਲਰ ਦੀ ਔਲਾਦ ਹਾਂ
–ਮੰਨੂਵਾਦ ਦਾ ਪਹਿਰੇਦਾਰ ਹਾਂ
–ਪੰਜਾਬੀ ਸਭਿਆਚਾਰ ਦਾ ਕਾਤਲ ਹਾਂ
–ਨਸ਼ਿਆਂ ਦੇ ਸੌਦਾਗਰਾਂ ਦਾ ਜੋਟੀਦਾਰ ਹਾਂ

■ (ਮਾਲਟਨ, ਜੂਨ 23, 2026)

ਧਰਮੀ ਤਵਾਇਫਾਂ

ਧਰਮੀ ਤਵਾਇਫਾਂ
ਪੈਰਾਂ 'ਚ ਘੁੰਗਰੂ ਬੰਨ੍ਹ
ਧਰਮੀ ਤਖਤਾਂ ਦੇ ਕੋਠਿਆਂ ਉੱਤੇ
ਨੱਚਦੀਆਂ ਹਨ, ਮਹਿਜ਼
ਚਿੱਟੇ ਦੇ ਵਿਉਪਾਰੀ, ਰਾਜਨੀਤੀਵਾਨਾਂ ਦੀ
ਗੁਲਾਮੀ ਕਰਨ ਲਈ

ਉਹ, ਬਾਰ ਬਾਰ
ਆਪਣੀਆਂ, ਅਦਾਵਾਂ ਨਾਲ
ਦਿਖਾਵਾ ਕਰਦੀਆਂ ਹਨ, ਉਹ
ਗੋਲਕ ਚੋਰ, ਭ੍ਰਿਸ਼ਟ, ਰਾਜਨੀਤੀਵਾਨਾਂ ਦੀਆਂ
ਰਖੇਲ ਹਨ, ਉਹ, ਇਨ੍ਹਾਂ
ਧਰਮੀ ਡਾਕੂਆਂ ਦੀਆਂ
ਮਾਨਸਿਕ ਤੌਰ ਉੱਤੇ, ਪਾਲਤੂ ਹਨ

ਇਨ੍ਹਾਂ, ਧਰਮੀ ਤਵਾਇਫਾਂ ਨੇ
ਜਿਨ੍ਹਾਂ ਨੂੰ ਭਾਈਚਾਰੇ ਵਿੱਚ ਜੱਥੇਦਾਰ ਸ਼ਬਦ ਨਾਲ
ਬੁਲਾਇਆ ਜਾਂਦਾ ਹੈ, ਆਪਣੀਆਂ
ਕਰਤੂਤਾਂ ਸਦਕਾ, ਧਰਮੀ ਤਖਤਾਂ ਦੇ
ਸੁਨਹਿਰੀ ਇਤਿਹਾਸ ਨੂੰ ਵੀ
ਕਲੰਕਿਤ ਕਰ ਦਿੱਤਾ ਹੈ

ਇਹ, ਧਰਮੀ ਤਵਾਇਫਾਂ, ਉਰਫ, ਜੱਥੇਦਾਰ
ਜਿਨ੍ਹਾਂ ਨੂੰ ਧਰਮੀ ਪ੍ਰੰਪਰਾਵਾਂ ਦਾ ਵੀ

ਕੋਈ ਗਿਆਨ ਨਹੀਂ, ਉਹ
ਬਲਾਤਕਾਰੀ ਰਾਜਨੀਤੀਵਾਨਾਂ ਅੱਗੇ
ਸਿਰ ਝੁਕਾ ਕੇ, ਉਨ੍ਹਾਂ ਨੂੰ
ਸਲਾਮ ਕਰਦੀਆਂ ਹਨ

ਭ੍ਰਿਸ਼ਟ ਰਾਜਨੀਤੀਵਾਨ, ਆਪਣੇ
ਰਾਜਨੀਤਿਕ ਸਵਾਰਥਾਂ ਖਾਤਿਰ, ਇਨ੍ਹਾਂ
ਧਰਮੀ ਤਖਤਾਂ ਦੇ ਕੋਠਿਆਂ ਤੋਂ
ਅਜੀਬੋ-ਗਰੀਬ ਕਿਸਮ ਦੇ
ਹੁਕਮਨਾਮੇ ਜਾਰੀ ਕਰਵਾਉਂਦੇ ਹਨ

ਮਸਲਨ:
ਇਹ, ਧਰਮੀ ਤਵਾਇਫਾਂ
ਆਖਦੀਆਂ ਹਨ :
ਜੋ, ਸਾਡੇ, ਹੁਕਮਨਾਮੇ ਨਹੀਂ ਮੰਨੇਗਾ
ਅਸੀਂ, ਉਸ ਵਿਅਕਤੀ ਨੂੰ
ਧਰਮ ਵਿੱਚੋਂ ਹੀ ਬੇਦਖਲ ਕਰ ਦੇਵਾਂਗੀਆਂ
ਜੋ, ਸਾਡੇ, ਬੇਦਖਲ ਕੀਤੇ ਹੋਏ ਬੰਦੇ ਨੂੰ ਮੂੰਹ ਲਗਾਵੇਗਾ
ਅਸੀਂ, ਧਰਮੀ ਤਵਾਇਫਾਂ, ਉਸ ਬੰਦੇ ਨੂੰ ਵੀ
ਧਰਮ 'ਚੋਂ ਬੇਦਖਲ ਕਰ ਦੇਵਾਂਗੀਆਂ

ਇਹ, ਧਰਮੀ ਤਵਾਇਫਾਂ
ਆਖਦੀਆਂ ਹਨ:
ਅਸੀਂ, ਪਿੰਡ ਪਿੰਡ, ਸ਼ਹਿਰ ਸ਼ਹਿਰ, ਬਸਤੀ ਬਸਤੀ, ਜਾ ਕੇ
ਇਸ ਗੱਲ ਦਾ ਪ੍ਰਚਾਰ ਕਰਾਂਗੀਆਂ
ਹਰ ਪਿੰਡ, ਹਰ ਸ਼ਹਿਰ, ਹਰ ਬਸਤੀ, ਦੇ ਲੋਕ
ਸਾਡੇ, ਹੁਕਮਨਾਮਿਆਂ ਨੂੰ ਮੰਨ ਕੇ
ਭ੍ਰਿਸ਼ਟ ਰਾਜਨੀਤੀਵਾਨਾਂ ਵਰਗੇ ਹੀ ਬਨਣ

ਜਦੋਂ ਤੱਕ, ਹਰ ਪਿੰਡ, ਹਰ ਸ਼ਹਿਰ, ਹਰ ਬਸਤੀ, ਦਾ ਰਹਿਣ ਵਾਲਾ
ਹਰ ਮਰਦ, ਹਰ ਔਰਤ, ਭ੍ਰਿਸ਼ਟ ਨਹੀਂ ਹੋ ਜਾਂਦਾ
ਉਦੋਂ ਤੱਕ, ਧਰਮੀ ਤਵਾਇਫਾਂ ਦੀ
ਰੂਹ ਨੂੰ ਸ਼ਾਂਤੀ ਨਹੀਂ ਮਿਲੇਗੀ
ਉਦੋਂ ਤੱਕ, ਧਰਮੀ ਤਖਤਾਂ ਦੇ ਕੋਠਿਆਂ ਉੱਤੇ
ਖੜਕਦੇ ਤਵਾਇਫੀ ਘੁੰਗਰੂਆਂ ਦੀ ਆਵਾਜ਼
ਹੀਰਾ ਮੰਡੀ, ਸੋਨਾ ਗਾਚੀ, ਜੀਬੀ ਰੋਡ, ਦੀ
ਆਵਾਜ਼ ਨਹੀਂ ਬਣ ਸਕੇਗੀ
■

(ਮਾਲਟਨ, ਜੂਨ 27, 2026)

ਊਲ-ਜਲੂਲ ਕਵਿਤਾ

ਮੈਂ, ਇੱਕ, ਊਲ-ਜਲੂਲ ਕਵਿਤਾ
ਲਿਖਣੀ ਚਾਹੁੰਦਾ ਹਾਂ-
ਮੇਰੀ ਕਵਿਤਾ ਦਾ ਉਦੇਸ਼
ਬਿਲਕੁਲ ਸਪੱਸ਼ਟ ਹੋਵੇਗਾ-
ਕੁਝ, ਚਰਚਿਤ, ਸਾਹਿਤਕ ਸੰਸਥਾਵਾਂ ਦੇ
ਐਵਾਰਡ ਜਿੱਤਣੇ, ਗ੍ਰਾਂਟਾਂ ਹੜੱਪਣੀਆਂ

ਜਿਵੇਂ ਕਿ-
-ਪੰਜਾਬ ਕਲਾ ਪ੍ਰੀਸ਼ਦ ਐਵਾਰਡ
-ਭਾਸ਼ਾ ਵਿਭਾਗ ਪੰਜਾਬ ਐਵਾਰਡ
-ਸਾਹਿਤ ਅਕੈਡਮੀ ਦਿੱਲੀ ਐਵਾਰਡ

ਮੇਰੀ, ਊਲ-ਜਲੂਲ ਕਵਿਤਾ ਵਿੱਚ
-ਘੋੜੇ ਉੱਡਣਗੇ
-ਗਧੇ ਦੁਲੱਤੀਆਂ ਮਾਰਨਗੇ
-ਖੱਚਰ ਢੀਂਚੂੰ ਢੀਚੂੰ ਕਰਨਗੇ
-ਭੇਡਾਂ ਮੈਂ ਮੈਂ ਕਰਨਗੀਆਂ
-ਭੂਸਰੇ ਹੋਏ ਸਾਨ੍ਹ ਖੌਰੂ ਪਾਉਣਗੇ
-ਹਾਥੀ ਚਿੰਗਾੜਾਂ ਮਾਰਨਗੇ

ਮੈਨੂੰ, ਪੂਰਾ ਯਕੀਨ ਹੈ
ਸਾਡੇ ਸਮੇਂ ਦੇ ਸਭ ਨਾਮਵਰ ਆਲੋਚਕ
ਮੇਰੀ, ਊਲ-ਜਲੂਲ ਕਵਿਤਾ ਨੂੰ
ਇਸ ਸਦੀ ਦੀ ਸਭ ਤੋਂ ਨਵੀਨ

ਪੈਰਾਡਾਈਮ ਸ਼ਿਫਟ ਪੈਦਾ ਕਰਨ ਵਾਲੀ
ਕਵਿਤਾ ਕਹਿਣਗੇ

ਵਿਸ਼ਵ-ਵਿਦਿਆਲਿਆਂ ਦੇ ਪੰਜਾਬੀ ਵਿਭਾਗਾਂ ਦੇ
ਸਿਰਮੌਰ ਆਲੋਚਕ-
ਮੇਰੀ, ਊਲ-ਜਲੂਲ ਕਵਿਤਾ ਨੂੰ
ਸਿਮੌਟਿਕ, ਫੌਨੈਟਿਕ, ਪੈਥੈਟਿਕ, ਫੋਟੋਸਟੈਟਿਕ, ਗਲੈਕਟਿਕ, ਜਿਹੇ
ਨਾਵਾਂ ਨਾਲ ਬੁਲਾਇਆ ਕਰਨਗੇ

ਮੈਨੂੰ, ਇਸ ਗੱਲ ਦਾ ਵੀ ਪੂਰਾ ਯਕੀਨ ਹੈ
ਸਾਡੇ, ਆਲੋਚਕ, ਮੇਰੀ
ਊਲ-ਜਲੂਲ ਕਵਿਤਾ ਦੀਆਂ
ਸਿਫਤਾਂ ਕਰਨ ਲੱਗੇ, ਇਹ ਵੀ
ਜ਼ਰੂਰ ਕਹਿਣਗੇ-
ਇਸ ਊਲ-ਜਲੂਲ ਕਵਿਤਾ ਉੱਤੇ
-ਡਾ. ਹਰਿਭਜਨ ਸਿੰਘ ਦਾ ਰੂਪਵਾਦੀ ਪ੍ਰਭਾਵ ਵੀ ਹੈ
-ਪਾਸ਼ ਦਾ ਕ੍ਰਾਂਤੀਕਾਰੀ ਪ੍ਰਭਾਵ ਵੀ ਹੈ
-ਅੰਮ੍ਰਿਤਾ ਦਾ ਰੁਮਾਂਸਵਾਦੀ ਪ੍ਰਭਾਵ ਵੀ ਹੈ
-ਪ੍ਰੋ. ਮੋਹਨ ਸਿੰਘ ਦਾ ਪ੍ਰਗਤੀਵਾਦੀ ਪ੍ਰਭਾਵ ਵੀ ਹੈ
-ਰਵਿੰਦਰ ਰਵੀ ਦਾ ਪ੍ਰਯੋਗਵਾਦੀ ਪ੍ਰਭਾਵ ਵੀ ਹੈ
-ਦੇਵ ਦਾ ਸਵਿਟਜ਼ਰਲੈਂਡੀ ਬਰਫ਼ਵਾਦੀ ਪ੍ਰਭਾਵ ਵੀ ਹੈ

ਇਹ ਵੀ ਸੰਭਵ ਹੈ
ਕਿਸੀ-ਨ-ਕਿਸੀ ਯੂਨੀਵਰਸਿਟੀ ਨਾਲ ਸਬੰਧਤ
ਕੋਈ ਆਲੋਚਕ, ਮੇਰਾ ਨਾਮ
ਸਰਸਵਤੀ ਐਵਾਰਡ ਲਈ ਵੀ ਪੇਸ਼ ਕਰ ਦੇਵੇ

ਮੇਰੀ, ਊਲ-ਜਲੂਲ ਕਵਿਤਾ
ਜੇਕਰ, ਏਨੀਆਂ ਪ੍ਰਾਪਤੀਆਂ ਵੀ ਕਰ ਲਵੇ -
ਤਾਂ, ਪੰਜਾਬੀ ਸਾਹਿਤ ਦੇ ਆਲੋਚਕ
ਚੱਪਣੀ 'ਚ ਪਾਣੀ ਪਾ ਕੇ
ਆਪਣੇ, ਨੱਕ ਡੋਬਣ ਜੋਗੇ
ਤਾਂ, ਹੋ ਹੀ ਜਾਣਗੇ
■

(ਮਾਲਟਨ, ਜੁਲਾਈ 7, 2026)

ਸਤਲੁਜ

ਸਤਲੁਜ ਦਰਿਆ ਦੇ ਕੰਢਿਆਂ ਨੇ
ਸਦੀਆਂ ਤੋਂ ਦੇਖਿਆ ਹੈ
ਜ਼ਾਲਮ ਹਕੂਮਤਾਂ ਦੇ, ਬੇਰਹਿਮ ਅਹਿਲਕਾਰਾਂ ਵੱਲੋਂ
ਮਨੁੱਖੀ ਆਜ਼ਾਦੀ ਲਈ ਜੂਝ ਰਹੇ
ਅਣਖੀ ਯੋਧਿਆਂ ਦੇ ਜਿਸਮਾਂ ਨੂੰ, ਬੁੱਚੜਾਂ ਵਾਂਗ
ਟੁੱਕੜੇ ਟੁੱਕੜੇ ਕਰਕੇ, ਮਗਰਮੱਛਾਂ, ਮੱਛੀਆਂ, ਦਾ
ਭੋਜਨ ਬਨਣ ਲਈ, ਦਰਿਆ ਦੇ ਪਾਣੀ ਦੇ
ਹਵਾਲੇ ਕਰਦਿਆਂ

ਇਤਿਹਾਸ ਦੇ ਪੰਨਿਆਂ ਉੱਤੇ
ਉਨ੍ਹਾਂ, ਆਜ਼ਾਦੀ ਦੇ ਪ੍ਰਵਾਨਿਆਂ, ਦੇ ਨਾਮ
ਸੁਨਹਿਰੀ ਅੱਖਰਾਂ ਵਿਚ
ਲਿਖੇ ਜਾ ਚੁੱਕੇ ਹਨ

ਪਰ, ਮੌਕਾਪ੍ਰਸਤ, ਰਾਜਨੀਤੀਵਾਨ
ਧਰਮਾਂ ਦੇ, ਆਖੌਤੀ, ਘੜੰਮ ਚੌਧਰੀ
ਮੁਖੌਟਾਧਾਰੀ, ਸਮਾਜਿਕ ਆਗੂ
ਆਪਣੇ, ਨਿੱਜੀ, ਸਵਾਰਥਾਂ ਖਾਤਿਰ
ਆਪਣੇ, ਗਲਾਂ 'ਚ
ਲੰਬੀਆਂ, ਲੰਬੀਆਂ, ਤਲਵਾਰਾਂ ਲਟਕਾ ਕੇ
ਇਸ, ਦਰਿਆ ਦੇ ਪਾਣੀ ਵਿੱਚ
ਟੁੱਕੜੇ ਟੁੱਕੜੇ ਕਰਕੇ, ਵਹਾ ਦਿੱਤੀਆਂ ਗਈਆਂ
ਮਨੁੱਖੀ, ਲਾਵਾਰਸ ਲਾਸ਼ਾਂ ਦੀ
ਧਰਮੀ, ਮੁਕਤੀ ਲਈ

ਅਰਦਾਸਾਂ ਕਰਨ ਦਾ ਢੌਂਗ
ਰਚਾਉਣ ਖਾਤਿਰ
ਆ ਧਮਕਦੇ ਹਨ

ਫਿਰ, ਉਨ੍ਹਾਂ
ਆਖੌਤੀ, ਧਰਮੀ ਘੜੰਮ ਚੌਧਰੀਆਂ
ਮੌਕਾਪ੍ਰਸਤ, ਰਾਜਨੀਤੀਵਾਨਾਂ
ਮੁਖੌਟਾਧਾਰੀ, ਸਮਾਜਿਕ ਆਗੂਆਂ ਦੇ
ਝੋਲੀਚੁੱਕ ਰੇਡੀਓ/ਟੀਵੀ/ਇੰਟਰਨੈੱਟ/ਅਖਬਾਰਾਂ, ਦੇ ਪੱਤਰਕਾਰ
ਆਪਣੀਆਂ, ਸ਼ਾਮਾਂ ਰੰਗੀਨ ਕਰਨ ਲਈ
ਤੰਦੂਰੀ ਮੁਰਗਿਆਂ, ਵਿਸਕੀ ਦੀਆਂ ਬੋਤਲਾਂ
ਪ੍ਰਾਪਤ ਕਰਨ ਦੀ ਉਮੀਦ ਵਿੱਚ
ਮੌਸਮੀ, ਧਰਮੀ, ਰਾਜਨੀਤਿਕ, ਸਮਾਜਿਕ, ਗਿਰਗਟਾਂ ਦੀ ਤਾਰੀਫ ਵਿੱਚ
ਰੇਡੀਓ/ਟੀਵੀ/ਇੰਟਰਨੈੱਟ/ਅਖਬਾਰਾਂ, ਦੀਆਂ
ਸੁਰਖੀਆਂ ਬਣਾਉਂਦੇ ਹਨ

ਇਸ ਤਰ੍ਹਾਂ, ਉਹ
ਇਨ੍ਹਾਂ, ਆਖੌਤੀ, ਅਰਦਾਸਾਂ ਨੂੰ
ਮੁਕਤੀ ਦੇ, ਸੰਦੇਸ਼ ਬਣਾ ਬਣਾ
ਅੰਧਭਗਤ, ਜਨਤਾ ਨੂੰ
ਮੁੜ ਮੁੜ, ਸੁਣਾਂਦੇ ਹਨ

ਅੰਧਭਗਤ ਜਨਤਾ ਨੂੰ, ਇਸ ਤਰ੍ਹਾਂ
ਗੋਦੀ ਮੀਡੀਆ ਵਾਲੇ
ਧਰਮਾਂ ਦੇ ਨਾਮ ਉੱਤੇ
ਮੂਰਖ ਬਣਾਉਂਦੇ ਹਨ
■

(ਮਾਲਟਨ, ਜੁਲਾਈ 16, 2026)

ਨੈਤਿਕਤਾ

ਨੌਜੁਆਨ, ਗੁੱਸੇ ਨਾਲ ਭਰੇ
ਸੜਕਾਂ ਉੱਤੇ ਆ ਕੇ
ਹਕੂਮਤ ਦੇ ਵਹਿਸ਼ੀ ਅਹਿਲਕਾਰਾਂ ਨੂੰ
ਲੁੱਚੀਆਂ ਗਾਲ੍ਹਾਂ ਕੱਢਣ ਲੱਗੇ

ਨੌਜਵਾਨ, ਹੋਰ ਕਰ ਵੀ ਕੀ ਸਕਦੇ ਸਨ
ਉਹ, ਨਿਹੱਥੇ ਸਨ–
ਜਦੋਂ ਕਿ, ਉਨ੍ਹਾਂ ਦਾ ਸਾਹਮਣਾ ਕਰ ਰਹੀ
ਹਕੂਮਤ ਦੀ ਵਹਿਸ਼ੀ ਪੁਲਿਸ ਕੋਲ
–ਸੁੰਮਾਂ ਵਾਲੀਆਂ ਡਾਂਗਾਂ ਸਨ
–ਅੱਥਰੂ ਗੈਸ ਦੇ ਗੋਲੇ ਸਨ
–ਏਕੇ–47 ਮਸ਼ੀਨ ਗੰਨਾਂ ਸਨ

ਨੈਤਿਕਤਾ ਨਾਲ ਭਰੇ
ਹਕੂਮਤ ਦੇ ਹਤਿਆਰੇ ਪੁਲਿਸ ਵਾਲੇ
ਜਦੋਂ, ਨਿਹੱਥੇ, ਨੌਜੁਆਨਾਂ ਉੱਤੇ
–ਸੁੰਮਾਂ ਵਾਲੀਆਂ ਡਾਂਗਾਂ ਦਾ ਮੀਂਹ ਵਰਾਉਣ ਲੱਗੇ
–ਅੱਥਰੂ ਗੈਸ ਦੇ ਗੋਲੇ ਛੱਡ ਉਨ੍ਹਾਂ ਨੂੰ ਬੇਹੋਸ਼ ਕਰਨ ਲੱਗੇ
–ਏਕੇ–47 ਮਸ਼ੀਨ ਗੰਨਾਂ ਦੀਆਂ ਗੋਲੀਆਂ ਮਾਰ ਉਨ੍ਹਾਂ ਦੀਆਂ
ਲਾਸ਼ਾਂ ਦੇ ਢੇਰ ਲਗਾਉਣ ਲੱਗੇ

ਤਾਂ, ਨੌਜੁਆਨਾਂ ਨੇ ਨਾਅਰਾ ਬੁਲੰਦ ਕੀਤਾ :
'ਇਨਕਲਾਬ, ਜ਼ਿੰਦਾਬਾਦ'

ਨੌਜੁਆਨਾਂ ਨੇ, ਆਪਣੀਆਂ
ਮੰਗਾਂ ਦੁਹਰਾਈਆਂ :
–ਦੇਸ਼ ਦੀ ਗਰਕ ਚੁੱਕੀ ਵਿੱਦਿਅਕ ਪ੍ਰਣਾਲੀ ਨੂੰ
ਚੱਲਣ ਯੋਗ ਬਣਾਇਆ ਜਾਵੇ
–ਦੇਸ਼ ਦੇ ਗਲਸੜ ਚੁੱਕੇ ਲੋਕਤੰਤਰ ਨੂੰ ਲੋਕਾਂ ਦੇ ਰਹਿਣ
ਯੋਗ ਬਣਾਇਆ ਜਾਵੇ
–ਦੇਸ਼ ਦੀ ਪਾਰਲੀਮੈਂਟ, ਦੇਸ਼ ਦੀਆਂ ਵਿਧਾਨ ਸਭਾਵਾਂ, ਨੂੰ
ਕ੍ਰਿਮਿਨਲ ਲੋਕਾਂ ਤੋਂ ਮੁਕਤ ਕੀਤਾ ਜਾਵੇ
'ਇਨਕਲਾਬ, ਜ਼ਿੰਦਾਬਾਦ' ਦਾ
ਨਾਅਰਾ ਲਗਾਉਣ ਵਾਲਿਆਂ ਵਿੱਚ
ਹਿੰਦੂ, ਸਿੱਖ, ਮੁਸਲਮਾਨ, ਈਸਾਈ, ਜੈਨੀ, ਬੋਧੀ, ਦਲਿਤ, ਮੂਲਵਾਸੀ
ਸਭ, ਮਰਦ, ਔਰਤਾਂ, ਸ਼ਾਮਿਲ ਸਨ

ਨੌਜੁਆਨਾਂ ਦੀ ਇਸ ਏਕਤਾ ਨੇ
ਹਿੰਦੂਆਂ, ਸਿੱਖਾਂ, ਮੁਸਲਮਾਨਾਂ, ਈਸਾਈਆਂ, ਜੈਨੀਆਂ, ਬੋਧੀਆਂ, ਵਿੱਚ
ਦੁਫਾੜ ਪੈਦਾ ਕਰਨ ਵਾਲੀ
ਹਕੂਮਤੀ, ਨਫ਼ਰਤ ਭਰੀ ਸੋਚ ਨੂੰ
ਲਲਕਾਰਿਆ ਸੀ

ਹਕੂਮਤ ਦੀ ਨਫ਼ਰਤ ਭਰੀ ਸੋਚ ਦੇ
ਬੁਲਾਰੇ, ਕ੍ਰੋਧਿਤ ਹੋ
ਇੱਕ ਸੁਰ ਵਿੱਚ ਬੋਲ ਉੱਠੇ :
–ਇਨ੍ਹਾਂ ਨੌਜੁਆਨਾਂ ਨੂੰ ਗੋਲੀ ਮਾਰ ਦੇਣੀ ਚਾਹੀਦੀ ਹੈ
–ਇਹ ਨੌਜੁਆਨ ਗਟਰ ਦੀ ਪੈਦਾਵਾਰ ਹਨ
–ਇਹ ਨੌਜੁਆਨ ਦੇਸ਼ ਦੇ ਦੁਸ਼ਮਣ ਹਨ

ਦੇਸ਼ ਦੇ ਨੌਜੁਆਨਾਂ ਨੇ
ਦੇਸ਼ ਦੀ ਪਾਰਲੀਮੈਂਟ ਦੀਆਂ ਕੁਰਸੀਆਂ ਉੱਤੇ ਬੈਠੀ
ਭ੍ਰਿਸ਼ਟ, ਬੁੱਢੀ ਹੋ ਚੁੱਕੀ, ਨੈਤਿਕਤਾ ਨੂੰ ਲਲਕਾਰਿਆ ਸੀ

ਦੇਸ਼ ਦੇ ਨੌਜੁਆਨਾਂ ਨੇ
ਦੇਸ਼ ਦੀਆਂ ਵਿਧਾਨ ਸਭਾਵਾਂ ਦੀਆਂ ਕੁਰਸੀਆਂ ਉੱਤੇ ਸਸ਼ੋਭਿਤ
ਖੱਸੀ ਹੋ ਚੁੱਕੀ, ਨੈਤਿਕਤਾ ਦੇ ਪੈਰਾਂ ਹੇਠ ਅੱਗ ਬਾਲ ਦਿੱਤੀ ਸੀ

ਨਿਰਸੰਦੇਹ, ਦੇਸ਼ ਵਿੱਚ, ਕੁਝ
ਹਿਲਜੁਲ, ਤਾਂ, ਹੋਈ ਸੀ
■

(ਜੁਲਾਈ 29, 2026, ਮਾਲਟਨ)

ਕਵਿਤਾ ਬੋਲਦੀ ਹੈ

ਕਵਿਤਾ ਬੋਲਦੀ ਹੈ–
ਜਦੋਂ, ਬਾਬਾ ਨਾਨਕ ਆਖਦਾ ਹੈ :
ਰਾਜੇ ਸ਼ੀਂਹ, ਮੁਕੱਦਮ ਕੁੱਤੇ

ਕਵਿਤਾ ਬੋਲਦੀ ਹੈ–
ਜਦੋਂ, ਬਾਬਾ ਬੁੱਲੇਸ਼ਾਹ ਆਖਦਾ ਹੈ:
ਢਾਹ ਦੇ ਮੰਦਰ
ਢਾਹ ਦੇ ਮਸਜਿਦ
ਪਰ ਬੰਦੇ ਦਾ ਦਿਲ ਨ ਢਾਹਵੀਂ
ਰੱਬ ਦਿਲਾਂ ਵਿੱਚ ਰਹਿੰਦਾ

ਕਵਿਤਾ ਬੋਲਦੀ ਹੈ–
ਜਦੋਂ, ਪਾਸ਼ ਆਖਦਾ ਹੈ:
ਸ਼ਹਿਰਾਂ ਵਿੱਚ ਮੈਂ ਥਾਂ ਥਾਂ ਕੋਝ ਦੇਖਿਆ
ਪ੍ਰਕਾਸ਼ਨਾਂ ਵਿੱਚ, ਕੈਫਿਆਂ ਵਿੱਚ
ਦਫਤਰਾਂ ਤੇ ਥਾਣਿਆਂ ਵਿੱਚ
ਅਤੇ ਮੈਂ ਦੇਖਿਆ, ਇਹ ਕੋਝ ਦੀ ਨਦੀ
ਦਿੱਲੀ ਦੇ ਗੋਲ ਪਰਬਤ ਵਿੱਚੋਂ ਸਿੰਮਦੀ ਹੈ

ਕਵਿਤਾ ਬੋਲਦੀ ਹੈ–
ਜਦੋਂ, ਲਾਲ ਸਿੰਘ ਦਿਲ ਆਖਦਾ ਹੈ:
ਮੈਨੂੰ ਪਿਆਰ ਕਰਦੀਏ
ਪਰ–ਜਾਤ ਕੁੜੀਏ
ਸਾਡੇ ਸਕੇ

ਮੁਰਦੇ ਵੀ
ਇੱਕ ਥਾਂ ਨਹੀਂ ਜਲਾਉਂਦੇ

ਕਵਿਤਾ ਬੋਲਦੀ ਹੈ–
ਜਦੋਂ, ਜਗਤਾਰ ਆਖਦਾ ਹੈ–
ਕੁਰਸੀਆਂ ਨੂੰ ਲੋਕ ਅਜਕਲ੍ਹ ਪੂਜਦੇ 'ਜਗਤਾਰ' ਜੀ
ਕੌਣ ਸ਼ਾਇਰ ਨੂੰ ਤੇ ਕਿਹੜਾ ਸ਼ਿਅਰ ਨੂੰ ਹੈ ਪਰਖਦਾ

ਕਵਿਤਾ ਬੋਲਦੀ ਹੈ–
ਜਦੋਂ, ਬਾਬਾ ਨਜਮੀ ਆਖਦਾ ਹੈ:
ਜਿਸ ਧਰਤੀ 'ਤੇ ਰੱਜਵਾਂ ਟੁੱਕਰ ਖਾਂਦੇ ਨਹੀਂ ਮਜ਼ਦੂਰ
ਉਸ ਧਰਤੀ ਦੇ ਹਾਕਮ ਕੁੱਤੇ ਉਸ ਦੇ ਹਾਕਮ ਸੂਰ

ਕਵਿਤਾ ਬੋਲਦੀ ਹੈ–
ਜਦੋਂ, ਸੁਰਜੀਤ ਪਾਤਰ ਆਖਦਾ ਹੈ:
ਤੁਸੀਂ ਤਾਂ ਕਹਿੰਦੇ ਹੋ ਰਹਿੰਦੇ ਸਾਂ ਆਪਾਂ ਵਾਂਗ ਭਰਾਵਾਂ
ਕੌਣ ਸੀ ਫਿਰ ਉਹ ਜਿਸ ਨੇ ਲਈਆਂ ਧੀਆਂ ਦੇ ਸੰਗ ਲਾਵਾਂ
ਕੌਣ ਸੀ ਉਹ ਜਿਸ ਅੱਗ ਵਿੱਚ ਸੁੱਟੀਆਂ ਕੇਸੋਂ ਫੜ ਫੜ ਮਾਵਾਂ
ਕੌਣ ਸੀ ਉਹ ਜੋ ਮਿੱਧ ਕੇ ਲੰਘਿਆ ਕੱਚ ਕੁਆਰੀਆਂ ਥਾਂਵਾਂ
ਕੌਣ ਸੀ ਉਹ ਜੋ ਅਜੇ ਕਿਤੇ ਹੈ ਅੰਦਰੀਂ ਛੁਪਿਆ ਹੋਇਆ
ਕੌਣ ਸੀ ਉਹ ਜਿਸ ਲੱਖਾਂ ਕੋਹੇ, ਉਹ ਸਾਥੋਂ ਨ ਮੋਇਆ
ਮਾਂਵਾਂ ਭੈਣਾਂ ਧੀਆਂ ਨਾਰਾਂ ਬਾਜ਼ਾਰਾਂ 'ਚੋਂ ਲੰਘੀਆਂ
ਉਹ ਤਾਂ ਦਰਦ ਹਯਾ ਵਿੱਚ ਕੱਜੀਆਂ ਉਹ ਤਾਂ ਕਦ ਸਨ ਨੰਗੀਆਂ
ਨੰਗੀ ਸੀ ਮਰਦਾਂ ਦੀ ਵਹਿਸ਼ਤ, ਮਜ਼ਹਬ ਉਨ੍ਹਾਂ ਦੇ ਨੰਗੇ
ਕੌਣ ਢਕੇ ਨੰਗੇਜ ਕਿ ਜਦ ਖ਼ੁਦ ਕੱਜਣ ਹੋ ਗਏ ਨੰਗੇ

ਕਵਿਤਾ ਨੂੰ
ਬੋਲਣ ਦਿਓ–

ਕਵਿਤਾ ਨੂੰ, ਟੀਨ ਕਨੱਸਤਰਾਂ ਦੇ
ਸ਼ੋਰ ਵਿੱਚ ਨ ਡੁੱਬਣ ਦਿਓ

ਕਵਿਤਾ ਬੋਲੇਗੀ, ਤਾਂ
ਉਹ, ਬਰਫ਼ ਦੀ ਸਿੱਲ ਵਾਂਗ ਜੰਮ ਚੁੱਕੇ
ਦਿਮਾਗ਼ਾਂ ਵਿੱਚ ਵੀ ਹਿਲਜੁਲ ਪੈਦਾ ਕਰੇਗੀ

ਕਵਿਤਾ ਬੋਲੇਗੀ, ਤਾਂ
ਉਹ, ਸੁੰਨ-ਵੱਟਾ ਹੋ ਤੁਰੀਆਂ ਫਿਰਦੀਆਂ ਮਨੁੱਖੀ ਲਾਸ਼ਾਂ ਦੀਆਂ
ਰੀੜ੍ਹ ਦੀਆਂ ਹੱਡੀਆਂ ਵਿੱਚ ਵੀ
ਝੁਨਝੁਨੀ ਛੇੜੇਗੀ

ਕਵਿਤਾ ਬੋਲੇਗੀ–
ਜਦੋਂ, ਕਵਿਤਾ ਵਿੱਚ
ਚੇਤਨਾ ਦਾ ਵਾਸਾ ਹੋਵੇਗਾ

ਕਵਿਤਾ ਬੋਲੇਗੀ–
ਜਦੋਂ, ਕਵਿਤਾ ਵਿੱਚ
ਮਨੁੱਖੀ ਭਾਵਨਾਵਾਂ ਦਾ
ਹੜ੍ਹ ਆਏਗਾ

ਕਵਿਤਾ ਬੋਲੇਗੀ–
ਜਦੋਂ, ਕਵਿਤਾ ਵਿੱਚ
ਮਨੁੱਖੀ ਸੰਵੇਦਨਾਵਾਂ ਦੀ ਲੋਅ
ਜਗਮਗਾਏਗੀ

ਕਵਿਤਾ ਬੋਲੇਗੀ-
ਜਦੋਂ, ਮਨੁੱਖ ਨੂੰ
ਸਹੀ ਅਰਥਾਂ ਵਿੱਚ
ਆਪਣੀ, ਹੋਂਦ ਦਾ ਅਹਿਸਾਸ ਹੋਵੇਗਾ
ਜਦੋਂ, ਉਸ ਨੂੰ
ਆਪਣੇ, ਜਿਉਣ ਦੇ ਮਕਸਦ ਦੀ
ਸਮਝ ਆਏਗੀ
■

(ਮਾਲਟਨ, ਅਗਸਤ 26, 2026)

ਇਹ ਸਭ ਆਪਣੇ ਹੀ ਬੰਦੇ ਨੇ

ਇਹ ਸਭ, ਜੋ
ਘਰਾਂ, ਦੁਕਾਨਾਂ, ਸ਼ਾਪਿੰਗ ਪਲਾਜ਼ਿਆਂ, 'ਚ
ਲੁੱਟਾਂ-ਖੋਹਾਂ ਕਰ ਰਹੇ, ਫਿਰੌਤੀਆਂ ਮੰਗ ਰਹੇ
ਆਪਣੇ ਹੀ ਬੰਦੇ ਨੇ

ਇਹ ਸਭ, ਜੋ
ਬਰੈਂਪਟਨ, ਐਡਮਿੰਟਨ, ਸਰੀ, ਵਿੰਨੀਪੈੱਗ, 'ਚ
ਪਿਸਤੌਲਾਂ, ਬੰਦੂਕਾਂ, ਮਸ਼ੀਨ ਗੰਨਾਂ, ਨਾਲ ਨਿੱਤ
ਠੂਹ ਠਾਹ ਕਰ, ਦਹਿਸ਼ਤ ਫੈਲਾ ਰਹੇ
ਆਪਣੇ ਹੀ ਬੰਦੇ ਨੇ

ਇਹ ਸਭ, ਜੋ
ਇੰਡੀਆ ਦੇ ਨਾਮੀ ਗੈਂਗਸਟਰ ਗ੍ਰੋਹਾਂ ਦੇ ਨਾਮ ਉੱਤੇ
ਓਨਟਾਰੀਓ, ਬੀਸੀ, ਅਲਬਰਟਾ, ਕੈਲੇਫੋਰਨੀਆ, 'ਚ
ਮਹਿਜ਼, ਚੰਦ ਕੁ ਹਜ਼ਾਰ ਡਾਲਰਾਂ ਖਾਤਿਰ
ਕਤਲੋਗਾਰਤ ਕਰ ਰਹੇ
ਆਪਣੇ ਹੀ ਬੰਦੇ ਨੇ

ਇਹ ਸਭ, ਜੋ
ਕੈਨੇਡਾ, ਅਮਰੀਕਾ, ਇੰਗਲੈਂਡ, ਅਸਟ੍ਰੇਲੀਆ, ਦੀ ਪੁਲਿਸ ਦੇ
ਇਸ਼ਤਿਹਾਰੀ ਮੁਜਰਮ ਬਣ ਰਹੇ
ਆਪਣੇ ਹੀ ਬੰਦੇ ਨੇ

ਇਹ ਸਭ, ਜੋ
ਟੋਰਾਂਟੋ, ਵਿੰਡਸਰ, ਸਰੀ, ਐਬਟਸਫੋਰਡ, ਕੈਲਗਰੀ, ਦੀਆਂ
ਸੜਕਾਂ ਉੱਤੇ, ਆਪਣੇ, ਟਰੱਕਾਂ 'ਚ ਨਸ਼ੇ ਭਰ ਕੇ
ਸਮਗਲਿੰਗ ਕਰਦੇ ਫੜੇ ਜਾ ਰਹੇ
ਆਪਣੇ ਹੀ ਬੰਦੇ ਨੇ

ਇਹ ਸਭ, ਜੋ
ਆਪਣੀਆਂ, ਮਾੜੀਆਂ ਕਰਤੂਤਾਂ ਸਦਕਾ
ਹੁਣ, ਹਰ ਦੇਸ਼ ਵਿੱਚ ਹੀ
ਨਫਰਤ ਦਾ ਨਿਸ਼ਾਨਾ ਬਣ ਰਹੇ
ਆਪਣੇ ਹੀ ਬੰਦੇ ਨੇ

ਇਹ ਸਭ, ਜੋ
ਹਰ ਦੇਸ਼ ਵਿੱਚ ਆ ਕੇ ਹੀ
ਕਲਚਰ ਨੂੰ ਐਗਰੀਕਲਚਰ ਬਨਾਉਣ ਦੀ
ਜ਼ਿਦ ਕਰਦੇ ਵੇਖੇ ਗਏ
ਆਪਣੇ ਹੀ ਬੰਦੇ ਨੇ

ਮਹਾਂ-ਪੁਰਖਾਂ ਨੇ ਤਾਂ, ਸਭ ਨੂੰ
ਸਾਂਝੀਵਾਲਤਾ ਦਾ ਪੈਗ਼ਾਮ ਦਿੱਤਾ ਸੀ-
ਪਰ, ਇਹ ਜੋ, ਸਭ
ਆਪਣੀ, ਸੀਮਤ ਬੁੱਧੀ ਹੋਣ ਕਰਕੇ
ਕੈਨੇਡਾ, ਅਮਰੀਕਾ, ਯੂ.ਕੇ., ਅਸਟ੍ਰੇਲੀਆ, ਵਿੱਚ ਆ ਕੇ ਵੀ
ਮੰਨੂਵਾਦੀ, ਜ਼ਾਤ-ਪਾਤ ਦੇ, ਕੋਹੜ ਵਿੱਚ ਫਸੇ ਹੋਏ
ਆਪਣੇ ਹੀ ਬੰਦੇ ਨੇ
■

(ਮਾਲਟਨ, ਸਤੰਬਰ 2, 2026)

ਸਾਹਿਤ ਸਭਾ ਦਾ ਐਲਾਨਨਾਮਾ

ਸ਼ਹਿਰ ਦੀ ਸਾਹਿਤ ਸਭਾ ਨੇ
ਇੱਕ, ਕਵੀ ਨੂੰ
ਐਲਾਨਨਾਮਾ ਭੇਜਿਆ ਸੀ–

ਐਲਾਨਨਾਮੇ ਵਿੱਚ, ਉਨ੍ਹਾਂ ਨੇ
ਕੁਝ ਗੱਲਾਂ, ਬੜੇ ਹੀ
ਸਪੱਸ਼ਟ ਸ਼ਬਦਾਂ ਵਿੱਚ ਲਿਖੀਆਂ ਸਨ :

ਤੁਸੀਂ, ਆਪਣੀ ਕਿਤਾਬ ਦਾ ਨਾਮ ਰੱਖਿਆ ਹੈ
'ਬਾਂਦਰ ਨਾਲ ਬਹਿਸ ਕੌਣ ਕਰੇ'

ਤੁਸੀਂ, ਕਿਤਾਬ ਦੇ ਮੁੱਖ ਕਵਰ ਉੱਤੇ
ਮੋਟੇ-ਤਾਜ਼ੇ, ਬਾਂਦਰ ਦੀ ਤਸਵੀਰ ਛਾਪੀ ਹੈ

ਤੁਸੀਂ, ਸਾਡੀ, ਸਾਹਿਤ ਸਭਾ ਦੇ ਸਾਹਿਤਕਾਰਾਂ ਨੂੰ ਹੀ
ਬਾਂਦਰ ਆਖ ਕੇ ਵਿਅੰਗ ਕਰ ਰਹੇ ਹੋ
ਸਾਡੀ, ਸਾਹਿਤ ਸਭਾ ਦਾ
ਹਰ ਸਾਹਿਤਕਾਰ, ਮਹਿਸੂਸ ਕਰ ਰਿਹਾ ਹੈ

ਤੁਸੀਂ, ਜ਼ਰੂਰ ਹੀ, ਸਾਡੀ
ਸਾਹਿਤ ਸਭਾ ਦੇ ਸਾਹਿਤਕਾਰਾਂ ਨੂੰ
ਬਾਂਦਰਾਂ ਵਾਂਗ ਵਰਤਾਓ
ਕਰਦੇ ਦੇਖਿਆ ਹੋਵੇਗਾ

ਇਸ ਘਟਨਾ ਨੇ, ਸਾਡੀ
ਸਾਹਿਤ ਸਭਾ ਦੇ, ਸਾਹਿਤਕਾਰਾਂ ਦਾ
ਦਿਲ ਤੋੜ ਦਿੱਤਾ ਹੈ

ਅਸੀਂ, ਐਲਾਨ ਕਰਦੇ ਹਾਂ
ਅੱਜ ਤੋਂ ਬਾਅਦ, ਤੁਸੀਂ
ਸਾਡੀ ਸਾਹਿਤ ਸਭਾ ਵਿੱਚ, ਕਦੀ ਵੀ
ਕਦਮ ਨਹੀਂ ਰੱਖ ਸਕੋਗੇ

ਕਵੀ ਨੇ, ਸਾਹਿਤ ਸਭਾ ਦਾ
ਐਲਾਨਨਾਮਾ ਪੜ੍ਹਨ ਤੋਂ ਬਾਅਦ
ਆਪਣੇ, ਮੱਥੇ ਉੱਤੇ ਹੱਥ ਮਾਰਿਆ

ਉਹ ਸੋਚਣ ਲੱਗਾ
ਮੇਰੀ ਕਿਤਾਬ ਦੇ ਮੁੱਖ ਕਵਰ ਦਾ, ਤਾਂ
ਇਸ, ਸਾਹਿਤ ਸਭਾ ਨਾਲ
ਕੋਈ ਸਬੰਧ ਹੀ ਨਹੀਂ ਸੀ–
ਫਿਰ, ਮੇਰੀ ਕਿਤਾਬ ਦਾ ਕਵਰ
ਇਸ, ਸਾਹਿਤ ਸਭਾ ਦੇ ਮੈਂਬਰਾਂ ਲਈ
ਇੱਕ, ਦਰਪਣ ਕਿਵੇਂ ਬਣ ਗਿਆ

ਮੁੱਖ ਕਵਰ ਉੱਤੇ ਛਪੀ
ਬਾਂਦਰ ਦੀ ਤਸਵੀਰ ਵਿੱਚੋਂ, ਆਖਿਰ
ਇਹ, ਸਭ, ਸਾਹਿਤਕਾਰ, ਆਪਣੇ, ਚਿਹਰੇ
ਕਿਉਂ ਤਲਾਸ਼ ਰਹੇ ਸਨ–

ਇਹ ਗੱਲ, ਕਵੀ ਲਈ
ਹੋਰ ਵੀ, ਦਿਲਚਸਪ ਬਣ ਗਈ ਸੀ
■

(ਸਤੰਬਰ 4, 2026, ਮਾਲਟਨ)

ਬੌਣੇ ਲੋਕਾਂ ਦੀ ਸਭਾ

ਬੌਣੇ ਲੋਕ, ਸਜਾ ਕੇ
ਬਹਿ ਜਾਂਦੇ ਨੇ ਸਾਹਿਤ ਸਭਾ–

ਸਭ ਤੋਂ ਪਹਿਲਾਂ, ਉਹ
ਦਾਅਵਤ ਦਿੰਦੇ ਹਨ
ਸਭਾਪਤੀ ਬਨਣ ਲਈ
ਬਾਪੂ ਗਾਂਧੀ ਦੇ
ਤਿੰਨ ਬਾਂਦਰਾਂ ਨੂੰ
ਜੋ–
–ਅੱਖਾਂ ਤੋਂ, ਨ ਦੇਖ ਸਕਣ
–ਮੂੰਹਾਂ ਤੋਂ, ਨ ਬੋਲ ਸਕਣ
–ਕੰਨਾਂ ਤੋਂ, ਨ ਸੁਣ ਸਕਣ

ਫਿਰ, ਮੰਚ ਤੋਂ
ਦਾਅਵਤ ਸੁਣ ਕੇ
ਆਉਂਦਾ ਹੈ–
ਇੱਕ ਮਦਾਰੀ, ਵਾਜਾ ਲੈ ਕੇ
ਕਿਸੀ, ਫਿਲਮੀ ਗੀਤ ਦੀ
ਟੂੰ ਟੂੰ ਕਰਕੇ, ਉਹ
ਆਪਣਾ, ਪੂਰਾ, ਸੰਘ ਪਾੜ ਕੇ
ਗਾਂਦਾ ਹੈ:
ਲਾਲਾ ਜੀ, ਤੁਸੀਂ, ਕੀ ਕੀ ਖਰੀਦੋਗੇ

ਅੰਮਾ ਜੀ, ਤੁਸੀਂ, ਕੀ ਕੀ ਖਰੀਦੋਗੇ
ਮੀਆਂ ਜੀ, ਤੁਸੀਂ, ਕੀ ਕੀ ਖਰੀਦੋਗੇ
ਖਾਲਸਾ ਜੀ, ਤੁਸੀਂ, ਕੀ ਕੀ ਖਰੀਦੋਗੇ
ਇੱਥੇ, ਤਾਂ, ਹਰ ਚੀਜ਼ ਵਿਕਦੀ ਹੈ
ਇੱਥੇ, ਤਾਂ, ਸਾਡੀ ਜ਼ਮੀਰ ਵਿਕਦੀ ਹੈ
ਇੱਥੇ, ਤਾਂ, ਸਾਡੀਆਂ ਪੂਛਾਂ ਦੀ ਸਲਾਮੀ ਵਿਕਦੀ ਹੈ

ਫਿਰ, ਮੰਚ ਤੋਂ
ਦਾਅਵਤ ਸੁਣ ਕੇ
ਆਉਂਦੀ ਹੈ–
ਇੱਕ, ਫੱਫੇਕੁੱਟਨੀ
ਹੱਥ ਵਿੱਚ ਫੜ੍ਹੀ
ਇੱਕ, ਰੰਗਦਾਰ ਲੀਰ ਲੈ ਕੇ
ਮੰਚ 'ਤੇ ਬੈਠੇ, ਇੱਕ
ਬਾਂਦਰ ਦੇ ਗਲ ਵਿੱਚ
ਲੀਰ ਪਾਉਂਦਿਆਂ ਹੀ
ਉਹ, ਗਿੱਧਾ ਪਾਉਣ ਲੱਗਦੀ ਹੈ
ਇੱਕ, ਬੋਲੀ ਬੋਲਦੀ ਹੈ:
ਅੰਨ੍ਹਿਆਂ, ਬੋਲਿਆਂ, ਗੂੰਗਿਆਂ, ਬਾਂਦਰਾਂ ਦੇ
ਗਲਿਆਂ ਵਿੱਚ, ਅਸੀਂ, ਲੀਰਾਂ ਰੂਪੀ ਸਿਰੋਪਾਓ ਪਾਵਾਂਗੇ
ਅਸੀਂ, ਸਾਹਿਤਕ ਸਭਿਆਚਾਰ ਦੀਆਂ ਜੜ੍ਹਾਂ 'ਚ ਕਾਲਾ ਨਾਗ ਬਿਠਾਵਾਂਗੇ
ਅਸੀਂ, ਮੁਖੌਟਾਧਾਰੀ, ਬੌਣੇ ਲੋਕ
ਸਾਹਿਤ ਸਭਾਵਾਂ ਵਿੱਚ ਖੇਹ ਉਡਾਵਾਂਗੇ

ਬੌਣੇ ਲੋਕਾਂ ਦੀ ਸਭਾ 'ਚ
ਇਕੱਠੇ ਹੋਏ ਸਭ ਲੋਕ
ਇਸ ਬੋਲੀ ਨਾਲ ਸਹਿਮਤੀ ਪ੍ਰਗਟਾਉਂਦਿਆਂ

ਕੁਰਸੀਆਂ ਤੋਂ ਉੱਠ, ਖੜ੍ਹੇ ਹੋ
ਆਪਣੀਆਂ, ਪੂਛਾਂ ਹਿਲਾਂਦੇ ਹਨ

ਤਾੜੀਆਂ ਦੀ ਗੜਗੜਾਹਟ ਵਿੱਚ
ਸਭਾ ਦੀ ਸਮਾਪਤੀ ਹੁੰਦੀ ਹੈ–

ਮੰਚ ਸਕੱਤਰ, ਮੰਚ ਤੋਂ
ਐਲਾਨ ਕਰਦਾ ਹੈ :
ਅੱਜ ਦੀ ਸਭਾ
ਇਤਿਹਾਸਕ ਪੈੜਾਂ ਛੱਡ ਗਈ ਹੈ

ਕੈਮਰਾਮੈਨ, ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ
ਆਪਣੇ, ਕੈਮਰੇ ਦੀ ਕਈ ਵਾਰ
ਕਲਿੱਕ ਕਰਦਾ ਹੈ–

ਦੂਸਰੇ ਦਿਨ ਦੇ ਅਖਬਾਰ ਦੀਆਂ
ਸੁਰਖੀਆਂ ਲਈ, ਬੌਣੇ ਲੋਕਾਂ ਦੀਆਂ
ਪੂਛਾਂ ਦੀਆਂ ਤਸਵੀਰਾਂ, ਕੈਮਰਾਮੈਨ
ਆਪਣੇ, ਕੈਮਰੇ ਵਿੱਚ
ਸਾਂਭ ਲੈਂਦਾ ਹੈ
■

(ਮਾਲਟਨ, ਸਤੰਬਰ 6, 2026)

ਬਰੈਂਪਟਨ ਨੂੰ ਮੋਗਾ ਹੀ ਸਮਝਦੇ ਹਾਂ

ਬੰਤਾ ਸਿੰਘ ਨੇ
ਲਲਕਾਰਾ ਮਾਰਦਿਆਂ ਕਿਹਾ :
ਅਸੀਂ, ਤਾਂ, ਬਰੈਂਪਟਨ ਨੂੰ ਵੀ
ਮੋਗਾ ਹੀ ਸਮਝਦੇ ਹਾਂ–

ਕਿਹੜਾ ਰੋਕ ਲਊਗਾ, ਸਾਨੂੰ
ਪੰਜਾਬੀ ਗਾਇਕਾਂ ਦੇ ਅਖਾੜਿਆਂ ਵਿੱਚ, ਦਾਰੂ ਪੀ ਕੇ
ਖਰੂਦ ਪਾਉਣ, ਕੁਰਸੀਆਂ, ਮੇਜਾਂ, ਬੂਹੇ, ਬਾਰੀਆਂ, ਦੀ
ਭੰਨ ਤੋੜ ਕਰਨ ਤੋਂ

ਕਿਹੜਾ ਰੋਕ ਲਊਗਾ, ਸਾਨੂੰ
ਵਿਆਹਾਂ ਦੀ ਜਾਗੋ ਕੱਢ ਕੇ
ਬਰੈਂਪਟਨ ਦੀਆਂ ਸੜਕਾਂ ਉੱਤੇ
ਭੀੜ–ਭੜੱਕਾ ਕਰਨ
ਟ੍ਰੈਫਿਕ ਜਾਮ ਕਰਨ ਤੋਂ

ਕਿਹੜਾ ਰੋਕ ਲਊਗਾ, ਸਾਨੂੰ
ਗੁਰਪੁਰਬਾਂ ਦੇ ਨਾਮ ਉੱਤੇ
ਹਰ ਐਤਵਾਰ ਨੂੰ
ਸ਼ਹਿਰ ਦੀਆਂ ਸੜਕਾਂ ਉੱਤੇ
ਨਗਰ ਕੀਰਤਨ ਕੱਢ
ਸ਼ੋਰ–ਸ਼ਰਾਬਾ ਕਰਨ
ਧਾਰਮਿਕ ਕੱਟੜਵਾਦ ਫੈਲਾਉਣ ਤੋਂ

ਕਿਹੜਾ ਰੋਕ ਲਊਗਾ, ਸਾਨੂੰ
ਕਬੱਡੀ ਟੂਰਨਾਮੈਂਟਾਂ ਵਿੱਚ
ਖਾਹਮਖਾਹ, ਆਪਣਾ
ਗੁੰਡਾਪਣ, ਰੌਂਗਸਟਰਪੁਣਾ, ਦਿਖਾ
ਪਿਸਤੌਲਾਂ, ਬੰਦੂਕਾਂ, ਨਾਲ ਠੂਹ-ਠਾਹ ਕਰ
ਲਾਸ਼ਾਂ ਦੇ ਅੰਬਾਰ ਲਗਾਉਣ ਤੋਂ

ਕਿਹੜਾ ਰੋਕ ਲਊਗਾ, ਸਾਨੂੰ
ਮਾਂਟ੍ਰਿਆਲ, ਕੈਲਗਰੀ, ਵਿੰਨੀਪੈੱਗ, ਐਡਮਿੰਟਨ, ਦੇ
ਗੁਰੂ ਘਰਾਂ ਵਿੱਚ, ਪ੍ਰਧਾਨਗੀਆਂ ਖਾਤਿਰ, ਨਿੱਤ
ਛਿੱਤਰੋ-ਛਿੱਤਰੀ ਹੋਣ ਤੋਂ

ਇਕੱਲਾ ਬਰੈਂਪਟਨ ਹੀ ਕਿਉਂ
ਅਸੀਂ, ਤਾਂ, ਕੈਨੇਡਾ ਦੇ, ਹਰ ਸ਼ਹਿਰ ਵਿੱਚ ਹੀ
ਧਰਮ/ਸਭਿਆਚਾਰ ਦੇ ਨਾਮ ਉੱਤੇ
ਖੇਹ ਉਡਾਉਂਦੇ ਹਾਂ

ਕੋਈ ਦਿਨ ਹੀ ਐਸਾ ਹੁੰਦਾ ਹੈ
ਆਪਣੀਆਂ, ਅਜਿਹੀਆਂ, ਕਰਤੂਤਾਂ ਸਦਕਾ
ਜਦੋਂ, ਕੈਨੇਡਾ ਦੇ, ਹੋਰਨਾਂ ਭਾਈਚਾਰਿਆਂ ਤੋਂ
ਅਸੀਂ, ਨਫ਼ਰਤ ਭਰੇ ਬੋਲ ਨ ਸੁਣੀਏ

ਕੋਈ ਦਿਨ ਹੀ ਖਾਲੀ ਜਾਂਦਾ ਹੈ
ਜਦੋਂ, ਅਸੀਂ, ਆਪਣੇ, ਕਲਚਰ ਨੂੰ
ਐਗਰੀਕਲਚਰ ਬਣਾ ਕੇ
ਹਰ ਪਾਸਿਓਂ ਹੀ
ਥੂਹ ਥੂਹ ਨ ਕਰਵਾਈ ਹੋਵੇ

ਪਰ, ਅਸੀਂ, ਤਾਂ
ਆਪਣਾ, ਉਜੱਡਪੁਣਾ
ਆਪਣੇ, ਦੇਸ਼ ਵਿੱਚ ਨਿੱਤ ਦਿਖਾਂਦੇ ਸੀ
ਉਸਦਾ ਦਿਖਾਵਾ, ਬਦੇਸ ਵਿੱਚ ਵੀ
ਦਿਖਾਉਣ ਦੀ ਜ਼ਿਦ, ਅਸੀਂ, ਤਾਂ
ਕਰਨੀ ਹੀ ਹੁੰਦੀ ਹੈ

ਪਰ, ਅਸੀਂ, ਤਾਂ
ਪੰਜਾਬੀ ਭਾਈਚਾਰੇ ਦੀ, ਦਹਾਕਿਆਂ ਦੀ
ਮਿਹਨਤ ਨਾਲ, ਬਣਾਈ ਇਜ਼ਤ
ਆਪਣੀ, ਜਹਾਲਤ ਸਦਕਾ
ਮਿੱਟੀ 'ਚ ਰੋਲਣੀ ਹੀ ਹੁੰਦੀ ਹੈ
■

(ਮਾਲਟਨ, ਸਤੰਬਰ 7, 2026)

ਗਿਰਝਾਂ ਦਾ ਮੌਸਮ

ਕਿਸੇ ਵੀ ਸ਼ਹਿਰ, ਪ੍ਰਾਂਤ, ਦੇਸ਼, ਵਿੱਚ
ਚੋਣਾਂ ਦੇ ਦਿਨ ਨਜ਼ਦੀਕ ਆਉਂਦਿਆ ਹੀ
ਗਿਰਝਾਂ ਦਾ ਮੌਸਮ
ਸ਼ੁਰੂ ਹੋ ਜਾਂਦਾ ਹੈ–

ਰਾਜਨੀਤਿਕ ਪਾਰਟੀਆਂ ਦੀਆਂ ਗਿਰਝਾਂ
ਗਲੀਆਂ, ਬਾਜ਼ਾਰਾਂ, ਮੁਹੱਲਿਆਂ, ਬਸਤੀਆਂ, ਸ਼ਮਸ਼ਾਨਘਾਟਾਂ, ਉਪਰ
ਮੰਡਰਾਉਣ ਲੱਗਦੀਆਂ ਹਨ

ਉਨ੍ਹਾਂ ਦੀਆਂ ਨਜ਼ਰਾਂ, ਬੜੀ ਬੇਤਾਬੀ ਨਾਲ
ਢੂੰਡਦੀਆਂ ਹਨ, ਉਨ੍ਹਾਂ ਘਰਾਂ ਦੇ ਨਿਸ਼ਾਨ
ਜਿੱਥੇ, ਕੋਈ ਬੰਦਾ
ਉਨ੍ਹਾਂ ਦਿਨਾਂ ਵਿੱਚ, ਮਰਿਆ ਹੋਵੇ
ਜਿਸ ਬੰਦੇ ਦੀ ਮੌਤ ਨਾਲ, ਹਕੂਮਤ ਦੇ
ਕਿਸੀ, ਅਹਿਲਕਾਰ ਦਾ ਨਾਮ
ਕਿਸੀ–ਨ–ਕਿਸੀ ਤਰ੍ਹਾਂ, ਜੋੜੇ ਜਾਣ ਦੀਆਂ
ਸੰਭਾਵਨਾਵਾਂ ਬਣ ਸਕਦੀਆਂ ਹੋਣ

ਬਸ, ਫਿਰ, ਤਾਂ
ਰਾਜਨੀਤਿਕ ਗਿਰਝਾਂ ਦੀਆਂ ਜੀਭਾਂ ਤੋਂ
ਰਾਲ ਡਿੱਗਣ ਲੱਗਦੀ ਹੈ

ਬਸ, ਫਿਰ, ਤਾਂ
ਗਿਰਝਾਂ, ਆਪਣੇ, ਮੂੰਹਾਂ ਤੋਂ
ਤਰ੍ਹਾਂ ਤਰ੍ਹਾਂ ਦੇ, ਰਾਜਨੀਤੀ ਭਰੇ
ਨਾਅਰੇ ਬੋਲਣ ਲੱਗਦੀਆਂ ਹਨ

ਬਸ, ਫਿਰ, ਤਾਂ
ਗਿਰਝਾਂ, ਮਰੇ ਹੋਏ ਬੰਦੇ ਦੇ
ਪਰਿਵਾਰ ਸਾਹਮਣੇ, ਤਰ੍ਹਾਂ ਤਰ੍ਹਾਂ ਦੇ
ਹਮਦਰਦੀ ਭਰੇ, ਰਾਗ
ਅਲਾਪਣ ਲੱਗ ਜਾਂਦੀਆਂ ਹਨ

ਜਦੋਂ ਕਿ, ਆਮ ਬੰਦੇ ਨੂੰ
ਉਨ੍ਹਾਂ ਦੀਆਂ, ਨਕਲੀ ਮੁਸਕਰਾਹਟਾਂ, ਮਗਰਮੱਛੀ ਹੰਝੂ, ਦੇਖ
ਭਲੀ-ਭਾਂਤ, ਇਸ ਗੱਲ ਦੀ
ਜਾਣਕਾਰੀ ਹੋ ਜਾਂਦੀ ਹੈ
ਇਹ, ਗਿਰਝਾਂ, ਤਾਂ
ਮਰੇ ਹੋਏ ਬੰਦੇ ਬਾਰੇ, ਜੋ
ਆਪਣੇ, ਮੂੰਹਾਂ 'ਚੋਂ
ਹਮਦਰਦੀ ਭਰੇ, ਮਸਾਲੇ ਲਗਾ ਲਗਾ
ਰਸ ਭਿੰਨੇ, ਰਾਗ ਅਲਾਪ ਰਹੀਆਂ ਹਨ
ਇਹ ਸਭ, ਇਨ੍ਹਾਂ ਮਸਖਰਿਆਂ ਦੇ ਚਿਹਰਿਆਂ ਉੱਤੇ ਚੜ੍ਹੇ
ਰਾਜਨੀਤਿਕ ਮੁਖੌਟਿਆਂ ਦੀਆਂ ਹੀ ਅਦਾਵਾਂ ਹਨ-

ਹਕੀਕਤ ਵਿੱਚ, ਇਹ, ਗਿਰਝਾਂ, ਤਾਂ
ਮਰ ਗਏ ਬੰਦੇ ਦੇ ਮਾਸ ਦੀ ਖੁਸ਼ਬੂ ਕਾਰਨ ਹੀ
ਅਸਮਾਨ ਵਿੱਚ ਮੰਡਰਾਅ ਰਹੀਆਂ ਹਨ

ਇਨ੍ਹਾਂ ਰਾਜਨੀਤਿਕ ਗਿਰਝਾਂ ਦਾ
ਮਰੇ ਹੋਏ ਬੰਦੇ, ਜਾਂ
ਉਸਦੇ ਪਰਿਵਾਰ ਦੇ ਭਲੇ ਨਾਲ
ਕੋਈ, ਦੂਰ ਦਾ ਵੀ
ਵਾਸਤਾ ਨਹੀਂ ਹੁੰਦਾ

ਇਨ੍ਹਾਂ, ਰਾਜਨੀਤਿਕ ਗਿਰਝਾਂ ਦਾ ਉਦੇਸ਼
ਤਾਂ, ਮਰੇ ਹੋਏ ਬੰਦੇ ਦੇ ਨਾਮ ਉੱਤੇ
ਜਨਤਾ ਵਿੱਚ, ਭੜਕਾਹਟ ਪੈਦਾ ਕਰਕੇ
ਆਪਣੇ ਹੱਕ ਵਿੱਚ, ਰਾਜਨੀਤਿਕ ਮਾਹੌਲ
ਤਿਆਰ ਕਰਨਾ ਹੁੰਦਾ ਹੈ
■

(ਮਾਲਟਨ, ਸਤੰਬਰ 12, 2026)

ਗਿਰਝਾਂ ਦਾ ਮੇਲਾ

ਇੱਕ, ਨਸ਼ਾ ਤਸਕਰ ਨੇ
ਇੱਕ, ਸਮਾਜ ਸੇਵੀ ਦੀ
ਗੋਲੀਆਂ ਮਾਰ ਕੇ
ਹੱਤਿਆ ਕਰ ਦਿੱਤੀ ਸੀ–

ਇਸ, ਇੱਕ ਹੀ, ਘਟਨਾ ਨੇ
ਰਾਜਨੀਤਿਕ ਗਿਰਝਾਂ ਦੇ ਝੁੰਡਾਂ ਵਿੱਚ
ਵੱਡੀ, ਹਿਲਜੁਲ
ਪੈਦਾ ਕਰ ਦਿੱਤੀ ਸੀ

ਸਿਆਸੀ ਰੋਟੀਆਂ ਸੇਕਣ ਖਾਤਿਰ
ਰੰਗ–ਬਰੰਗੀਆਂ, ਗਿਰਝਾਂ ਦੇ ਝੁੰਡ
ਪਿੰਡਾਂ, ਸ਼ਹਿਰਾਂ, ਕਸਬਿਆਂ, ਵਿੱਚ
ਥਾਂ ਥਾਂ, ਲਾਸ਼ਾਂ ਲੱਭਦੇ ਫਿਰਦੇ ਸਨ

ਧਰਮੀ ਰਾਜਨੀਤੀ ਦੀਆਂ ਗਿਰਝਾਂ ਦੇ ਇੱਕ ਝੁੰਡ ਨੇ
ਆਪਣੀ, ਰਾਜਨੀਤੀ ਚਮਕਾਉਣ ਲਈ
ਮਾਰੇ ਗਏ, ਸਮਾਜ ਸੇਵੀ ਨੂੰ
'ਕੌਮੀ ਸ਼ਹੀਦ' ਐਲਾਨ ਦਿੱਤਾ ਸੀ

ਗਿਰਝਾਂ ਦੇ ਇੱਕ ਹੋਰ ਝੁੰਡ ਨੇ
ਐਲਾਨ ਦਿੱਤਾ ਸੀ:
ਮਰਨ ਵਾਲਾ, ਇਹ, ਵਿਅਕਤੀ, ਤਾਂ
ਮਹਾਂਭਾਰਤ ਦੀ ਜੰਗ ਦਾ, ਕੋਈ
ਮਹਾਨ ਯੋਧਾ ਸੀ, ਜਿਸਦੇ ਸੁਭਾਅ ਵਿੱਚੋਂ

ਗੀਤਾ ਦੇ ਗਿਆਨ ਦਾ ਝਲਕਾਰਾ ਮਿਲਦਾ ਸੀ
ਗਿਆਨ, ਜੋ, ਕੁਰੂਕਸ਼ੇਤਰਾ ਦੇ ਯੁੱਧ ਮੈਦਾਨ ਵਿੱਚ
ਕ੍ਰਿਸ਼ਨ ਨੇ ਅਰਜੁਨ ਨੂੰ ਦਿੱਤਾ ਸੀ

ਗਿਰਝਾਂ ਦੇ ਇੱਕ ਹੋਰ ਝੁੰਡ ਨੇ
ਐਲਾਨ ਦਿੱਤਾ ਸੀ:
ਮਰਨ ਵਾਲਾ, ਇਹ, ਵਿਅਕਤੀ, ਤਾਂ
ਚਮਕੌਰ ਦੀ ਗੜ੍ਹੀ ਵਿੱਚ
ਲੱਖਾਂ ਮੁਗਲਾਂ ਨਾਲ ਲੜਦਾ ਹੋਇਆ
ਸ਼ਹੀਦ ਹੋਣ ਵਾਲਾ, ਕੋਈ
ਬਹਾਦਰ ਸਿੱਖ ਯੋਧਾ ਸੀ

ਗਿਰਝਾਂ ਦੇ ਇੱਕ ਹੋਰ ਝੁੰਡ ਨੇ
ਐਲਾਨ ਦਿੱਤਾ ਸੀ:
ਮਰਨ ਵਾਲਾ, ਇਹ, ਵਿਅਕਤੀ, ਤਾਂ
ਅੱਜ ਦੇ ਸਮੇਂ ਦਾ, ਕੋਈ
ਮਹਾਨ ਕ੍ਰਾਂਤੀਕਾਰੀ ਸ਼ਹੀਦ ਭਗਤ ਸਿੰਘ ਸੀ

ਗਿਰਝਾਂ ਦੇ ਇੱਕ ਹੋਰ ਝੁੰਡ ਨੇ
ਐਲਾਨ ਦਿੱਤਾ ਸੀ:
ਮਰਨ ਵਾਲਾ, ਇਹ, ਵਿਅਕਤੀ, ਤਾਂ
ਕੋਈ, ਸੰਤ ਭਿੰਡਰਾਂਵਾਲਾ ਸੂਰਮਾ ਸੀ

ਪਰ, ਇਨ੍ਹਾਂ, ਗਿਰਝਾਂ ਵਿੱਚ
ਕਿਸੀ ਇੱਕ ਵਿੱਚ ਵੀ
ਇਹ ਗੱਲ ਕਹਿਣ ਦੀ
ਹਿੰਮਤ ਨਹੀਂ ਸੀ–
ਇਹ, ਅੱਖੜ, ਬੰਦਾ, ਤਾਂ
ਆਪ, ਮੌਤ ਨੂੰ

ਆਵਾਜ਼ਾਂ ਮਾਰਨ ਲਈ
ਆਪ ਹੀ, ਮੌਤ ਦੇ ਬੂਹੇ ਉੱਤੇ
ਜਾ ਢੁੱਕਿਆ ਸੀ

ਇਹ, ਤਾਂ, ਆਪ ਹੀ
ਜ਼ਖਮੀ ਹੋਏ, ਜ਼ਹਿਰੀ ਫਨੀਅਰ ਸੱਪ ਨੂੰ
ਲਲਕਾਰੇ ਮਾਰਦਾ ਫਿਰਦਾ ਸੀ

ਗਿਰਝਾਂ ਦੇ, ਇਸ ਮੇਲੇ ਵਿਚ
–ਆਰ.ਐੱਸ. ਐਸ.
–ਭਾਜਪਾ
–ਕਾਂਗਰਸੀ
–ਅਕਾਲੀ
–ਕਮਿਊਨਿਸਟ
–ਵਾਰਿਸ ਪੰਜਾਬ
ਦੇ ਰਾਜਨੀਤਿਕ ਝੰਡਾਬਰਦਾਰ
ਮੌਕਾਪ੍ਰਸਤੀ ਦੇ ਮੁਖੌਟੇ
ਆਪਣੇ, ਚਿਹਰਿਆਂ ਉੱਤੇ ਪਾਈ
ਅੱਖਾਂ 'ਚੋਂ, ਮਗਰਮੱਛੀ ਹੰਝੂ
ਵਹਾ ਰਹੇ ਸਨ–

ਰਾਜਨੀਤਿਕ ਕੁਰਸੀਆਂ ਲਈ
ਆਪਣੇ, ਮੂੰਹਾਂ 'ਚੋਂ
ਲਾਲਾਂ ਸੁੱਟ ਰਹੇ ਸਨ
■

(ਮਾਲਟਨ, ਅਕਤੂਬਰ 17, 2026)